6-APRIL-PAGE-1.qxd 4/5/2023 10:24 PM Page 1

ਵੀਰਵਾਰ, 6 ਅਪ੍ਰੈਲ, 2023
24 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 305

# ਨਵਾਂ ਜ਼ਮਾਨਾ

DAILY NAWAN ZAMANA • THURSDAY, 6 APRIL, 2023 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬੁਖਾਰੀ ਨੂੰ ਜ਼ੈੱਡ ਪਲੱਸ ਸੁਰੱਖਿਆ



**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਦੀ ਅਪਨੀ ਪਾਰਟੀ ਦੇ ਪ੍ਰਧਾਨ ਅਲਤਾਫ ਬੁਖਾਰੀ ਲਈ ਜ਼ੈੱਡ ਪਲੱਸ ਸ਼੍ਰੇਣੀ ਦੀ ਸੁਰੱਖਿਆ ਮਨਜ਼ੂਰ ਕਰ ਦਿੱਤੀ ਹੈ। ਸੂਤਰਾਂ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਥਿਆਰਬੰਦ ਕਮਾਂਡੋਜ਼ ਦਾ ਕਵਰ ਮਨਜ਼ੂਰ ਕੀਤਾ ਹੈ, ਜੋ ਸੀ ਆਰ ਪੀ ਐੱਫ ਅਤੇ ਜੰਮੂ-ਕਸ਼ਮੀਰ ਪੁਲਸ ਵੱਲੋਂ ਸਾਂਝੇ ਤੌਰ 'ਤੇ ਮੁਹੱਈਆ ਕਰਵਾਇਆ ਜਾਵੇਗਾ।

## ਅਰੁਣਾਚਲ ਭਾਰਤ ਦਾ : ਅਮਰੀਕਾ

**ਵਾਸ਼ਿੰਗਟਨ** : ਅਮਰੀਕਾ ਨੇ ਕਿਹਾ ਹੈ ਕਿ ਉਹ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਮੰਨਦਾ ਹੈ ਅਤੇ ਸਥਾਨਕ ਖੇਤਰਾਂ ਦਾ ਨਾਂਅ ਬਦਲਣ ਦੀ ਕਿਸੇ ਵੀ ਇਕਪਾਸੜ ਕੋਸ਼ਿਸ਼ ਦਾ ਸਖਤ ਵਿਰੋਧ ਕਰਦਾ ਹੈ। ਅਮਰੀਕਾ ਦੀ ਇਹ ਪ੍ਰਤੀਕਿਰਿਆ ਅਜਿਹੇ ਸਮੇਂ 'ਚ ਆਈ ਹੈ, ਜਦੋਂ ਚੀਨ ਦੇ ਨਾਗਰਿਕ ਮਾਮਲਿਆਂ ਦੇ ਮੰਤਰਾਲੇ ਨੇ ਐਤਵਾਰ ਅਰੁਣਾਚਲ ਪ੍ਰਦੇਸ਼ 'ਚ 11 ਸਥਾਨਾਂ ਦੇ ਪ੍ਰਮਾਣਿਤ ਨਾਂਅ ਜਾਰੀ ਕੀਤੇ ਹਨ। ਚੀਨ ਇਸ ਖੇਤਰ ਨੂੰ ਦੱਖਣੀ ਤਿੱਬਤ ਦਾ ਹਿੱਸਾ ਮੰਨਦਾ ਹੈ।

## ਬਾਰਾਮੂਲਾ ਥਾਣੇ 'ਚੋਂ ਦੋ ਮੁਲਜ਼ਮ ਫਰਾਰ

**ਸ੍ਰੀਨਗਰ** : ਬਾਰਾਮੂਲਾ ਜ਼ਿਲ੍ਹੇ 'ਚ ਅੱਤਵਾਦ ਨਾਲ ਜੁੜੇ ਮਾਮਲੇ ਦੇ ਦੋ ਮੁਲਜ਼ਮ ਪੁਲਸ ਹਿਰਾਸਤ 'ਚੋਂ ਫਰਾਰ ਹੋ ਗਏ। ਦੋਵਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀ ਨੇ ਦੱਸਿਆ—ਬਾਰਾਮੂਲਾ ਥਾਣੇ 'ਚੋਂ ਦੋ ਮੁਲਜ਼ਮ ਬੁੱਧਵਾਰ ਤੜਕੇ ਫਰਾਰ ਹੋ ਗਏ।

## ਬਾਕਸਰ ਨੂੰ ਦਿੱਲੀ ਲਿਆਂਦਾ

**ਨਵੀਂ ਦਿੱਲੀ** : ਸਭ ਤੋਂ ਵੱਧ ਲੋੜੀਂਦੇ ਭਗੌੜਿਆਂ ਵਿੱਚ ਸ਼ਾਮਲ ਗੈਂਗਸਟਰ ਦੀਪਕ ਬਾਕਸਰ ਨੂੰ ਦਿੱਲੀ ਪੁਲਸ ਮੈਕਸੀਕੋ ਤੋਂ ਬੁੱਧਵਾਰ ਸਵੇਰੇ ਲੈ ਕੇ ਆਈ। ਉਸ ਨੂੰ ਮੈਕਸੀਕੋ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

## ਟਰੰਪ ਨੇ ਖੁਦ ਨੂੰ ਬੇਕਸੂਰ ਦੱਸਿਆ

**ਨਿਊ ਯਾਰਕ** : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੋਰਨ ਸਟਾਰ ਨੂੰ ਉਸ ਦਾ ਮੂੰਹ ਬੰਦ ਰੱਖਣ ਲਈ ਭੁਗਤਾਨ ਕਰਨ ਦੇ ਦੋਸ਼ ਨੂੰ ਰੱਦ ਕਰਦੇ ਹਨ ਤੇ ਉਨ੍ਹਾ ਦਾ ਇਕੋ-ਇਕ ਅਪਰਾਧ ਇਹ ਹੈ ਕਿ ਉਹ ਦੇਸ਼ ਦੀ ਉਨ੍ਹਾਂ ਅਨਸਰਾਂ ਤੋਂ ਰੱਖਿਆ ਕਰਨ ਲਈ ਵਚਨਬੱਧ ਹਨ, ਜੋ ਇਸ ਨੂੰ ਤਬਾਹ ਕਰਨਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਟਰੰਪ ਨੇ ਮੈਨਹਟਨ ਦੀ ਅਦਾਲਤ ਵਿਚ ਪੇਸ਼ੀ ਦੌਰਾਨ ਕਾਰੋਬਾਰੀ ਰਿਕਾਰਡਾਂ 'ਚ ਹੇਰਾਫੇਰੀ ਕਰਨ ਦੇ 34 ਗੰਭੀਰ ਦੋਸ਼ਾਂ ਲਈ ਆਪਣੇ ਆਪ ਨੂੰ ਬੇਕਸੂਰ ਕਰਾਰ ਦਿੱਤਾ।

## ਰੇਲ ਗੱਡੀ ਨੂੰ ਅੱਗ ਲਾਉਣ ਦਾ ਸ਼ੱਕੀ ਗ੍ਰਿਫ਼ਤਾਰ

**ਤਿਰੂਅਨੰਤਪੁਰਮ** : ਕੇਰਲਾ 'ਚ ਐਤਵਾਰ ਨੂੰ ਰੇਲ ਗੱਡੀ ਨੂੰ ਅੱਗ ਲਾਉਣ ਦੇ ਸ਼ੱਕ 'ਚ ਮਹਾਰਾਸ਼ਟਰ ਦੇ ਰਤਨਾਗਿਰੀ ਤੋਂ ਦਹਿਸ਼ਤਗਰਦੀ ਵਿਰੋਧੀ ਦਸਤੇ (ਏ ਟੀ ਐੱਸ) ਨੇ ਨੌਜਵਾਨ ਨੂੰ ਹਿਰਾਸਤ 'ਚ ਲਿਆ ਹੈ। ਉਸ ਨੂੰ ਜਲਦੀ ਹੀ ਕੇਰਲਾ ਲਿਆਂਦਾ ਜਾਵੇਗਾ। ਕੇਰਲਾ ਪੁਲਸ ਮੁਖੀ ਅਨਿਲ ਕਾਂਤ ਨੇ ਪੱਤਰਕਾਰਾਂ ਨੂੰ ਕਿਹਾ ਕਿ ਸ਼ਾਹਰੁਖ ਸੈਫੀ ਨੂੰ ਕੇਰਲਾ ਦੀ ਵਿਸ਼ੇਸ਼ ਜਾਂਚ ਟੀਮ, ਕੇਂਦਰੀ ਏਜੰਸੀਆਂ ਅਤੇ ਮਹਾਰਾਸ਼ਟਰ ਪੁਲਸ ਦੇ ਸਾਂਝੇ ਯਤਨਾਂ ਨਾਲ ਫੜਿਆ ਗਿਆ ਹੈ। ਅੱਗ ਲਾਉਣ ਕਾਰਨ 3 ਮੌਤਾਂ ਹੋ ਗਈਆਂ ਸਨ ਤੇ 9 ਜਣੇ ਜ਼ਖਮੀ ਹੋ ਗਏ ਸਨ।

## ਬਾਰ੍ਹਵੀਂ ਦੀ ਕਿਤਾਬ 'ਚੋਂ ਸੰਘ ਵਿਰੋਧੀ ਪਾਠ ਹਟਾਇਆ

**ਨਵੀਂ ਦਿੱਲੀ** : ਨੈਸ਼ਨਲ ਕੌਂਸਲ ਆਫ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ (ਐੱਨ ਸੀ ਈ ਆਰ ਟੀ) ਦੀ ਨਵੇਂ ਅਕਾਦਮਿਕ ਸੈਸ਼ਨ ਲਈ 12ਵੀਂ ਜਮਾਤ ਦੀ ਰਾਜਨੀਤੀ ਸ਼ਾਸਤਰ ਦੀ ਪਾਠ ਪੁਸਤਕ 'ਚ ਦੇਸ਼ ਦੀ ਫਿਰਕੂ ਸਥਿਤੀ 'ਤੇ ਮਹਾਤਮਾ ਗਾਂਧੀ ਦੀ ਮੌਤ ਦਾ ਪ੍ਰਭਾਵ, ਗਾਂਧੀ ਦੀ ਹਿੰਦੂ-ਮੁਸਲਿਮ ਏਕਤਾ ਦੀ ਧਾਰਨਾ ਨੇ ਹਿੰਦੂ ਕੱਟੜਪੰਥੀਆਂ ਨੂੰ ਭੜਕਾਇਆ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਵਰਗੀਆਂ ਸੰਸਥਾਵਾਂ 'ਤੇ ਕੁੱਝ ਸਮੇਂ ਲਈ ਪਾਬੰਦੀ ਸਣੇ ਕਈ ਪਾਠਾਂ ਦਾ ਜ਼ਿਕਰ ਨਹੀਂ ਹੈ। ਐੱਨ ਸੀ ਈ ਆਰ ਟੀ ਨੇ ਹਾਲਾਂਕਿ ਦਾਅਵਾ ਕੀਤਾ ਹੈ ਕਿ ਇਸ ਸਾਲ ਸਿਲੇਬਸ 'ਚ ਕੋਈ ਤਬਦੀਲੀ ਨਹੀਂ ਕੀਤੀ ਗਈ ਅਤੇ ਸਿਲੇਬਸ ਨੂੰ ਪਿਛਲੇ ਸਾਲ ਜੂਨ 'ਚ ਤਰਕਸੰਗਤ ਬਣਾਇਆ ਗਿਆ ਸੀ। ਪਿਛਲੇ ਸਾਲ ਸਿਲੇਬਸ ਨੂੰ ਤਰਕਸੰਗਤ ਬਣਾਉਣ ਲਈ ਐੱਨ ਸੀ ਈ ਆਰ ਟੀ ਨੇ ਗੁਜਰਾਤ ਦੰਗੇ, ਮੁਗਲ ਦਰਬਾਰ, ਐਮਰਜੰਸੀ, ਠੰਢੀ ਜੰਗ, ਨਕਸਲ ਅੰਦੋਲਨ ਬਾਰੇ ਕੁਝ ਭਾਗਾਂ ਨੂੰ ਪਾਠ ਪੁਸਤਕ ਵਿੱਚੋਂ ਹਟਾ ਦਿੱਤਾ ਸੀ।

## ਅੰਮ੍ਰਿਤਸਰ 'ਚ ਘਰ 'ਚ ਅੱਗ ਨਾਲ ਪਤੀ-ਪਤਨੀ ਤੇ ਪੁੱਤਰ ਦੀ ਮੌਤ

**ਅੰਮ੍ਰਿਤਸਰ** : ਥਾਣਾ ਇਸਲਾਮਾਬਾਦ ਅਧੀਨ ਰੋਜ਼ ਐਵੇਨਿਊ 'ਚ ਸ਼ਾਰਟ-ਸਰਕਟ ਕਾਰਨ ਬੁੱਧਵਾਰ ਸਵੇਰੇ ਕਰੀਬ 5 ਵਜੇ ਘਰ 'ਚ ਅੱਗ ਲੱਗ ਕਾਰਨ ਪਤੀ-ਪਤਨੀ ਤੇ ਪੁੱਤਰ ਦੀ ਮੌਤ ਹੋ ਗਈ ਤੇ ਪਰਵਾਰ ਦੇ 4 ਮੈਂਬਰ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਤਜਿੰਦਰ ਸਿੰਘ, ਉਸ ਦੀ ਪਤਨੀ ਨਰਿੰਦਰ ਕੌਰ ਅਤੇ ਪੁੱਤਰ ਦਿਲਵੰਸ਼ ਵਜੋਂ ਹੋਈ ਹੈ। ਪਰਵਾਰ ਦੇ ਚਾਰ ਮੈਂਬਰ ਸਹਿਜਪ੍ਰੀਤ ਸਿੰਘ, ਸੁਖਮਨੀ ਕੌਰ, ਵਿੱਕੀ ਅਤੇ ਕਿਰਨ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ।

# ਅਜਿਹੇ ਸਿਸਟਮ ਦੀ ਆਗਿਆ ਨਹੀਂ ਦੇ ਸਕਦੇ ਕਿ ਪ੍ਰੈੱਸ ਸਰਕਾਰ ਦੀ ਹਮਾਇਤ ਹੀ ਕਰੇ : ਸੁਪਰੀਮ ਕੋਰਟ

### ਮਲਿਆਲਮ ਨਿਊਜ਼ ਚੈਨਲ 'ਮੀਡੀਆਵਨ' ਉੱਤੇ ਕੌਮੀ ਸੁਰੱਖਿਆ ਦੀ ਓਟ 'ਚ ਰੋਕ ਲਾਉਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਦੀ ਖਿਚਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮਲਿਆਲਮ ਨਿਊਜ਼ ਚੈਨਲ 'ਮੀਡੀਆਵਨ' ਉੱਤੇ ਕੇਂਦਰ ਸਰਕਾਰ ਵੱਲੋਂ ਲਾਈ ਰੋਕ ਹਟਾਉਣ ਦਾ ਹੁਕਮ ਦਿੰਦਿਆਂ ਇਸ ਮਾਮਲੇ 'ਚ ਕੌਮੀ ਸੁਰੱਖਿਆ ਦਾ ਹਊਆ ਖੜ੍ਹਾ ਕਰਕੇ ਸਕਿਉਰਟੀ ਕਲੀਅਰੈਂਸ ਨਾ ਦੇਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਦੀ ਖਿਚਾਈ ਕੀਤੀ। ਇਸ ਦੇ ਨਾਲ ਹੀ ਚੈਨਲ ਦਾ ਲਸੰਸ ਚਾਰ ਹਫਤਿਆਂ 'ਚ ਨਵਿਆਉਣ ਦਾ ਹੁਕਮ ਵੀ ਦਿੱਤਾ।

ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਬੁੱਧਵਾਰ ਸੁਰੱਖਿਆ ਦੇ ਆਧਾਰ 'ਤੇ 'ਮੀਡੀਆਵਨ' ਦੇ ਪ੍ਰਸਾਰਨ 'ਤੇ ਪਾਬੰਦੀ ਲਗਾਉਣ ਦੇ ਕੇਂਦਰ ਦੇ ਫੈਸਲੇ ਨੂੰ ਬਰਕਰਾਰ ਰੱਖਣ ਵਾਲੇ ਕੇਰਲਾ ਹਾਈ ਕੋਰਟ ਦੇ ਆਦੇਸ਼ ਨੂੰ ਰੱਦ ਕਰ ਦਿੱਤਾ।

ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਦਲੀਲ ਦਿੱਤੀ ਕਿ ਇੰਟੈਲੀਜੈਂਸ ਬਿਊਰੋ ਤੋਂ ਮਿਲੇ ਇਨਪੁਟ ਤੋਂ ਬਾਅਦ ਚੈਨਲ ਨੂੰ ਸਕਿਉਰਟੀ ਕਲੀਅਰੈਂਸ ਨਹੀਂ ਦਿੱਤੀ ਗਈ। ਬੈਂਚ ਨੇ ਕਿਹਾ ਕਿ ਚੈਨਲ ਦੇ ਲਸੰਸ ਦਾ ਨਵੀਨੀਕਰਨ ਰੋਕਣਾ ਪ੍ਰਗਟਾਵੇ ਦੀ ਆਜ਼ਾਦੀ 'ਤੇ ਛਾਪਾ ਹੈ। ਅਜਿਹਾ ਸਿਰਫ ਆਰਟੀਕਲ 19 (2) ਦੇ ਆਧਾਰ 'ਤੇ ਹੀ ਕੀਤਾ ਜਾ ਸਕਦਾ ਹੈ। ਬੈਂਚ ਨੇ ਕਿਹਾ—ਸਾਡੇ ਸਾਹਮਣੇ ਅਜਿਹਾ ਕੁਝ ਵੀ ਨਹੀਂ ਹੈ, ਜਿਸ ਦੇ ਆਧਾਰ 'ਤੇ ਚੈਨਲ ਦਾ ਦਹਿਸ਼ਤਗਰਦਾਂ ਨਾਲ ਕੁਨੈਕਸ਼ਨ ਜੋੜਿਆ ਜਾਏ। ਸਿਰਫ ਹਵਾ ਵਿਚ ਹੀ ਕੌਮੀ ਸੁਰੱਖਿਆ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਅਜਿਹੀ ਕੋਈ ਸਮਗਰੀ ਪੇਸ਼ ਨਹੀਂ ਕੀਤੀ ਗਈ, ਜਿਹੜੀ ਕੌਮੀ ਸੁਰੱਖਿਆ ਵਿਰੁੱਧ ਹੋਵੇ ਜਾਂ ਸਰਵਜਨਕ ਵਿਵਸਥਾ ਲਈ ਖਤਰਾ ਹੋਵੇ।

ਬੈਂਚ ਨੇ ਅੱਗੇ ਕਿਹਾ—ਕਿਸੇ ਨੂੰ ਉਸ ਦੇ ਅਧਿਕਾਰਾਂ ਤੋਂ ਵਿਰਵੇ ਕਰਨ ਲਈ ਕੌਮੀ ਸੁਰੱਖਿਆ ਨੂੰ ਮੁੱਦਾ ਨਹੀਂ ਬਣਾਇਆ ਜਾ ਸਕਦਾ। ਇਸ ਮਾਮਲੇ 'ਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਬਿਨਾਂ ਗੰਭੀਰਤਾ ਵਰਤੇ ਬਹੁਤ ਜਲਦਬਾਜ਼ੀ ਵਿਚ ਕਦਮ ਚੁੱਕਿਆ।

ਆਪਣੇ ਫੈਸਲੇ 'ਚ ਬੈਂਚ ਨੇ ਕਿਹਾ—ਅਜਿਹਾ ਕੋਈ ਸਿਸਟਮ ਬਣਾਉਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਕਿ ਪ੍ਰੈੱਸ ਨੂੰ ਸਰਕਾਰ ਦੀ ਹਮਾਇਤ ਹੀ ਕਰਨੀ ਚਾਹੀਦੀ ਹੈ। ਜੇ ਕੋਈ ਨਿਊਜ਼ ਚੈਨਲ ਸਰਕਾਰ ਦੀ ਅਲੋਚਨਾ ਕਰ ਰਿਹਾ ਹੈ ਤਾਂ ਇਸ ਆਧਾਰ 'ਤੇ ਉਸ ਦਾ ਲਸੰਸ ਨਹੀਂ ਰੋਕਿਆ ਜਾ ਸਕਦਾ। ਸਰਕਾਰੀ ਨੀਤੀਆਂ ਖਿਲਾਫ ਚੈਨਲ ਦੇ ਆਲੋਚਨਾਤਮਕ ਵਿਚਾਰਾਂ ਨੂੰ ਦੇਸ਼ ਵਿਰੋਧੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਮਜ਼ਬੂਤ ਜਮਹੂਰੀਅਤ ਲਈ ਆਜ਼ਾਦ ਪ੍ਰੈੱਸ ਜ਼ਰੂਰੀ ਹੈ। ਇਕ ਜਮਹੂਰੀ ਦੇਸ਼ ਵਿਚ ਸਹੀ ਤੇ ਮਜ਼ਬੂਤ ਤਰੀਕੇ ਨਾਲ ਕੰਮਕਾਜ ਹੋਵੇ, ਇਸ ਲਈ ਪ੍ਰੈੱਸ ਨੂੰ ਆਜ਼ਾਦੀ ਮਿਲਣੀ ਜ਼ਰੂਰੀ ਹੈ। ਇਕ ਜਮਹੂਰੀ ਸਮਾਜ ਦੇ ਗਠਨ ਵਿਚ ਪ੍ਰੈੱਸ ਦਾ ਰੋਲ ਬਹੁਤ ਅਹਿਮ ਹੁੰਦਾ ਹੈ, ਕਿਉਂਕਿ ਇਹ ਸਿੱਧੇ ਤੌਰ 'ਤੇ ਸਰਕਾਰ ਦੇ ਕੰਮਕਾਜ ਨੂੰ ਸਾਹਮਣੇ ਲਿਆਉਂਦੀ ਹੈ।

ਸੁਪਰੀਮ ਕੋਰਟ ਨੇ ਕਿਹਾ—ਜਾਂਚ ਸੰਬੰਧੀ ਸਾਰੀਆਂ ਰਿਪੋਰਟਾਂ ਗੁਪਤ ਨਹੀਂ ਰੱਖੀਆਂ ਜਾ ਸਕਦੀਆਂ, ਕਿਉਂਕਿ ਇਸ ਨਾਲ ਨਾਗਰਿਕਾਂ ਦੇ ਅਧਿਕਾਰ ਤੇ ਉਨ੍ਹਾਂ ਦੀ ਆਜ਼ਾਦੀ ਵੀ ਪ੍ਰਭਾਵਤ ਹੁੰਦੀ ਹੈ। ਸਰਕਾਰ ਨੂੰ ਕਿਸੇ ਜਾਣਕਾਰੀ ਦਾ ਖੁਲਾਸਾ ਨਾ ਕਰਨ ਦੀ ਪੂਰੀ ਤਰ੍ਹਾਂ ਛੋਟ ਨਹੀਂ ਮਿਲ ਸਕਦੀ।

# ਕਾਂਗਰਸ ਦੇ ਸਾਬਕਾ ਵਿਧਾਇਕ ਸੁਸ਼ੀਲ ਕੁਮਾਰ ਰਿੰਕੂ 'ਆਪ' 'ਚ ਹੋਏ ਸ਼ਾਮਲ

### ਮੈਂ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਦੀ ਸੇਵਾ ਕਰਨ ਦੇ ਸਮਰਪਣ ਤੋਂ ਪ੍ਰਭਾਵਤ ਹਾਂ: ਰਿੰਕੂ



**ਜਲੰਧਰ (ਸੁਰਿੰਦਰ ਕੁਮਾਰ/ ਸ਼ੈਲੀ ਐਲਬਰਟ)**-ਜਲੰਧਰ ਵਿੱਚ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਵੱਡਾ ਹੁਲਾਰਾ ਮਿਲਿਆ ਹੈ। ਬੁੱਧਵਾਰ ਪ੍ਰਭਾਵਸ਼ਾਲੀ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਸੁਸ਼ੀਲ ਕੁਮਾਰ ਰਿੰਕੂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਭਗਵੰਤ ਮਾਨ, ਸੰਸਦ ਮੈਂਬਰ ਰਾਘਵ ਚੱਢਾ ਅਤੇ ਜਲੰਧਰ ਤੋਂ 'ਆਪ' ਵਿਧਾਇਕਾਂ ਦੀ ਮੌਜੂਦਗੀ 'ਚ 'ਆਪ' 'ਚ ਸ਼ਾਮਲ ਹੋ ਗਏ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ 'ਆਪ' ਪਰਵਾਰ 'ਚ ਸੁਸ਼ੀਲ ਕੁਮਾਰ ਰਿੰਕੂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ ਅਤੇ ਬਾਅਦ 'ਚ ਮੀਡੀਆ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ 'ਆਪ' ਪਰਵਾਰ ਦਿਨੋ-ਦਿਨ ਵਧ-ਫੁੱਲ ਰਿਹਾ ਹੈ ਅਤੇ ਹੋਰ ਮਜ਼ਬੂਤ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਜੋ ਲੋਕ ਦੇਸ਼ ਅਤੇ ਦੇਸ ਦੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ, ਉਨ੍ਹਾਂ ਦਾ 'ਆਪ' ਪਰਵਾਰ 'ਚ ਹਮੇਸ਼ਾ ਸਵਾਗਤ ਹੈ। ਇੱਕ ਵੱਡੇ ਪਰਵਾਰ ਨਾਲ ਅਸੀਂ ਲੋਕਾਂ ਦੀ ਬਿਹਤਰ ਸੇਵਾ ਕਰ ਸਕਾਂਗੇ। ਅਰਵਿੰਦ ਕੇਜਰੀਵਾਲ ਕ੍ਰਾਂਤੀਕਾਰੀ ਮੁੱਖ ਮੰਤਰੀ ਹਨ ਅਤੇ ਸਾਡੇ ਦੇਸ਼ ਦੇ 130 ਕਰੋੜ ਲੋਕਾਂ ਲਈ ਉਮੀਦ ਦੀ ਕਿਰਨ ਹਨ।

ਜਲੰਧਰ ਦੇ ਵੋਟਰਾਂ ਨੂੰ 'ਆਪ' ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਮਾਨ ਨੇ ਕਿਹਾ ਕਿ ਪਹਿਲਾਂ ਮਾਲਵੇ ਨੂੰ ਇਹ ਮਾਣ ਹਾਸਲ ਹੋਇਆ ਸੀ, ਹੁਣ ਆਮ ਲੋਕਾਂ ਦੀ ਆਵਾਜ਼ ਨੂੰ ਪਾਰਲੀਮੈਂਟ ਤੱਕ ਪਹੁੰਚਾਉਣ ਦੀ ਵਾਰੀ ਦੋਆਬੇ ਦੀ ਹੈ। ਅਰਵਿੰਦ ਕੇਜਰੀਵਾਲ ਨੇ ਸੁਸ਼ੀਲ ਕੁਮਾਰ ਰਿੰਕੂ ਦਾ ਆਮ ਆਦਮੀ ਪਾਰਟੀ 'ਚ ਸਵਾਗਤ ਕੀਤਾ ਅਤੇ ਪੰਜਾਬ ਵਿੱਚ ਮਾਨ ਸਰਕਾਰ ਦੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ 'ਆਪ' ਸਰਕਾਰ ਤੋਂ ਪਹਿਲਾਂ ਪੰਜਾਬ 'ਚ ਰਾਜੇ-ਮਹਾਰਾਜਿਆਂ ਦੀਆਂ ਸਰਕਾਰਾਂ ਸਨ, ਪਰ ਹੁਣ ਪੰਜਾਬ 'ਚ ਆਮ ਲੋਕਾਂ ਦੇ ਦਰਦ ਨੂੰ ਸਮਝਣ ਵਾਲੀ ਸਰਕਾਰ ਹੈ। 'ਆਪ' ਸਰਕਾਰ ਪੰਜਾਬ ਦੇ ਵਿਦਿਆਰਥੀਆਂ, ਕਿਸਾਨਾਂ ਅਤੇ ਨੌਜਵਾਨਾਂ ਦੀ ਸਰਕਾਰ ਹੈ।

ਕੇਜਰੀਵਾਲ ਨੇ ਕਿਹਾ ਕਿ ਅਸੀਂ ਅੱਜ ਪੰਜਾਬ ਨੂੰ ਸਿਹਤਮੰਦ ਬਣਾਉਣ ਲਈ 'ਸੀ ਐੱਮ ਦੀ ਯੋਗਸ਼ਾਲਾ' ਦੀ ਸ਼ੁਰੂਆਤ ਕੀਤੀ ਹੈ। ਪੰਜਾਬ

● ਬਾਕੀ ਸਫ਼ਾ 2 'ਤੇ

# ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਖਿਲਾਫ ਪਟੀਸ਼ਨ ਨਾਕਾਮਯਾਬ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਈ ਡੀ, ਸੀ ਬੀ ਆਈ ਸਣੇ ਹੋਰ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਦੋਸ਼ ਲਗਾਉਣ ਵਾਲੀ 14 ਵਿਰੋਧੀ ਪਾਰਟੀਆਂ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਬੁੱਧਵਾਰ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਕਿਹਾ—ਕਿਸੇ ਵਿਸ਼ੇਸ਼ ਕੇਸ ਦੇ ਤੱਥਾਂ ਨੂੰ ਜਾਣੇ ਬਿਨਾਂ ਆਮ ਦਿਸ਼ਾ-ਨਿਰਦੇਸ਼ ਤੈਅ ਕਰਨਾ ਸੰਭਵ ਨਹੀਂ ਹੈ। ਇਸ ਲਈ ਜਦੋਂ ਤੁਹਾਡੇ ਕੋਲ ਨਿੱਜੀ ਅਪਰਾਧਿਕ ਕੇਸ ਜਾਂ ਕਈ ਕੇਸ ਹੋਣ ਤਾਂ ਸਾਡੇ ਕੋਲ ਵਾਪਸ ਆਓ।

ਸੁਪਰੀਮ ਕੋਰਟ ਦੀ ਇਸ ਟਿੱਪਣੀ ਤੋਂ ਬਾਅਦ ਪਾਰਟੀਆਂ ਨੇ ਆਪਣੀ ਪਟੀਸ਼ਨ ਵਾਪਸ ਲੈ ਲਈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਇਹ ਵੀ ਕਿਹਾ—ਜਦੋਂ ਤੁਸੀਂ ਕਹਿੰਦੇ ਹੋ ਕਿ ਆਪੋਜ਼ੀਸ਼ਨ ਦਾ ਮਹੱਤਵ ਘੱਟ ਰਿਹਾ ਹੈ ਤਾਂ ਇਸ ਦਾ ਇਲਾਜ ਸਿਆਸਤ 'ਚ ਹੀ ਹੈ, ਕੋਰਟ 'ਚ ਨਹੀਂ। ਤੱਥਾਂ ਦੀ ਕਮੀ 'ਚ ਆਮ ਦਿਸ਼ਾ-ਨਿਰਦੇਸ਼ ਜਾਰੀ ਕਰਨਾ ਖਤਰਨਾਕ ਹੋਵੇਗਾ।

ਕਾਂਗਰਸ ਦੀ ਅਗਵਾਈ 'ਚ 14 ਆਪੋਜ਼ੀਸ਼ਨ ਪਾਰਟੀਆਂ ਨੇ ਕੇਂਦਰੀ ਏਜੰਸੀਆਂ ਦੀ ਮਨਮਰਜ਼ੀ ਨਾਲ ਵਰਤੋਂ ਦਾ ਦੋਸ਼ ਲਾਉਂਦਿਆਂ ਗ੍ਰਿਫਤਾਰੀਆਂ, ਰਿਮਾਂਡ ਤੇ ਜ਼ਮਾਨਤ ਨੂੰ ਲੈ ਕੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਸੀ।

ਆਪੋਜ਼ੀਸ਼ਨ ਦੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਦਲੀਲ ਦਿੱਤੀ ਸੀ ਕਿ 2013-14 ਤੋਂ ਲੈ ਕੇ 2021-22 ਤੱਕ ਸੀ ਬੀ ਆਈ ਤੇ ਈ ਡੀ ਦੇ ਮਾਮਲਿਆਂ 'ਚ 600 ਫੀਸਦੀ ਦਾ ਵਾਧਾ ਹੋਇਆ ਹੈ। ਈ ਡੀ ਨੇ 121 ਆਗੂਆਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 95 ਫੀਸਦੀ ਆਪੋਜ਼ੀਸ਼ਨ ਪਾਰਟੀਆਂ ਦੇ ਹਨ। ਸੀ ਬੀ ਆਈ ਨੇ 124 ਆਗੂਆਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 95 ਫੀਸਦੀ ਤੋਂ ਵੱਧ ਆਪੋਜ਼ੀਸ਼ਨ ਪਾਰਟੀਆਂ ਦੇ ਹਨ।

ਇਸ 'ਤੇ ਚੀਫ ਜਸਟਿਸ ਨੇ ਪੁੱਛਿਆ ਕਿ ਕੀ ਅਸੀਂ ਇਨ੍ਹਾਂ ਅੰਕੜਿਆਂ ਦੇ ਕਾਰਨ ਕਹਿ ਸਕਦੇ ਹਾਂ ਕਿ ਕੋਈ ਜਾਂਚ ਜਾਂ ਮੁਕੱਦਮਾ ਨਹੀਂ ਹੋਣਾ ਚਾਹੀਦਾ? ਕੀ ਇਹ ਬਚਾਅ ਦਾ ਕਾਰਨ ਹੋ ਸਕਦਾ ਹੈ? ਇਕ ਸਿਆਸੀ ਪਾਰਟੀ ਦਾ ਆਗੂ ਮੂਲ ਰੂਪ 'ਚ ਇਕ ਨਾਗਰਿਕ ਹੁੰਦਾ ਹੈ ਤੇ ਨਾਗਰਿਕਾਂ ਦੇ ਰੂਪ ਵਿਚ ਅਸੀਂ ਸਭ ਇਕ ਹੀ ਕਾਨੂੰਨ ਦੇ ਅਧੀਨ ਹਾਂ। ਚੀਫ ਜਸਟਿਸ ਨੇ ਸਿੰਘਵੀ ਨੂੰ ਪੁੱਛਿਆ ਕਿ ਕੀ ਉਹ ਆਪੋਜ਼ੀਸ਼ਨ ਆਗੂਆਂ ਲਈ ਸੁਰੱਖਿਆ ਜਾਂ ਛੋਟ ਮੰਗ ਰਹੇ ਹਨ ਜਾਂ ਕਾਨੂੰਨ ਦੀ ਨਿਰਪੱਖਤਾ ਚਾਹੁੰਦੇ ਹਨ। ਉਨ੍ਹਾ ਕਿਹਾ ਕਿ ਪਟੀਸ਼ਨ ਵਿਚ ਅਜਿਹੀ ਕੋਈ ਗੱਲ ਨਹੀਂ ਕਿ ਕੇਂਦਰੀ ਏਜੰਸੀਆਂ ਦੀ ਕਾਰਵਾਈ ਨਾਲ ਆਮ ਨਾਗਰਿਕ ਪ੍ਰਭਾਵਤ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਸਿੰਘਵੀ ਆਪਣੀਆਂ ਚਿੰਤਾਵਾਂ ਨੂੰ ਸੰਸਦ 'ਚ ਉਠਾ ਸਕਦੇ ਹਨ।

ਇਸ ਦੇ ਬਾਅਦ ਸਿੰਘਵੀ ਨੇ ਪਟੀਸ਼ਨ ਵਾਪਸ ਲੈ ਲਈ ਤੇ ਕਿਹਾ ਕਿ ਸੱਤਾ ਦੀ ਦੁਰਵਰਤੋਂ ਨੂੰ ਲੈ ਕੇ ਜਦੋਂ ਉਨ੍ਹਾ ਕੋਲ ਮਜ਼ਬੂਤ ਤੱਥ ਹੋਣਗੇ ਤਾਂ ਉਹ ਫਿਰ ਕੋਰਟ 'ਚ ਆਉਣਗੇ।

# 'ਸੀ ਐੱਮ ਦੀ ਯੋਗਸ਼ਾਲਾ' ਦਾ ਆਗਾਜ਼



**ਪਟਿਆਲਾ, ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਮਾਨ ਨੇ ਉਮੀਦ ਪ੍ਰਗਟਾਈ ਹੈ ਕਿ 'ਸੀ ਐੱਮ ਦੀ ਯੋਗਸ਼ਾਲਾ' ਸਿਹਤਮੰਦ, ਗਤੀਸ਼ੀਲ, ਖ਼ੁਸ਼ਹਾਲ ਤੇ ਪ੍ਰਗਤੀਸ਼ੀਲ ਪੰਜਾਬ ਦੀ ਸਿਰਜਣਾ ਲਈ ਮੀਲ ਦਾ ਪੱਥਰ ਸਾਬਤ ਹੋਵੇਗੀ। ਇਸ ਪ੍ਰੋਗਰਾਮ 'ਸੀ ਐੱਮ ਦੀ ਯੋਗਸ਼ਾਲਾ' ਲਈ ਪੋਰਟਲ ਜਾਰੀ ਕਰਨ ਮਗਰੋਂ ਇਕੱਠ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਨਾਗਰਿਕ ਪੱਖੀ ਇਹ ਅਹਿਮ ਪ੍ਰਾਜੈਕਟ ਦਿੱਲੀ ਦੇ ਮੁੱਖ ਮੰਤਰੀ ਦੇ ਮਨ ਦੀ ਉਪਜ ਹੈ ਅਤੇ ਇਸ ਨੇ ਲੋਕਾਂ ਵਿਚਾਲੇ ਕਾਫ਼ੀ ਮਕਬੂਲੀਅਤ ਹਾਸਲ ਕੀਤੀ ਹੈ। ਉਨ੍ਹਾ ਕਿਹਾ ਕਿ ਇਸ ਲੋਕ-ਪੱਖੀ ਪਹਿਲਕਦਮੀ ਦਾ ਕੌਮੀ ਰਾਜਧਾਨੀ ਦੀ ਵੱਡੀ ਗਿਣਤੀ ਜਨਤਾ ਲਾਭ ਲੈ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਸਿਰਫ਼ ਪੰਜਾਬ ਨੇ ਇਸ ਸਕੀਮ ਨੂੰ ਸੂਬੇ ਵਿੱਚ ਲਾਗੂ ਕੀਤਾ ਹੈ, ਤਾਂ ਕਿ ਹਰੇਕ ਪੰਜਾਬੀ ਨੂੰ ਇਸ ਦਾ ਲਾਭ ਮਿਲਣਾ ਯਕੀਨੀ ਬਣਾਇਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਮੁਫ਼ਤ ਵਿੱਚ ਯੋਗ ਸਿਖਲਾਈ ਲੈਣ ਲਈ ਲੋਕ ਟੋਲ ਫਰੀ ਨੰਬਰ 76694-00500 ਜਾਂ https://cmdiyogshala.punjab.gov.in ਉਤੇ ਲਾਗਇਨ ਕਰ ਸਕਦੇ ਹਨ। ਉਨ੍ਹਾ ਮੀਲ ਦਾ ਪੱਥਰ ਸਾਬਤ ਹੋਣ ਵਾਲੇ ਇਸ ਕਦਮ ਨੂੰ ਸਿਹਤਮੰਦ ਤੇ ਖ਼ੁਸ਼ਹਾਲ ਪੰਜਾਬ ਦੀ ਸਿਰਜਣਾ ਲਈ ਲੋਕ ਲਹਿਰ ਪੈਦਾ ਕਰਨ ਦਾ ਸਬੱਬ ਦੱਸਿਆ। ਉਨ੍ਹਾ ਆਸ ਪ੍ਰਗਟਾਈ ਕਿ ਭਾਰਤ ਦੀ ਇਸ ਸ਼ਾਨਾਮੱਤੀ ਪੁਰਾਣੀ

● ਬਾਕੀ ਸਫ਼ਾ 2 'ਤੇ

## ਕੋਰੋਨਾ ਦੇ ਵਧਦੇ ਕੇਸਾਂ ਕਰਕੇ ਸੁਪਰੀਮ ਕੋਰਟ ਵਰਚੂਅਲ ਸੁਣਵਾਈ ਲਈ ਰਾਜ਼ੀ

**ਨਵੀਂ ਦਿੱਲੀ** : ਭਾਰਤ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਬੁੱਧਵਾਰ ਕਿਹਾ ਕਿ ਕੋਰੋਨਾ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਸੁਪਰੀਮ ਕੋਰਟ ਵੀਡੀਓ ਕਾਨਫਰੰਸ ਰਾਹੀਂ ਵਕੀਲਾਂ ਦੀਆਂ ਦਲੀਲਾਂ ਸੁਣਨ ਲਈ ਤਿਆਰ ਹੈ। ਚੀਫ ਜਸਟਿਸ ਚੰਦਰਚੂੜ ਅਤੇ ਜਸਟਿਸ ਜੇ ਬੀ ਪਾਰਦੀਵਾਲਾ ਨੇ ਕਿਹਾ ਕਿ ਅਦਾਲਤ ਵਕੀਲਾਂ ਨੂੰ ਹਾਈਬ੍ਰਿਡ ਮੋਡ (ਅਹਾਤੇ ਵਿਚ ਜਾਂ ਆਨਲਾਈਨ ਮੋਡ ਰਾਹੀਂ) ਪੇਸ਼ ਹੋਣ ਦੀ ਇਜਾਜ਼ਤ ਦੇਣ ਲਈ ਤਿਆਰ ਹੈ। ਚੀਫ ਜਸਟਿਸ ਨੇ ਕਿਹਾ ਕਿ ਉਹ ਵਕੀਲਾਂ ਦੀਆਂ ਦਲੀਲਾਂ ਵੀਡੀਓ ਕਾਨਫਰੰਸ ਰਾਹੀਂ ਸੁਣ ਸਕਦੇ ਹਨ।

ਇਸੇ ਦੌਰਾਨ ਇਕ ਦਿਨ ਵਿਚ ਕੋਰੋਨਾ ਦੇ 4435 ਨਵੇਂ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਦੇਸ਼ ਵਿਚ ਮਰੀਜ਼ਾਂ ਦੀ ਗਿਣਤੀ 4,47,33,719 ਹੋ ਗਈ। ਇਹ ਪਿਛਲੇ 163 ਦਿਨਾਂ 'ਚ ਰੋਜ਼ਾਨਾ ਰਿਪੋਰਟ ਕੀਤੇ ਗਏ ਕੇਸਾਂ ਦੀ ਸਭ ਤੋਂ ਵੱਧ ਗਿਣਤੀ ਹੈ। ਪਿਛਲੇ ਸਾਲ 25 ਸਤੰਬਰ ਨੂੰ 4,777 ਮਾਮਲੇ ਸਾਹਮਣੇ ਆਏ ਸਨ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ ਵਾਇਰਸ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 5,30,916 ਹੋ ਗਈ ਹੈ।

## ਪੀ ਆਰ ਟੀ ਸੀ ਕਾਮਿਆਂ ਨੂੰ ਬਕਾਇਆਂ ਦੀ ਅੰਸ਼ਕ ਅਦਾਇਗੀ ਮਨਜ਼ੂਰ ਨਹੀਂ ਹੋਵੇਗੀ

**ਪਟਿਆਲਾ** : ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਵਿੱਚ ਸ਼ਾਮਲ 6 ਜਥੇਬੰਦੀਆਂ ਸੰਬੰਧਤ ਏਟਕ, ਇੰਟਕ, ਕਰਮਚਾਰੀ ਦਲ, ਐੱਸ ਸੀ ਬੀ ਸੀ, ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਦੀ ਇੱਕ ਹੰਗਾਮੀ ਮੀਟਿੰਗ ਬੁੱਧਵਾਰ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਐਕਸ਼ਨ ਕਮੇਟੀ ਦੇ ਮੈਂਬਰਾਂ ਬਲਦੇਵ ਰਾਜ ਬੱਤਾ, ਬਿਕਰਮਜੀਤ ਸ਼ਰਮਾ, ਰਕੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਉਤਮ ਸਿੰਘ ਬਾਗੜੀ ਹਾਜ਼ਰ ਸਨ। ਮੀਟਿੰਗ 'ਚ ਵਰਕਰਾਂ ਦੇ ਸਾਲਾਂਬੱਧੀ ਸਮੇਂ ਤੋਂ ਬਕਾਇਆ ਰਹਿੰਦੇ 90 ਕਰੋੜ ਰੁਪਏ ਦੀ ਅਦਾਇਗੀ ਸੰਬੰਧੀ ਅਤੇ ਪੰਜਾਬ ਸਰਕਾਰ ਤੋਂ ਮੁਫਤ ਸਫਰ ਸਹੂਲਤਾਂ ਦੇ ਬਣਦੇ 300 ਕਰੋੜ ਰੁਪਏ ਵਿੱਚੋਂ ਸਿਰਫ 79 ਕਰੋੜ ਮਿਲਣ ਸੰਬੰਧੀ ਅਤੇ ਇਸ ਪੈਸੇ ਨੂੰ ਵਰਕਰਾਂ ਦੇ ਲਟਕਦੇ ਬਕਾਇਆਂ ਦੀ ਅਦਾਇਗੀ ਕਰਨ ਲਈ ਵਰਤੋਂ ਕਰਨਾ ਆਦਿ ਸੰਬੰਧੀ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ, ਕਿਉਂਕਿ ਐਕਸ਼ਨ ਕਮੇਟੀ ਨੂੰ ਭਰੋਸੇਯੋਗ ਸੂਤਰਾ ਤੋਂ ਪਤਾ ਲੱਗਾ ਸੀ ਕਿ ਬਕਾਇਆਂ ਦੀ ਅਦਾਇਗੀ ਕਰਨ ਸੰਬੰਧੀ ਜਿਸ ਤਰ੍ਹਾਂ ਐੱਮ ਡੀ ਅਤੇ ਫਿਰ ਚੀਫ ਅਕਾਊਂਟ ਅਫਸਰ ਨਾਲ ਵਿਚਾਰ-ਵਟਾਂਦਰਾ ਹੋਇਆ ਸੀ, ਉਸ ਦੇ ਉਲਟ ਵਰਕਰਾਂ ਦੇ ਬਕਾਇਆਂ ਦੀ ਅੰਸ਼ਕ ਅਦਾਇਗੀ ਕਰਨ ਦਾ ਵਿਚਾਰ ਬਣਾਇਆ ਜਾ ਰਿਹਾ ਹੈ। ਜਿਹੜਾ ਕਿ ਵਰਕਰਾਂ ਨੂੰ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ ਹੋਵੇਗਾ। ਐਕਸ਼ਨ ਕਮੇਟੀ ਵੱਲੋਂ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਪੇ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਮਿਤੀ ਇਕ ਜੁਲਾਈ 2021 ਤੋਂ 31 ਦਸੰਬਰ 2021 ਤੱਕ ਸੇਵਾ-ਮੁਕਤ ਅਤੇ ਮੌਜੂਦਾ ਕਰਮਚਾਰੀਆਂ ਨੂੰ ਵਧੀ ਹੋਈ ਤਨਖਾਹ ਦਾ ਬਕਾਇਆ ਪੂਰਾ ਦਿੱਤਾ ਜਾਣਾ ਚਾਹੀਦਾ ਹੈ। ਇਸ ਵਿੱਚ ਕਿਸੇ ਕਿਸਮ ਦੀ ਕਟੌਤੀ ਕਰਨਾ ਵਰਕਰਾਂ ਨਾਲ ਇੱਕ ਧੋਖਾ ਹੋਵੇਗਾ ਅਤੇ ਅਜਿਹਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸੇ ਤਰ੍ਹਾਂ ਕੰਟਰੈਕਟ / ਆਊਟ ਸੋਰਸ ਵਰਕਰਾਂ ਦੀ ਤਨਖਾਹ ਵਿੱਚ ਡੀ ਏ ਦਾ ਵਾਧਾ ਜੋ ਲੇਟ ਲਾਗੂ ਕੀਤਾ ਸੀ, ਉਸ ਦਾ ਵੀ ਪੂਰਾ ਬਕਾਇਆ ਦਿੱਤਾ ਜਾਵੇ, ਸੇਵਾ-ਮੁਕਤ ਕਰਮਚਾਰੀਆਂ ਦੀਆਂ 31 ਦਸੰਬਰ 2022 ਤੱਕ ਦੀਆਂ ਸਾਰੀਆਂ ਅਦਾਇਗੀਆਂ ਕੀਤੀਆਂ ਜਾਣ ਅਤੇ ਮੈਡੀਕਲ ਬਿੱਲਾਂ ਦਾ ਪੂਰਾ ਭੁਗਤਾਨ ਕੀਤਾ ਜਾਵੇ। ਐਕਸ਼ਨ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਜੇਕਰ ਤਰਕਸੰਗਤ ਤਰੀਕਾ ਅਪਣਾਏ ਤੋਂ ਬਿਨਾਂ ਪੈਸਾ ਮਨਮਰਜ਼ੀ ਨਾਲ ਵਰਤਿਆ ਗਿਆ ਤਾਂ ਸਖਤ ਵਿਰੋਧ ਕੀਤਾ ਜਾਵੇਗਾ। ਐਕਸ਼ਨ ਕਮੇਟੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਚੀਫ ਅਕਾਊਂਟਸ ਅਫਸਰ ਵੱਲੋਂ ਵਰਕਰਾਂ ਵਿਰੋਧੀ ਰਵੱਈਆ ਅਖਤਿਆਰ ਕੀਤਾ ਹੋਇਆ ਹੈ। ਐਕਸ਼ਨ ਕਮੇਟੀ ਚੇਅਰਮੈਨ ਪੀ ਆਰ ਟੀ ਸੀ ਦੇ ਵੀ ਵਿਸਥਾਰਪੂਰਵਕ ਤਰੀਕੇ ਨਾਲ ਧਿਆਨ ਵਿਚ ਲਿਆਏਗੀ।

## ਅਮਰੀਕਾ ਤੋਂ ਆਈ ਬੀਬੀ ਦਾ ਗਹਿਣਿਆਂ ਦਾ ਡੱਬਾ ਗਾਇਬ, ਅਧਿਕਾਰੀ ਮੰਨਣ ਨੂੰ ਤਿਆਰ ਨਹੀਂ

**ਨਵੀਂ ਦਿੱਲੀ** : ਅਮਰੀਕਾ 'ਚ ਰਹਿਣ ਵਾਲੀ ਭਾਰਤੀ ਔਰਤ ਨੇ ਦੋਸ਼ ਲਾਇਆ ਹੈ ਕਿ ਦਿੱਲੀ ਹਵਾਈ ਅੱਡੇ ਉੱਤੇ ਐਕਸਰੇ ਦੀ ਜਾਂਚ ਦੌਰਾਨ ਉਸ ਦੇ ਬੈਗ ਵਿੱਚੋਂ ਗਹਿਣਿਆਂ ਦਾ ਡੱਬਾ ਗਾਇਬ ਹੋ ਗਿਆ। ਕਰੀਬ ਦੋ ਮਹੀਨੇ ਪਹਿਲਾਂ ਆਸਟਰੇਲੀਅਨ ਔਰਤ ਨੇ ਦਿੱਲੀ ਪੁਲਸ ਕੋਲ ਅਜਿਹੇ ਹੀ ਦੋਸ਼ ਲਗਾਉਂਦੇ ਹੋਏ ਐੱਫ ਆਈ ਆਰ ਦਰਜ ਕਰਵਾਈ ਸੀ।

ਦਿੱਲੀ ਪੁਲਸ ਅਤੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ ਆਈ ਐੱਸ ਐੱਫ) ਦੇ ਸੂਤਰਾਂ ਨੇ ਕਿਹਾ ਕਿ ਦੋਵਾਂ ਮਾਮਲਿਆਂ ਦੇ ਸੀ ਸੀ ਟੀ ਵੀ ਫੁਟੇਜ 'ਚ ਕੋਈ ਵੀ ਔਰਤਾਂ ਦੇ ਸਾਮਾਨ ਨਾਲ ਛੇੜਛਾੜ ਕਰਦਾ ਨਹੀਂ ਦੇਖਿਆ ਗਿਆ ਅਤੇ ਸੁਰੱਖਿਆ ਕਰਮੀਆਂ ਸਮੇਤ ਕਿਸੇ ਦੀ ਵੀ ਸ਼ੱਕੀ ਹਰਕਤ ਨਹੀਂ ਹੈ। ਅਮਰੀਕਾ ਦੇ ਵਰਜੀਨੀਆ ਤੋਂ ਸਵਾਤੀ ਰੈਡੀ 13 ਮਾਰਚ ਨੂੰ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਪਹੁੰਚੀ ਅਤੇ ਇਮੀਗ੍ਰੇਸ਼ਨ ਜਾਂਚ ਤੋਂ ਬਾਅਦ ਆਪਣੀ ਅਗਲੀ ਯਾਤਰਾ ਲਈ ਹੋਰ ਫਲਾਈਟ 'ਚ ਸਵਾਰ ਹੋਣ ਲਈ ਰਵਾਨਾ ਹੋਈ। ਉਸ ਅਨੁਸਾਰ ਸੁਰੱਖਿਆ ਜਾਂਚ ਤੋਂ ਲੰਘਦੇ ਸਮੇਂ ਉਸ ਦਾ ਬੈਗ, ਜਿਸ 'ਚ ਗਹਿਣਿਆਂ ਦਾ ਡੱਬਾ ਸੀ, ਸਕੈਨਰ ਲਈ ਆਇਆ ਅਤੇ ਬੈਗ ਨੂੰ ਉਸ ਜਗ੍ਹਾ ਭੇਜ ਦਿੱਤਾ ਗਿਆ, ਜਿੱਥੇ ਸ਼ੱਕੀ ਵਸਤੂਆਂ ਭੇਜੀਆਂ ਗਈਆਂ ਸਨ। ਘਰ ਜਾ ਕੇ ਦੇਖਿਆ ਤਾਂ ਗਹਿਣੇ ਗਾਇਬ ਸਨ।

## ਸਾਂਝੇ ਸੰਘਰਸ਼ਾਂ ਦੇ ਸੰਗੀ ਕਾਮਰੇਡ ਚੋਪੜਾ ਦਾ ਵਿਛੋੜਾ ਬਹੁਤ ਦੁਖਦਾਈ : ਗੋਰੀਆ, ਸਰਹਾਲੀ ਕਲਾਂ



**ਸ਼ਾਹਕੋਟ, (ਗਿਆਨ ਸੈਦਪੁਰੀ)**-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸਾਬਕਾ ਸੰਯੁਕਤ ਸਕੱਤਰ ਕਾਮਰੇਡ ਸੁਨੀਤ ਚੋਪੜਾ ਦੇ ਅਚਾਨਕ ਵਿਛੋੜੇ 'ਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾ ਕਿਹਾ ਕਿ ਕਾਮਰੇਡ ਚੋਪੜਾ ਦੇ ਤੁਰ ਜਾਣ ਨਾਲ ਦੇਸ਼ ਦੇ ਮਜ਼ਦੂਰ ਅੰਦੋਲਨ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਕਾਮਰੇਡ ਗੋਰੀਆ ਨੇ ਕਿਹਾ ਕਿ ਚੋਪੜਾ ਨਾਲ ਜਿੱਥੇ ਸਾਂਝੇ ਸੰਘਰਸ਼ਾਂ ਦੀ ਸਾਂਝ ਸੀ, ਉੱਥੇ ਉਹ ਮੇਰੇ ਵਧੀਆ ਨਿੱਜੀ ਦੋਸਤ ਵੀ ਸਨ। 2018 ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਗੋਲਡਨ ਜੁਬਲੀ ਜੋ ਤਿਰੂਪਤੀ ਵਿਖੇ ਮਨਾਈ ਗਈ ਸੀ, ਵਿੱਚ ਕਾਮਰੇਡ ਚੋਪੜਾ ਨੇ ਉਚੇਚ ਨਾਲ ਸ਼ਮੂਲੀਅਤ ਕੀਤੀ ਸੀ। ਉਸ ਮੌਕੇ ਉਨ੍ਹਾਂ ਨੇ ਯਾਦਗਾਰੀ ਤਕਰੀਰ ਕੀਤੀ ਸੀ, ਜੋ ਅੱਜ ਵੀ ਚੇਤਿਆਂ ਵਿੱਚ ਵਸਦੀ ਹੈ। ਦਿੱਲੀ ਵਿੱਚ ਕੀਤੀ ਗਈ ਕੁਲ ਹਿੰਦ ਮਜ਼ਦੂਰ ਕਨਵੈਨਸ਼ਨ ਦੀ ਸਫ਼ਲਤਾ ਵਿੱਚ ਕਾਮਰੇਡ ਸੁਨੀਤ ਚੋਪੜਾ ਦਾ ਅਹਿਮ ਯੋਗਦਾਨ ਸੀ। ਕਾਮਰੇਡ ਗੋਰੀਆ ਨੇ ਪਿੱਛੇ ਜਿਹੇ ਆਪਣੇ ਬੇਟੇ ਦੇ ਵਿਆਹ ਵਿੱਚ ਸ਼ਾਮਲ ਹੋਏ ਚੋਪੜਾ ਨਾਲ ਜਾਤੀ ਸਾਂਝ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਵਿਆਹ ਸਮਾਗਮ ਵਿੱਚ ਉਹ ਲੰਮਾ ਸਮਾਂ ਰਹੇ ਸਨ।

ਇਸੇ ਤਰ੍ਹਾਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਦੇ ਜਨਰਲ ਸਕੱਤਰ ਕਾਮਰੇਡ ਵੀ ਐੱਸ ਨਿਰਮਲ ਅਤੇ ਹਰਿਆਣਾ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਕਾਮਰੇਡ ਦਰਿਓ ਸਿੰਘ ਨੇ ਵੀ ਕਾਮਰੇਡ ਸੁਨੀਤ ਚੋਪੜਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਆਪਣਾ ਆਦਰਸ਼ ਖ਼ੁਦ ਬਣੋ : ਮਾਨ ਦੀ ਨੌਜਵਾਨਾਂ ਨੂੰ ਅਪੀਲ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਨੌਜਵਾਨਾਂ ਨੂੰ 'ਆਪਣਾ ਆਦਰਸ਼, ਖ਼ੁਦ ਬਣਨ' ਦੀ ਅਪੀਲ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੌਜਵਾਨਾਂ ਨੂੰ ਕਿਹਾ ਕਿ ਉਹ ਕਿਸੇ ਨੂੰ ਵੀ ਆਪਣੇ ਜਜ਼ਬਾਤ ਨਾਲ ਖੇਡਣ ਦੀ ਇਜਾਜ਼ਤ ਨਾ ਦੇਣ, ਕਿਉਂਕਿ ਅਜਿਹੇ ਲੋਕ ਆਪਣਾ ਮਤਲਬ ਕੱਢ ਕੇ ਲਾਂਭੇ ਹੋ ਜਾਂਦੇ ਹਨ। ਇਕ ਵੀਡੀਓ ਸੰਦੇਸ਼ ਰਾਹੀਂ ਨੌਜਵਾਨਾਂ ਨੂੰ ਭਾਵੁਕ ਅਪੀਲ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਨੌਜਵਾਨਾਂ ਨੂੰ ਆਪਣੇ ਰਾਹ ਖੁਦ ਬਣਾਉਣ ਲਈ ਪੂਰਾ ਸਹਿਯੋਗ ਕਰੇਗੀ। ਮੁੱਖ ਮੰਤਰੀ ਨੇ ਕਿਹਾ, 'ਮੈਂ ਚਾਹੁੰਦਾ ਕਿ ਤੁਸੀਂ ਆਪਣਾ ਰੋਲ ਮਾਡਲ ਖ਼ੁਦ ਬਣੋ, ਤਾਂ ਕਿ ਤੁਹਾਡੀ ਕਾਬਲੀਅਤ ਅਤੇ ਸਮਰੱਥਾ ਦਾ ਕੋਈ ਹੋਰ ਫਾਇਦਾ ਨਾ ਚੁੱਕ ਸਕੇ। ਮੈਂ ਤਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਤੁਸੀਂ ਆਪਣੇ ਜੀਵਨ ਵਿਚ ਨਵੇਂ ਉੱਦਮ ਜਾਂ ਸਟਾਰਟਅੱਪ ਸ਼ੁਰੂ ਕਰੋ ਅਤੇ ਨਵੇਂ ਵਿਚਾਰਾਂ ਨੂੰ ਅਮਲੀਜਾਮਾ ਪਹਿਨਾਉਣ ਲਈ ਯਤਨ ਕਰੋ, ਪੰਜਾਬ ਸਰਕਾਰ ਤੁਹਾਡੀ ਪੂਰੀ ਮਦਦ ਕਰੇਗੀ।'

ਪੰਜਾਬ ਦੀ ਨੌਜਵਾਨਾਂ ਦੀ ਭਲਾਈ ਲਈ ਵੱਡਾ ਫੈਸਲੇ ਲੈਂਦੇ ਹੋਏ ਮੁੱਖ ਮੰਤਰੀ ਨੇ ਹਰੇਕ ਮਹੀਨੇ ਦੋ ਨੌਜਵਾਨ ਸਭਾਵਾਂ ਕਰਵਾਉਣ ਦਾ ਐਲਾਨ ਕੀਤਾ, ਜਿਸ ਵਿਚ ਉਹ ਖੁਦ ਨੌਜਵਾਨਾਂ ਨਾਲ ਸਿੱਧਾ ਸੰਵਾਦ ਰਚਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਭਾਵਾਂ ਦਾ ਉਦੇਸ਼ ਨੌਜਵਾਨਾਂ ਨਾਲ ਸਿੱਧੀ ਗੱਲਬਾਤ ਕਰਕੇ ਉਨ੍ਹਾ ਦੇ ਵਿਚਾਰ ਅਤੇ ਸੁਝਾਅ ਲੈਣਾ ਹੈ, ਤਾਂ ਕਿ ਸਰਕਾਰ ਨੌਜਵਾਨਾਂ ਨੂੰ ਨਵੇਂ ਕਾਰੋਬਾਰ ਸ਼ੁਰੂ ਕਰਨ ਅਤੇ ਹੋਰ ਉਪਰਾਲੇ ਕਰਨ ਲਈ ਅਨੁਕੂਲ ਨੀਤੀਆਂ ਤਿਆਰ ਕਰ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਹਰੇਕ 15 ਦਿਨ ਬਾਅਦ ਨੌਜਵਾਨ ਸਭਾਵਾਂ ਕੀਤੀਆਂ ਜਾਣਗੀਆਂ, ਜਿੱਥੇ ਖੇਤੀਬਾੜੀ, ਟਰਾਂਸਪੋਰਟ ਤੇ ਹੋਰ ਖੇਤਰਾਂ ਵਿਚ ਨੌਜਵਾਨਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਚ_ ਕ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਸੁਣਿਆ ਸੱਟ ਇੱਕ ਲੱਗੀ ਹੈ ਨਵੀਂ ਵੱਜਣ,
ਹੋਣਾ ਬਿਜਲੀ ਦਾ ਪਾਸ ਕੋਈ ਬਿੱਲ ਬੇਲੀ।
ਕਰਨਾ ਪਾਸ ਇਹ ਬਿੱਲ ਸੀ ਬੜਾ ਪਹਿਲਾਂ,
ਕਰਾਈ ਕਿਸਾਨਾਂ ਨੇ ਓਦੋਂ ਸੀ ਢਿੱਲ ਬੇਲੀ।
ਮੋਰਚਾ ਖਿੱਲਰਿਆ, ਧੜੇ ਕਈ ਬਣੇ ਡਿੱਠੇ,
ਸਾਰਾ ਈ ਹੋਇਆ ਵਿਰੋਧ ਹੈ ਨਿੱਲ ਬੇਲੀ।
ਬਿਜਲੀ ਕੰਪਨੀਆਂ ਦੀ ਮਰਜ਼ੀ ਸਾਫ ਹੋਣੀ,
ਲਾਹ ਲਉ, ਜਿੰਨੀ ਹੈ ਲੱਥਦੀ ਛਿੱਲ ਬੇਲੀ।
ਛਿੜ ਗਏ ਚਰਚੇ ਅਗੇਤੇ ਜਿਹੇ ਚਹੁੰ ਪਾਸੀਂ,
ਲੱਗਿਆ ਆਉਣ ਆਹ ਨਵਾਂ ਕਾਨੂੰਨ ਬੇਲੀ।
ਨੁਕਤਾ ਜਿਹੜਾ ਕੋਈ ਹੋਏ ਕਾਨੂੰਨ ਅੰਦਰ,
ਖਿੱਚਣਾ ਈ ਵਾਂਗਰ ਸਰਿੰਜਾਂ ਦੇ ਖ਼ੂਨ ਬੇਲੀ।

-ਤੀਸ ਮਾਰ ਖਾਂ

# ਮੀਂਹ ਨਾਲ ਹੋਏ ਨੁਕਸਾਨ ਦਾ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ : ਮਾੜੀਮੇਘਾ

**ਤਰਨ ਤਾਰਨ** : ਸੀ ਪੀ ਆਈ ਜ਼ਿਲ੍ਹਾ ਤਰਨ ਤਾਰਨ ਵੱਲੋਂ ਜਨਰਲ ਬਾਡੀ ਮੀਟਿੰਗ ਕਰਨ ਤੋਂ ਬਾਅਦ ਘਰ, ਰੁਜ਼ਗਾਰ, ਵਿਦਿਆ, ਸਿਹਤ ਦੀ ਮੁਫਤ ਪ੍ਰਾਪਤੀ ਤੇ ਅਮਨ ਭਾਈਚਾਰਾ ਕਾਇਮ ਰੱਖਣ ਲਈ ਸ਼ਹਿਰ ਵਿੱਚ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਕਿਰਨਜੀਤ ਕੌਰ ਵਲਟੋਹਾ ਨੇ ਕੀਤੀ। ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸਾਬਕਾ ਕੌਮੀ ਕੌਂਸਲ ਮੈਂਬਰ ਹਰਭਜਨ ਸਿੰਘ ਤੇ ਨਰਿੰਦਰ ਪਾਲੀ ਸ਼ਾਮਲ ਹੋਏ।







ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ 'ਵਿਜੇਵਾੜਾ ਕਾਂਗਰਸ' ਨੇ ਫੈਸਲਾ ਕੀਤਾ ਹੈ ਕਿ ਉਕਤ ਮੰਗਾਂ ਦੀ ਪ੍ਰਾਪਤੀ ਲਈ ਦੇਸ਼ ਭਰ ਵਿੱਚ 'ਪਦ ਯਾਤਰਾ' ਕੀਤੀ ਜਾਵੇਗੀ। ਮਾੜੀਮੇਘਾ ਨੇ ਕਿਹਾ ਕਿ ਹਿੰਦੁਸਤਾਨ ਵਿੱਚ ਸਭ ਕੁਝ ਹੁੰਦਿਆਂ ਹੋਇਆਂ ਵੀ ਦੇਸ਼ ਦੀ ਵਸੋਂ ਅੱਤ ਦੀ ਗਰੀਬੀ ਦੀ ਮਾਰ ਝੱਲ ਰਹੀ ਹੈ। ਸਾਡੀ ਧਰਤੀ ਖੇਤੀਬਾੜੀ ਦੇ ਕਾਰਜ ਲਈ ਬੜੀ ਲਾਭਦਾਇਕ ਹੈ। ਸਾਡੇ ਦੇਸ਼ ਦਾ ਮੌਸਮ ਬੜਾ ਖੁਸ਼ਗਵਾਰ ਹੈ। ਇਥੇ ਸਰਦੀ ਵੀ ਪੈਂਦੀ ਹੈ ਤੇ ਗਰਮੀ ਵੀ। ਪਹਾੜ ਸਾਡੀ ਧਰਤੀ ਦੇ ਰਖਵਾਲੇ ਤੇ ਮਾੜੀ ਆਬੋ-ਹਵਾ ਨੂੰ ਰੋਕਦੇ ਹਨ। ਸਾਡੀ ਧਰਤੀ 'ਤੇ ਕੁਦਰਤੀ ਪਾਣੀ ਦੀ ਵੀ ਘਾਟ ਨਹੀਂ। ਮੀਂਹ ਵਧੀਆ ਪੈਂਦਾ ਹੈ। ਜੇ ਘਾਟ ਹੈ ਤਾਂ ਸਰਕਾਰਾਂ ਦੀ ਬੇਈਮਾਨੀ ਹੈ। ਮੀਂਹ ਦੇ ਪਾਣੀ ਨੂੰ ਸਟੋਰ ਕਰਨ ਦਾ ਪ੍ਰਬੰਧ ਨਹੀਂ ਹੈ। ਇਹ ਪਾਣੀ ਦਰਿਆਵਾਂ ਰਾਹੀਂ ਨੁਕਸਾਨ ਕਰਦਾ ਹੋਇਆ ਸਮੁੰਦਰ ਵਿੱਚ ਚਲਾ ਜਾਂਦਾ ਹੈ। ਅਸੀਂ ਆਪਣੀ ਧਰਤੀ ਦਾ ਪਾਣੀ ਚੂਸ-ਚੂਸ ਕੇ ਖਤਮ ਕਰਨ ਤੱਕ ਪਹੁੰਚ ਗਏ ਹਾਂ। ਪੂੰਜੀਵਾਦੀ ਹਕੂਮਤਾਂ ਲੋਕਾਂ ਨੂੰ ਖੁਸ਼ਹਾਲ ਨਹੀਂ ਬਣਾਉਣਾ ਚਾਹੁੰਦੀਆਂ। ਇਸ ਪ੍ਰਬੰਧ ਦੀ ਨੀਤੀ ਘਾਟ ਰੱਖਣ ਵਾਲੀ ਹੈ। ਜੇ ਸਮਾਜ ਵਿੱਚ ਭੁੱਖ-ਨੰਗ, ਗਰੀਬੀ ਤੇ ਬੇਰੁਜ਼ਗਾਰੀ ਹੋਵੇਗੀ ਤਾਂ ਹੀ ਇਸ ਪ੍ਰਬੰਧ ਅਧੀਨ ਲੁਟੇਰੀਆਂ ਤਾਕਤਾਂ ਦੇ ਧੰਨ-ਦੌਲਤ ਦੇ ਭੰਡਾਰ ਵੱਡੇ ਹੁੰਦੇ ਹਨ। ਇਸ ਪ੍ਰਬੰਧ ਨੂੰ ਜਨਤਾ ਦੇ ਦੁੱਖ-ਦਾਰੂ ਦਾ ਕੋਈ ਫਿਕਰ ਨਹੀਂ ਹੁੰਦਾ, ਇਸ ਨੂੰ ਤਾਂ ਆਪਣੀ ਦੌਲਤ ਦੇ ਭੰਡਾਰ ਵਧਾਉਣ ਦਾ ਫਿਕਰ ਹੁੰਦਾ ਹੈ। ਕਮਿਊਨਿਸਟ ਪਾਰਟੀ ਇਸ ਲੁਟੇਰੇ ਪ੍ਰਬੰਧ ਦਾ ਖਾਤਮਾ ਕਰਕੇ ਇਨਸਾਫ ਪਸੰਦ ਰਾਜ ਕਾਇਮ ਕਰਨ ਦੀ ਲੜਾਈ ਲੜ ਰਹੀ ਹੈ, ਜਿਸ ਪ੍ਰਬੰਧ ਅਧੀਨ ਹਰ ਮਨੁੱਖ ਨੂੰ ਘਰ, ਰੁਜ਼ਗਾਰ, ਵਿਦਿਆ ਤੇ ਇਲਾਜ ਮੁਫਤ ਮਿਲਣਾ ਯਕੀਨੀ ਹੈ।

ਪੰਜਾਬ ਇਸਤਰੀ ਸਭਾ ਦੀ ਸੂਬਾਈ ਜਨਰਲ ਸਕੱਤਰ ਰਜਿੰਦਰ ਪਾਲ ਕੌਰ, ਕਿਸਾਨ ਸਭਾ ਦੇ ਪ੍ਰਮੁੱਖ ਆਗੂ ਬਲਕਾਰ ਸਿੰਘ ਵਲਟੋਹਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਮਈ ਦੇ ਦੂਜੇ ਹਫਤੇ ਜ਼ਿਲ੍ਹਾ ਭਰ ਵਿੱਚ ਲਗਾਤਾਰ ਇੱਕ ਹਫਤਾ ਪਦ ਯਾਤਰਾ ਕਰਕੇ ਲੋਕਾਂ ਨੂੰ ਆਪਣੇ ਹੱਕ ਲੈਣ ਲਈ ਜਾਗਰੂਕ ਕੀਤਾ ਜਾਵੇਗਾ। ਲੋਕਾਂ ਨੂੰ ਸੱਦਾ ਦਿੱਤਾ ਜਾਵੇਗਾ ਕਿ ਉਹ ਸੀ ਪੀ ਆਈ ਵਿੱਚ ਸ਼ਮੂਲੀਅਤ ਕਰਕੇ ਆਪਣੀ ਸੋਚ ਦਾ ਰਾਜ ਪ੍ਰਬੰਧ ਕਾਇਮ ਕਰਨ ਅਤੇ ਇਨ੍ਹਾਂ ਲੁਟੇਰੀਆਂ ਤੇ ਫਿਰਕੂ ਤਾਕਤਾਂ ਤੋਂ ਛੁਟਕਾਰਾ ਪਾਉਣ। ਤੁਹਾਡੀ ਕਿਸਮਤ ਹੋਰ ਕਿਸੇ ਨਹੀਂ ਲਿਖਣੀ, ਇਹਦੇ ਲਿਖਣਹਾਰ ਤੁਸੀਂ ਆਪ ਹੋ। ਜਿੰਨੀ ਦੇਰ ਹੋਵੇਗੀ, ਓਨਾ ਹੀ ਦੁੱਖ ਭੋਗਣਾ ਪਵੇਗਾ।

ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਜੇ ਜ਼ਿਲ੍ਹੇ ਵਿੱਚ ਨਰੇਗਾ ਕਾਮਿਆਂ ਨੂੰ ਕੰਮ ਨਾ ਦਿੱਤਾ

● ਬਾਕੀ ਸਫ਼ਾ 2 'ਤੇ

## ਚੋਰਾਂ ਨੇ ਮੱਝਾਂ ਕੀਤੀਆਂ ਚੋਰੀ



**ਧੂਰੀ (ਸੁਖਦੇਵ ਧੂਰੀ)**- ਲੰਘੀ ਰਾਤ ਧੂਰੀ-ਭਲਵਾਨ ਰੋਡ 'ਤੇ ਇੱਕ ਘਰ ਵਿੱਚੋਂ ਦੁਧਾਰੂ ਮੱਝਾਂ ਚੋਰੀ ਹੋਣ ਦੀ ਜਾਣਕਾਰੀ ਮਿਲੀ ਹੈ। ਇਸ ਮੌਕੇ ਰਣਧੀਰ ਸਿੰਘ ਨੰਬਰਦਾਰ ਧੂਰੀ ਪਿੰਡ ਨੇ ਦੱਸਿਆ ਕਿ ਧੂਰੀ-ਭਲਵਾਨ ਰੋਡ 'ਤੇ ਪਿੰਡ ਧੂਰਾ ਨੇੜੇ ਮੇਰਾ ਰਿਹਾਇਸ਼ੀ ਮਕਾਨ ਹੈ ਅਤੇ ਮੈਂ ਦੋ ਮੱਝਾਂ ਅਤੇ ਇੱਕ ਝੋਟਾ ਅਤੇ ਇੱਕ ਕੱਟੀ ਰੱਖੀ ਹੋਈ ਹੈ ਅਤੇ ਇਨ੍ਹਾਂ ਮੱਝਾਂ ਦੇ ਦੁੱਧ ਦੇ ਨਾਲ ਹੀ ਮੈਂ ਆਪਣੇ ਘਰ ਦਾ ਗੁਜ਼ਾਰਾ ਚਲਾਉਂਦਾ ਸੀ ਪਰੰਤੂ ਅੱਜ ਜਦੋਂ ਅਸੀਂ ਸਵੇਰੇ ਉੱਠ ਕੇ ਘਰ ਦਾ ਮੁੱਖ ਗੇਟ ਖੋਲ੍ਹਣ ਲੱਗੇ ਤਾਂ ਇਹ ਗੇਟ ਬਾਹਰੋਂ ਬੰਦ ਕੀਤਾ ਪਿਆ ਸੀ ਤਾਂ ਅਸੀਂ ਪਿੰਡ ਵਿੱਚ ਕਿਸੇ ਨੂੰ ਫੋਨ ਕਰਕੇ ਆਪਣੇ ਘਰ ਦਾ ਗੇਟ ਖੁੱਲ੍ਹਵਾਇਆ। ਜਦੋਂ ਅਸੀਂ ਬਾਹਰ ਨਿਕਲ ਕੇ ਦੇਖਿਆ ਤਾਂ ਸਾਡੀਆਂ ਮੱਝਾਂ ਚੋਰੀ ਹੋ ਚੁੱਕੀਆਂ ਸਨ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ ਨੇ ਕਿਹਾ ਕਿ ਧੂਰੀ ਹਲਕਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਹਲਕਾ ਹੈ ਪਰੰਤੂ ਇੱਥੇ ਪਿਛਲੇ ਲੰਬੇ ਸਮੇਂ ਤੋਂ ਚੋਰੀ ਦੀਆਂ ਵਾਰਦਾਤਾਂ ਆਮ ਹੋ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਧੂਰੀ ਹਲਕੇ 'ਚ ਵਾਪਰ ਰਹੀਆਂ ਚੋਰੀ ਦੀਆਂ ਇਨ੍ਹਾਂ ਘਟਨਾਵਾਂ ਸੰਬੰਧੀ ਕੋਈ ਸਖਤ ਐਕਸ਼ਨ ਲਿਆ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ 'ਚ ਸਹਿਮ ਦਾ ਮਾਹੌਲ ਬਣ ਚੁੱਕਾ ਹੈ। ਇਸ ਸੰਬੰਧੀ ਥਾਣਾ ਸਦਰ ਧੂਰੀ ਦੇ ਐੱਸ ਐੱਚ ਓ ਜਗਦੀਪ ਸਿੰਘ ਨੇ ਕਿਹਾ ਕਿ ਭਲਵਾਨ ਚੌਂਕੀ ਦੇ ਪੁਲਸ ਮੁਲਾਜ਼ਮਾਂ ਵੱਲੋਂ ਚੋਰੀ ਦੀ ਘਟਨਾ ਵਾਪਰਨ ਵਾਲੇ ਸਥਾਨ 'ਤੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਇਕੱਤਰ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

## ਪੰਜਾਬ ਦੇ ਆਦਰਸ਼ ਸਕੂਲਾਂ 'ਚ ਹੋਰ ਕਮਰੇ ਉਸਾਰੇ ਜਾਣ : ਮੱਖਣ ਸਿੰਘ ਬੀਰ/ਪਾਤੜਾਂ



**ਮਾਨਸਾ (ਆਤਮਾ ਸਿੰਘ ਪਮਾਰ)**-ਬੱਚਿਆਂ ਨੂੰ ਸੀ ਬੀ ਐਸ ਈ ਦੀ ਤਰਜ਼ 'ਤੇ ਬਿਲਕੁੱਲ ਮੁਫਤ ਤੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਾਲੇ ਆਦਰਸ਼ ਸੈਕੰਡਰੀ ਸਕੂਲਾਂ 'ਚ ਨਵੇਂ ਸੈਸ਼ਨ ਦੇ ਦਾਖਲਿਆਂ ਬਾਬਤ ਲਗਾਤਾਰ ਰੁਝਾਨ ਵਧ ਰਿਹਾ ਹੈ ਤੇ ਨਿੱਤ ਨਵੇਂ ਦਾਖਲੇ ਹੋ ਰਹੇ ਹਨ। ਜਦਕਿ ਬੱਚਿਆਂ ਦੇ ਬੈਠਣ ਲਈ ਕਮਰਿਆਂ ਦਾ ਪ੍ਰਬੰਧ ਨਾਕਾਫੀ ਹੋਣ ਕਰਕੇ ਲੋਕਾਂ ਨੂੰ ਨਿਰਾਸ਼ ਮੁੜਨਾ ਪੈ ਰਿਹਾ ਹੈ। ਇਨ੍ਹਾਂ ਸਕੂਲਾਂ ਦਾ ਪ੍ਰਗਟਾਵਾ ਆਦਰਸ਼ ਸਕੂਲ ਯੂਨੀਅਨ ਪੰਜਾਬ (ਪੀ ਪੀ ਪੀ ਤਰਜ਼) ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ ਤੇ ਜਨਰਲ ਸਕੱਤਰ ਗੁਰਸੇਵਕ ਸਿੰਘ ਪਾਤੜਾਂ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ। ਜਥੇਬੰਦੀ ਦੇ ਸੂਬਾਈ ਆਗੂਆਂ ਨੇ ਰਾਜ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਿਆਂ ਕਿਹਾ ਕਿ ਸੂਬੇ ਦੇ ਆਦਰਸ਼ ਸੈਕੰਡਰੀ ਸਕੂਲਾਂ 'ਚ ਹੋਰ ਨਵੇਂ ਕਮਰਿਆਂ ਦੀ ਉਸਾਰੀ ਕੀਤੀ ਜਾਵੇ ਤਾਂ ਜੋ ਬੱਚੇ ਦਾਖਲਿਆਂ ਤੋਂ ਵਾਂਝੇ ਨਾ ਰਹਿ ਸਕਣ। ਆਗੂਆਂ ਨੇ ਕਿਹਾ ਕਿ ਆਦਰਸ਼ ਸਕੂਲਾਂ ਦੇ ਅਧਿਆਪਕਾਂ ਦੇ ਮਿਹਨਤੀ ਤੇ ਪ੍ਰਤੀਬੱਧ ਨਤੀਜਿਆਂ ਨੇ ਮਾਪਿਆਂ ਤੇ ਬੱਚਿਆਂ ਨੂੰ ਹੋਰ ਆਪਣੇ ਵੱਲ ਖਿੱਚਿਆ ਹੈ। ਜਦਕਿ ਸਕੂਲਾਂ 'ਚ ਇਮਾਰਤਾਂ/ਕਮਰਿਆਂ ਦੀ ਘਾਟ ਹੋਣ ਕਰਕੇ ਦਾਖਲਿਆਂ ਖੁਣੋਂ ਨਿਰਾਸ਼ ਮੁੜਨਾ ਪੈ ਰਿਹਾ ਹੈ। ਉਨ੍ਹਾਂ ਆਦਰਸ਼ ਸਕੂਲਾਂ 'ਚ ਹੋਰ ਇਮਾਰਤਾਂ/ਕਮਰੇ ਤੁਰੰਤ ਉਸਾਰਨ ਦੀ ਮੰਗ ਕੀਤੀ।

## ਸਵਾ ਦੋ ਕਰੋੜ ਰੁਪਏ ਬਿੱਲਾਂ ਦਾ ਭੁਗਤਾਨ ਕਰਵਾਉਣ ਲਈ ਵਿੱਢੀ ਜਾਵੇਗੀ ਮੁਹਿਮ

**ਮਲੋਟ (ਗੁਰਮੀਤ ਸਿੰਘ ਮੱਕੜ)**:-ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਸ਼ਹਿਰ ਵਾਸੀਆਂ ਕੋਲੋਂ ਪਾਣੀ ਅਤੇ ਸੀਵਰੇਜ ਦੇ ਰਹਿੰਦੇ ਬਕਾਇਆ ਬਿੱਲ ਉਗਰਾਹੁਣ ਲਈ 10 ਅਪ੍ਰੈਲ ਤੋਂ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤਹਿਤ ਸ਼ਹਿਰ ਵਾਸੀ ਬਿਨਾਂ ਜੁਰਮਾਨੇ ਦੇ ਆਪਣੇ ਬਕਾਇਆ ਬਿੱਲ ਅਦਾ ਕਰ ਸਕਦੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਵੱਲ ਵਿਭਾਗ ਦਾ ਕਰੀਬ ਸਵਾ ਦੋ ਕਰੋੜ ਬਕਾਇਆ ਬਿੱਲਾਂ ਦਾ ਹੈ ਅਤੇ 3 ਹਜ਼ਾਰ ਦੇ ਕਰੀਬ ਪਾਣੀ ਅਤੇ ਸੀਵਰੇਜ ਦੇ ਨਜਾਇਜ਼ ਕੁਨੈਕਸ਼ਨ ਚੱਲ ਹਨ, ਜਿਨ੍ਹਾਂ ਤੋਂ ਬਿੱਲਾਂ ਦਾ ਬਕਾਇਆ ਉਗਰਾਹੁਣ ਲਈ 10 ਅਪ੍ਰੈਲ ਤੋਂ ਲੈ ਕੇ 30 ਅਪ੍ਰੈਲ ਤੱਕ ਇੱਕ ਮੁਹਿੰਮ ਸ਼ੁਰੂ ਕੀਤੀ ਜਾਵੇਗੀ, ਜਿਸ ਵਿੱਚ ਸ਼ਹਿਰ ਵਾਸੀ ਆਪਣਾ ਪਿਛਲਾ ਬਕਾਇਆ ਅਤੇ ਜਿਨ੍ਹਾਂ ਦੇ ਨਜਾਇਜ਼ ਕੁਨੈਕਸ਼ਨ ਚੱਲ ਰਹੇ ਹਨ, ਉਹ ਵੀ ਨਵੇਂ ਕੁਨੈਕਸ਼ਨ ਬਿਨਾਂ ਪਿਛਲੇ ਸਾਲਾਂ ਦੇ ਬਕਾਇਆ ਦੇ ਰੈਗੂਲਰ ਕਰਵਾ ਸਕਦੇ ਹਨ। ਉਨ੍ਹਾ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਉਹ ਸੀਵਰੇਜ ਬੋਰਡ ਨੂੰ ਸਹਿਯੋਗ ਦਿੰਦੇ ਹੋਏ ਆਪਣਾ ਪਿਛਲਾ ਬਕਾਇਆ ਬਿਨਾਂ ਜੁਰਮਾਨੇ ਦੇ ਅਦਾ ਕਰਨ ਅਤੇ ਨਵੇਂ ਕੁਨੈਕਸ਼ਨ ਰੈਗੂਲਰ ਕਰਵਾਉਣ ਤਾਂ ਜੋ ਸ਼ਹਿਰ ਵਾਸੀਆਂ ਨੂੰ ਵਿਭਾਗ ਵੱਲੋਂ ਹੋਰ ਬਿਹਤਰ ਸੇਵਾਵਾਂ ਦਿੱਤੀਆਂ ਜਾ ਸਕਣ।

## ਟਰਾਲੇ ਤੇ ਜੁਗਾੜ ਰੇਹੜੀ ਨੂੰ ਹਾਦਸਾ, ਇੱਕ ਜ਼ਖਮੀ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਫਿਰੋਜ਼ਪੁਰ-ਫਾਜ਼ਿਲਕਾ ਜੀ ਟੀ ਰੋਡ 'ਤੇ ਸਥਿਤ ਜੰਗਾਂ ਵਾਲਾ ਮੋੜ 'ਤੇ ਟਰਾਲੇ ਅਤੇ ਮੋਟਰਸਾਈਕਲ ਜੁਗਾੜ ਰੇਹੜੀ ਵਿਚਾਲੇ ਭਿਆਨਕ ਸੜਕੀ ਹਾਦਸਾ ਹੋਣ ਕਾਰਨ ਮੋਟਰਸਾਈਕਲ ਰੇਹੜੀ ਚਾਲਕ ਸਖਤ ਜ਼ਖਮੀ ਹੋ ਗਿਆ, ਜਿਸ ਨੂੰ ਮੁਢਲੀ ਸਹਾਇਤਾ ਦੇਣ ਤੋਂ ਬਾਅਦ ਇਲਾਜ ਵਾਸਤੇ ਫਿਰੋਜ਼ਪੁਰ ਭੇਜਿਆ ਗਿਆ। ਮਿਲੀ ਜਾਣਕਾਰੀ ਮੁਤਾਬਕ ਫਾਜ਼ਿਲਕਾ ਤੋਂ ਫਿਰੋਜ਼ਪੁਰ ਦਿਸ਼ਾ ਨੂੰ ਜਾ ਰਹੇ ਤੇਜ਼ ਰਫਤਾਰ ਟਰੱਕ (ਟਰਾਲੇ) ਨਾਲ ਮੋਟਰਸਾਈਕਲ ਜੁਗਾੜ ਰੇਹੜੀ ਨਾਲ ਹਾਦਸਾ ਵਾਪਰ ਗਿਆ, ਜਿਸ ਕਾਰਨ ਟਰਾਲਾ ਸੜਕ ਦੇ ਵਿਚਕਾਰ ਮੋਟਰਸਾਈਕਲ ਰੇਹੜੀ ਉਪਰ ਪਲਟ ਗਿਆ ਤੇ ਟਰਾਲੇ ਦੇ ਉੱਪਰ ਲੱਦੀਆਂ ਬੋਰੀਆਂ ਦੇ ਹੇਠਾਂ ਮੋਟਰਸਾਈਕਲ ਰੇਹੜੀ ਦੱਬੀ ਗਈ। ਮੌਕੇ 'ਤੇ ਹਾਜ਼ਰ ਲੋਕਾਂ ਤੇ ਰਾਹਗੀਰਾਂ ਦੀ ਮਦਦ ਨਾਲ ਰੇਹੜੀ ਚਾਲਕ ਨੂੰ ਬੋਰੀਆਂ ਹੇਠੋਂ ਕੱਢਣ ਉਪਰੰਤ ਮੁਢਲੀ ਸਹਾਇਤਾ ਦੇਣ ਤੋਂ ਬਾਅਦ ਅਗਲੇਰੇ ਇਲਾਜ ਲਈ ਫਿਰੋਜ਼ਪੁਰ ਭੇਜਿਆ ਗਿਆ। ਟਰਾਲਾ ਚਾਲਕ ਪਲਟਿਆ ਟਰਾਲਾ ਛੱਡ ਕੇ ਫਰਾਰ ਹੋ ਗਿਆ। ਮੌਕੇ 'ਤੇ ਪੁੱਜੀ ਮਮਦੋਟ ਪੁਲਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ।

## ਕਣਕ ਦੇ ਸਮਰਥਨ ਮੁੱਲ 'ਚ 300 ਦਾ ਵਾਧਾ ਤੇ ਖਰਾਬ ਹੋਈ ਫਸਲ ਦਾ 50 ਹਜ਼ਾਰ ਮੁਆਵਜ਼ਾ ਦਿੱਤਾ ਜਾਵੇ : ਡਾ. ਅਮਰ ਸਿੰਘ

**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**- ਲੋਕ ਸਭਾ ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਪਾਰਲੀਮੈਂਟ ਮੈਂਬਰ ਡਾ. ਅਮਰ ਸਿੰਘ ਨੇ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਨਾਲ ਮੁਲਾਕਾਤ ਕੀਤੀ ਅਤੇ ਬੇਮੌਸਮੀ ਬਰਸਾਤ ਕਾਰਨ ਫਸਲ ਦੇ ਹੋਏ ਭਾਰੀ ਨੁਕਸਾਨ ਦੇ ਮੱਦੇਨਜ਼ਰ ਉਨ੍ਹਾ ਨੂੰ ਕਣਕ ਦੇ ਸਮਰਥਨ ਮੁੱਲ 'ਚ 300 ਰੁਪਏ ਦਾ ਵਾਧਾ ਕਰਨ ਅਤੇ ਪੀੜਤ ਲੋਕਾਂ ਲਈ 40000-50000 ਰੁਪਏ ਦਾ ਯਕਮੁਸ਼ਤ ਮੁਆਵਜ਼ਾ ਮਨਜ਼ੂਰ ਕਰਨ ਦੀ ਬੇਨਤੀ ਕੀਤੀ। ਡਾ. ਸਿੰਘ ਨੇ ਖੇਤੀਬਾੜੀ ਮੰਤਰੀ ਤੋਮਰ ਨੂੰ ਜਾਣੂੰ ਕਰਵਾਇਆ ਕਿ ਪੰਜਾਬ 'ਚ ਮਾਰਚ ਮਹੀਨੇ ਦੌਰਾਨ ਹੋਈ ਬੇਮੌਸਮੀ ਬਰਸਾਤ ਕਾਰਨ ਖੜ੍ਹੀ ਕਣਕ ਦੀ ਫਸਲ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ। ਉਨ੍ਹਾਂ ਕੇਂਦਰੀ ਮੰਤਰੀ ਨੂੰ ਦੱਸਿਆ ਕਿ 'ਆਪ' ਸਰਕਾਰ ਨੇ ਲਗਭਗ ਪੂਰੀ ਫਸਲ ਦੇ ਨੁਕਸਾਨ ਲਈ ਮਾਮੂਲੀ 15000 ਰੁਪਏ ਪ੍ਰਤੀ ਦੇਖਭਾਲ ਮੁਆਵਜ਼ੇ ਦਾ ਐਲਾਨ ਕੀਤਾ ਹੈ। ਪਰ ਇਹ ਰਕਮ ਕਿਸਾਨ ਲਈ ਫਸਲ ਦੀ ਬਿਜਾਈ ਦਾ ਖਰਚਾ ਵਸੂਲਣ ਲਈ ਵੀ ਕਾਫੀ ਨਹੀਂ ਹੈ। ਪੰਜਾਬ ਦੀ ਮੌਜੂਦਾ ਤਬਾਹੀ ਦੇ ਮੱਦੇਨਜ਼ਰ ਡਾ. ਅਮਰ ਸਿੰਘ ਨੇ ਕੇਂਦਰ ਸਰਕਾਰ ਨੂੰ ਕਣਕ ਦੇ ਮੌਜੂਦਾ ਸਮਰਥਨ ਮੁੱਲ 'ਚ ਘੱਟੋ-ਘੱਟ 300 ਰੁਪਏ ਦਾ ਵਾਧਾ ਕਰਨ ਅਤੇ 40000-50000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਯਕਮੁਸ਼ਤ ਮੁਆਵਜ਼ਾ ਦੇਣ ਦੀ ਬੇਨਤੀ ਕੀਤੀ ਤਾਂ ਜੋ ਕਿਸਾਨਾਂ ਨੂੰ ਵੱਡੇ ਨੁਕਸਾਨ ਤੋਂ ਬਚਾਇਆ ਜਾ ਸਕੇ।

## ਕ੍ਰਿਸ਼ਨਾ ਕਾਲਜ ਰੱਲੀ ਵਿਖੇ ਸੈਮੀਨਾਰ



**ਬਰੇਟਾ ( ਗੋਬਿੰਦ ਸ਼ਰਮਾ)**- ਕ੍ਰਿਸ਼ਨਾ ਕਾਲਜ ਰੱਲੀ ਵਿਖੇ ਕਰੁਣਾ ਵੈਜ ਫਾਊਂਡੇਸ਼ਨ, ਦਿੱਲੀ ਵੱਲੋਂ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਵਿਖੇ ਵੈਜ ਨਾਨ-ਵੈਜ ਵਿਸ਼ੇ 'ਤੇ ਇੱਕ ਦਸਤਾਵੇਜ਼ੀ ਫਿਲਮ ਦਿਖਾਈ ਗਈ। ਇਸ ਦਸਤਾਵੇਜ਼ੀ ਸੰਬੰਧੀ ਜਾਣਕਾਰੀ ਦਿੰਦੇ ਹੋਏ ਟੀਮ ਦੀ ਅਗਵਾਈ ਕਰ ਰਹੇ ਪ੍ਰੋਫੈਸਰ ਮਨਜੀਤ ਸਿੰਘ ਨੇ ਦੱਸਿਆ ਕਿ ਭਾਰਤ ਵਿਭਿੰਨਤਾਵਾਂ ਭਰਿਆ ਦੇਸ਼ ਹੈ, ਜਿੱਥੇ ਹਰ ਜਾਤ ਧਰਮ ਦੇ ਲੋਕ ਮਿਲ-ਜੁਲ ਕੇ ਰਹਿੰਦੇ ਹਨ। ਖਾਣ-ਪੀਣ ਸੰਬੰਧੀ ਸਭ ਦੇ ਆਪਣੇ-ਆਪਣੇ ਨਿਯਮ ਵਿਧਾਨ ਹਨ। ਪਰ ਸਾਰੇ ਹੀ ਧਰਮ ਇੱਕ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ ਅਤੇ ਇਸ ਲਈ ਸਾਨੂੰ ਸੰਸਾਰ ਵਿੱਚ ਰਹਿੰਦੇ ਹੋਏ ਕਿਸੇ ਵੀ ਜੀਵ-ਜੰਤੂਆਂ 'ਤੇ ਹਿੰਸਾ ਨਹੀਂ ਕਰਨੀ ਚਾਹੀਦੀ। ਜਨਮ ਦਿਨ ਮਨਾਉਣ ਸਮੇਂ ਸਾਨੂੰ ਬਜ਼ਾਰਵਾਦ ਦੇ ਪ੍ਰਭਾਵ ਤੋਂ ਬਚਣਾ ਚਾਹੀਦਾ ਹੈ ਅਤੇ ਇੱਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ। ਪ੍ਰੋਗਰਾਮ ਦੇ ਅਖੀਰ 'ਚ ਕਾਲਜ ਦੀ ਮੈਨੇਜਮੈਂਟ ਵੱਲੋਂ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਪਰਸਨ ਸੁਖਵਿੰਦਰ ਸਿੰਘ ਚਹਿਲ ਅਤੇ ਕਾਲਜ ਇੰਚਾਰਜ ਸਰਵਜੀਤ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਮੰਚ ਸੰਚਾਲਨ ਪ੍ਰੋ. ਸਰਬਜੀਤ ਸਿੰਘ ਸਰਾਂ ਵੱਲੋਂ ਕੀਤਾ ਗਿਆ।

## ਇੰਗਲਿਸ਼ ਰੀਡਿੰਗ ਤੇ ਕੈਲੀਗ੍ਰਾਫੀ ਮੁਕਾਬਲੇ ਕਰਵਾਏ

**ਬਾਘਾ ਪੁਰਾਣਾ, (ਮਨੀ ਸਿਗਲਾ)**-ਸਥਾਨਕ ਸ਼ਹਿਰ ਦੀ ਮੰਡੀਰਾਂ ਵਾਲਾ ਸੜਕ 'ਤੇ ਸਥਿਤ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਚ ਵਿਦਿਆਰਥੀਆਂ ਦੇ ਇੰਗਲਸ਼ ਰੀਡਿੰਗ ਅਤੇ ਕੈਲੀਗ੍ਰਾਫੀ ਦੇ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਬੱਚਿਆਂ ਦੇ ਪੜ੍ਹਨ ਅਤੇ ਲਿਖਣ ਕੌਸ਼ਲ ਨੂੰ ਸੁਧਾਰਨ ਲਈ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਪਹਿਲੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਪ੍ਰਿੰਸੀਪਲ ਮਨੋਜ ਕੁਮਾਰ ਅਤੇ ਮੈਡਮ ਜ਼ੀਨਮ ਗਰਗ ਨੇ ਕਿਹਾ ਕਿ ਇਹੋ ਜਿਹੇ ਮੁਕਾਬਲੇ ਨਾ ਕੇਵਲ ਬੱਚਿਆਂ ਦੀ ਲਿਖਣ ਅਤੇ ਪੜ੍ਹਨ ਦੀ ਕਲਾ ਨੂੰ ਸੁਧਾਰਦੇ ਹਨ, ਬਲਕਿ ਉਨ੍ਹਾਂ ਦੀ ਸਖਸ਼ੀਅਤ ਨੂੰ ਵੀ ਨਿਖਾਰਦੇ ਹਨ। ਇਸ ਲਈ ਬੱਚਿਆਂ ਨੂੰ ਇਹੋ ਜਿਹੇ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਸਕੂਲ ਚੇਅਰਮੈਨ ਤਰਸੇਮ ਲਾਲ ਗਰਗ ਨੇ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਸੁੰਦਰ ਲਿਖਾਈ ਅਤੇ ਸੁਚੱਜੀ ਪੜ੍ਹਾਈ ਵਧੀਆ ਸਿੱਖਿਆ ਦੀਆਂ ਨਿਸ਼ਾਨੀਆਂ ਹਨ।

## ਮਜ਼ਦੂਰ ਮੁਕਤੀ ਮੋਰਚਾ ਦੇ ਸਰਗਰਮ ਕਾਰਕੁਨ ਜਗਸੀਰ ਸਿੰਘ ਉੱਭਾ ਦੀ ਮੌਤ, ਮੋਰਚੇ ਦੇ ਆਗੂ ਸਸਕਾਰ ਸਮੇਂ ਰਹੇ ਹਾਜ਼ਰ

**ਪੱਕਾ ਮੋਰਚਾ 249 ਵੇਂ ਦਿਨ 'ਚ ਹੋਇਆ ਦਾਖਲ**



**ਮਾਨਸਾ (ਪਮਾਰ)**-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਮਜ਼ਦੂਰਾਂ ਦੀਆਂ ਲਟਕਦੀਆਂ ਮੰਗਾਂ ਸੰਬੰਧੀ ਪਿਛਲੇ ਸਾਲ 5 ਅਗਸਤ ਤੋਂ ਏ ਡੀ ਸੀ ਵਿਕਾਸ ਦਫਤਰ ਦੇ ਸਾਹਮਣੇ ਸ਼ੁਰੂ ਕੀਤੇ ਦਿਨ ਰਾਤ ਦੇ ਪੱਕੇ ਮਜ਼ਦੂਰ ਮੋਰਚੇ ਦੇ 248 ਵੇਂ ਦਿਨ ਧਰਨੇ ਉੱਪਰ ਲਗਾਤਾਰ ਪਿਛਲੇ ਕੁਝ ਦਿਨਾਂ ਤੋਂ ਧਰਨੇ 'ਚ ਸ਼ਾਮਲ ਮਾਨਸਾ ਜ਼ਿਲ੍ਹੇ ਦੇ ਪਿੰਡ ਉੱਭਾ ਦੇ ਜਗਸੀਰ ਸਿੰਘ ਉਰਫ ਜੱਗਾ ਪੁੱਤਰ ਸੁਖਦੇਵ ਸਿੰਘ ਦਾ ਬੀਤੀ 3 ਅਪ੍ਰੈਲ ਨੂੰ ਬਾਥਰੂਮ ਦੀਆਂ ਪੌੜੀਆਂ ਚੜ੍ਹਦੇ ਸਮੇਂ ਪੈਰ ਤਿਲਕ ਗਿਆ ਸੀ। ਜਿਸ ਕਾਰਨ ਉਸ ਦੇ ਸਿਰ 'ਚ ਗੰਭੀਰ ਸੱਟ ਲੱਗਣ ਕਾਰਨ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ, ਜਿਥੇ ਉਸ ਨੇ ਦਮ ਤੋੜ ਦਿੱਤਾ। ਜਿਸ ਤੋਂ ਬਾਅਦ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਸਰਕਾਰ ਅਤੇ ਪ੍ਰਸ਼ਾਸਨ ਅੱਗੇ ਭਾਵੇਂ ਮੁਆਵਜ਼ਾ ਅਤੇ ਪੀੜਤ ਪਰਵਾਰ ਦੇ ਇੱਕ ਮੈਂਬਰ ਲਈ ਸਰਕਾਰੀ ਨੌਕਰੀ ਦੀ ਮੰਗ ਰੱਖੀ ਗਈ ਪਰ ਪਰਵਾਰ ਵੱਲੋਂ ਸਰਕਾਰ ਤੋਂ ਕਿਸੇ ਵੀ ਤਰ੍ਹਾਂ ਦੀ ਸਹੂਲਤ /ਸਹਾਇਤਾ ਲੈਣ ਤੋਂ ਇਨਕਾਰ ਕਰਕੇ ਮ੍ਰਿਤਕ ਮਜ਼ਦੂਰ ਦਾ ਸਸਕਾਰ ਕਰ ਦਿੱਤਾ। ਧਰਨਾ ਸਥਾਨ 'ਤੇ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਮਾਨ ਸਰਕਾਰ ਦੀ ਸਰਕਾਰ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ 250 ਦਿਨਾਂ ਦੇ ਕਰੀਬ ਮਜ਼ਦੂਰਾਂ ਦੇ ਚੱਲ ਰਹੇ ਪੱਕੇ ਮੋਰਚੇ ਦਾ ਜਗਸੀਰ ਸਿੰਘ ਉਰਫ ਜੱਗਾ ਉੱਭਾ ਪਹਿਲਾ ਸ਼ਹੀਦ ਬਣ ਚੁੱਕਿਆ ਹੈ। ਉਨ੍ਹਾ ਕਿਹਾ ਕਿ ਮਾਨ ਸਰਕਾਰ ਦੀ ਮਜ਼ਦੂਰ ਵਿਰੋਧੀ ਨੀਤੀ ਦਾ ਹੀ ਨਤੀਜਾ ਹੈ ਕਿ ਪੰਜਾਬ ਦੇ ਅੰਦਰ ਮਜ਼ਦੂਰ ਵਰਗ ਦੀਆਂ ਜਥੇਬੰਦੀਆਂ ਦੇ ਸੰਘਰਸ਼ ਦੇ ਬਾਵਜੂਦ ਮਜ਼ਦੂਰਾਂ ਦੇ ਮਾਮਲੇ ਹੱਲ ਕਰਨ ਦੀ ਥਾਂ ਮਜ਼ਦੂਰ ਜਥੇਬੰਦੀਆਂ ਨਾਲ ਵਾਰ-ਵਾਰ ਮੀਟਿੰਗਾਂ ਤੈਅ ਤੋਂ ਬਾਅਦ ਰੱਦ ਕਰਕੇ ਦਲਿਤਾਂ ਮਜ਼ਦੂਰਾਂ ਦੇ ਮਾਮਲਿਆਂ ਨੂੰ ਗਿਣੀ ਮਿੱਥੀ ਸਾਜਿਸ਼ ਤਹਿਤ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਮਾਨਸਾ ਅੰਦਰ ਚੱਲ ਰਹੇ ਮਜ਼ਦੂਰ ਮੋਰਚੇ ਦੇ ਮੰਗਾਂ ਮਸਲੇ ਜਿਉਂ ਦੀ ਤਿਉਂ ਲਟਕ ਰਹੇ ਹਨ। ਮੁੱਖ ਮੰਤਰੀ ਦੀ ਤਰ੍ਹਾਂ ਮਾਨਸਾ ਜ਼ਿਲ੍ਹੇ ਦਾ ਪ੍ਰਸ਼ਾਸਨ ਵੀ ਦਲਿਤ ਵਿਰੋਧੀ ਹੈ। ਉਨ੍ਹਾ ਕਿਹਾ ਕਿ ਜਗਸੀਰ ਸਿੰਘ ਜੱਗਾ ਵੱਲੋਂ ਮਜ਼ਦੂਰ ਸੰਘਰਸ਼ ਲਈ ਸ਼ਹਾਦਤ ਮਜ਼ਦੂਰ ਅੰਦੋਲਨ ਨੂੰ ਮਜ਼ਬੂਤ ਕਰੇਗੀ। ਉਨ੍ਹਾ ਐਲਾਨ ਕੀਤਾ ਕਿ ਮੋਰਚੇ ਦੇ ਪਹਿਲੇ ਸ਼ਹੀਦ ਜਗਸੀਰ ਸਿੰਘ ਉਰਫ ਜੱਗਾ ਉੱਭਾ ਦੀ ਯਾਦ 'ਚ 14 ਅਪ੍ਰੈਲ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ। ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਜ਼ਿਲ੍ਹਾ ਮੀਤ ਪ੍ਰਧਾਨ ਮਨਜੀਤ ਕੌਰ ਜੋਗਾ, ਸਰਕਲ ਪ੍ਰਧਾਨ ਭੋਲਾ ਸਿੰਘ ਝੱਬਰ, ਗਗਨਦੀਪ ਸਿੰਘ ਖੜਕ ਸਿੰਘ ਵਾਲਾ, ਕਮਲਜੀਤ ਕੌਰ ਝੁਨੀਰ, ਜਰਨੈਲ ਸਿੰਘ ਮਾਨਸਾ, ਦਰਸ਼ਨ ਸਿੰਘ ਦਾਨੇਵਾਲਾ, ਹਾਕਮ ਸਿੰਘ ਖਿਆਲਾ, ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਦੀਪ ਗੁਰੂ, ਜ਼ਿਲ੍ਹਾ ਆਗੂ ਸੋਨੂੰ ਝੱਬਰ ਆਦਿ ਵੀ ਸ਼ਾਮਲ ਸਨ।

## ਸਰਕਾਰੀ ਮਿਡਲ ਸਕੂਲ ਰਾਇਸਰ 'ਚੋਂ ਕੀਮਤੀ ਸਮਾਨ ਚੋਰੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**- ਸਰਕਾਰੀ ਮਿਡਲ ਸਕੂਲ ਪਿੰਡ ਰਾਇਸਰ ਪਟਿਆਲਾ (ਬਰਨਾਲਾ) ਵਿਖੇ ਬੀਤੀ ਰਾਤ ਅਣਪਛਾਤੇ ਚੋਰਾਂ ਵੱਲੋਂ ਸਕੂਲ ਦੇ ਕਮਰਿਆਂ ਦੇ ਜਿੰਦੇ ਤੋੜ ਕੇ ਲੱਖਾਂ ਦਾ ਕੀਮਤੀ ਸਮਾਨ ਚੋਰੀ ਕਰ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ। ਮੁੱਖ ਅਧਿਆਪਕ ਨਿਰਵੈਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਰਾਤ 12 ਵਜੇ ਤੋਂ 3 ਵਜੇ ਦੇ ਦਰਮਿਆਨ ਚੋਰਾਂ ਵੱਲੋਂ ਸਕੂਲ ਦੇ ਜੰਦਰੇ ਤੋੜ ਕੇ 5 ਕਮਰਿਆਂ ਅੰਦਰ ਦਾਖਲ ਹੋਣ ਉਪਰੰਤ ਕਮਰਿਆਂ ਦੀ ਫਰੋਲਾ-ਫਰਾਲੀ ਕਰਕੇ ਕਮਰਿਆਂ ਅੰਦਰ ਪਏ 5 ਛੱਤ ਵਾਲੇ ਪੱਖੇ, ਇੱਕ ਇਨਵਰਟਰ ਤੇ ਬੈਟਰੀ, ਇੱਕ ਗੈਸ ਸਲੰਡਰ, ਇੱਕ ਬਲਿਊ ਤੁੱਥ ਸਪੀਕਰ, ਇੱਕ ਮੈਕਰੋ ਸਪੀਕਰ, ਇੱਕ ਡੀ ਵੀ ਆਰ ਅਤੇ 3 ਬੋਰੀਆਂ ਇੱਕ ਕੁਇੰਟਲ ਕਣਕ ਤੇ ਚਾਵਲ ਚੋਰੀ ਕਰਕੇ ਫਰਾਰ ਹੋ ਗਏ।

ਉਨ੍ਹਾ ਕਿਹਾ ਕਿ ਸਕੂਲ ਅੰਦਰੋਂ ਕੋਈ ਇੱਕ ਲੱਖ ਦੇ ਕਰੀਬ ਕੀਮਤ ਦਾ ਸਮਾਨ ਚੋਰ ਚੋਰੀ ਕਰਕੇ ਲੈ ਗਏ। ਉਨ੍ਹਾ ਕਿਹਾ ਕਿ ਚੋਰੀ ਦੀ ਘਟਨਾ ਦਾ ਸਾਨੂੰ ਸਵੇਰ ਵੇਲੇ ਪਤਾ ਲੱਗਿਆ ਜਦੋਂ ਸਫ਼ਾਈ ਸੇਵਕਾਂ ਨੇ ਸਕੂਲ ਦੇ ਕਮਰਿਆਂ ਨੂੰ ਲੱਗੇ ਹੋਏ ਜੰਦਰੇ ਟੁੱਟੇ ਹੋਏ ਵੇਖੇ ਤਾਂ ਸਾਰੀ ਸਥਿਤੀ ਤੋਂ ਪਿੰਡ ਦੇ ਇੱਕ ਪੰਚਾਇਤ ਮੈਂਬਰ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਸਵੇਰ ਸਮੇਂ ਸਕੂਲ ਅੰਦਰ ਡਿਊਟੀ ਦੇਣ ਲਈ ਪਰਤੇ ਤਾਂ ਚੋਰੀ ਦੀ ਘਟਨਾ ਸਬੰਧੀ ਮਹਤਵਪੂਰ ਵਿਅਕਤੀਆਂ ਨੂੰ ਨਾਲ ਲੈ ਕੇ ਥਾਣਾ ਮਹਿਲ ਕਲਾਂ ਵਿਖੇ ਤਲਾਹ ਦਿੱਤੀ ਗਈ। ਇਸ ਮੌਕੇ ਸੁਰਿੰਦਰ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਰਾਜ ਭਰ ਦੇ ਸਾਰੇ ਸਰਕਾਰੀ ਸਕੂਲਾਂ ਅੰਦਰ ਰਾਤ ਸਮੇਂ ਸਕੂਲਾਂ ਦੀ ਦੇਖ-ਰੇਖ ਕਰਨ ਲਈ ਚੌਕੀਦਾਰ ਰੱਖੇ ਜਾਣ ਤਾਂ ਜੋ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

## ਸਰ੍ਹੋਂ ਦੀ ਖਰੀਦ 'ਚ ਕੀਤੀ ਜਾ ਰਹੀ ਕਿਸਾਨਾਂ ਦੀ ਲੁੱਟ

**5450 ਸਰਕਾਰੀ ਰੇਟ ਦੀ ਬਜਾਏ 1500 ਰੁਪਏ ਘੱਟ ਖਰੀਦੀ ਜਾ ਰਹੀ ਹੈ ਫਸਲ**

**ਬੁਢਲਾਡਾ (ਅਸ਼ੋਕ ਲਾਕੜਾ)**-ਵੱਖ ਵੱਖ ਕਿਸਾਨੀ ਮਸਲਿਆਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਮੀਟਿੰਗ ਸਥਾਨਕ ਗੁਰਦੁਆਰਾ ਬਾਰ੍ਹਾਂ ਸਾਹਿਬ ਨੇੜੇ ਰੇਲਵੇ ਸਟੇਸ਼ਨ ਵਿਖੇ ਹੋਈ। ਸੰਬੋਧਨ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਦਿਲਬਾਗ ਸਿੰਘ ਗੱਗੀ ਕਲੀਪੁਰ ਨੇ ਕਿਹਾ ਕਿ ਅੱਜ ਦੇ ਸਮੇਂ 'ਚ ਕਿਸਾਨੀ ਬਹੁਤ ਮਾੜੇ ਦੌਰ 'ਚ ਚੱਲ ਰਹੀ ਹੈ। ਕੁਦਰਤੀ ਕਰੋਪੀ ਕਾਰਨ ਫਸਲਾਂ ਬਿਲਕੁੱਲ ਖਤਮ ਹੋ ਚੁੱਕੀਆਂ ਹਨ। ਉਨ੍ਹਾ ਕਿਹਾ ਕਿ ਸਰਕਾਰ ਸਰ੍ਹੋਂ ਦੀ ਖਰੀਦ 'ਚ ਭਾਰੀ ਲੁੱਟ ਕਰਵਾ ਰਹੀ ਹੈ। ਕਿਉਂਕਿ ਸਰ੍ਹੋਂ ਦਾ ਰੇਟ 5450 ਰੁਪਏ ਹੈ ਜਦੋਂ ਕਿ ਮੰਡੀ 'ਚ ਵਪਾਰੀ ਵਰਗ ਵੱਲੋਂ 3800 ਰੁਪਏ ਤੋਂ 4000 ਰੁਪਏ ਤੱਕ ਖਰੀਦ ਕੀਤੀ ਜਾ ਰਹੀ ਹੈ। ਤਕਰੀਬਨ 1500 ਰੁਪਏ ਪ੍ਰਤੀ ਕੁਇੰਟਲ ਕਿਸਾਨ ਦੀ ਲੁੱਟ ਹੋ ਰਹੀ ਹੈ। ਉਨ੍ਹਾ ਕਿਹਾ ਕਿ ਮੌਸਮ ਦੀ ਖਰਾਬੀ ਕਰਕੇ ਸਰ੍ਹੋਂ ਅਤੇ ਕਣਕਾਂ ਦੇ ਝਾੜ ਪਹਿਲਾਂ ਨਾਲੋਂ ਬਹੁਤ ਘੱਟ ਹਨ। ਅੱਜ ਤੱਕ ਸਰਕਾਰ ਦੇ ਕਿਸੇ ਵੀ ਅਧਿਕਾਰੀ ਵੱਲੋਂ ਕਣਕ ਦੀ ਗਿਰਦਾਵਰੀ ਨਹੀਂ ਕੀਤੀ ਜਾ ਰਹੀ, ਸਿਰਫ ਬਿਆਨਬਾਜ਼ੀ ਕਰਕੇ ਕਿਸਾਨਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਜੇਕਰ ਸਰ੍ਹੋਂ ਐਮ ਐਸ ਪੀ ਦੇ ਰੇਟ 'ਤੇ ਨਾ ਖਰੀਦ ਸ਼ੁਰੂ ਕੀਤੀ ਅਤੇ ਕਣਕ ਦੀ ਗਿਰਦਾਵਰੀ ਕਰਕੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਨਾ ਦਿੱਤਾ ਤਾਂ ਜਥੇਬੰਦੀ ਵੱਡੀ ਪੱਧਰ 'ਤੇ ਸੰਘਰਸ਼ ਸ਼ੁਰੂ ਕਰੇਗੀ। ਇਸ ਮੌਕੇ ਸਕੱਤਰ ਬਾਬੂ ਸਿੰਘ ਦਾਤੇਵਾਸ, ਸੀਨੀਅਰ ਮੀਤ ਪ੍ਰਧਾਨ ਸਾਧੂ ਸਿੰਘ ਕੁਲਾਣਾ, ਖਜ਼ਾਨਚੀ ਮਹਿਲ ਸਿੰਘ, ਬਲਾਕ ਪ੍ਰਧਾਨ ਲਾਭ ਸਿੰਘ, ਜ਼ਿਲ੍ਹਾ ਯੂਥ ਪ੍ਰਧਾਨ ਮੇਵਾ ਸਿੰਘ, ਰਾਜਵੰਤ ਸਿੰਘ, ਜਸਵੰਤ ਸਿੰਘ, ਗੋਪਾਲ ਸਿੰਘ ਕਲੀਪੁਰ, ਅਸ਼ੋਕ ਕੁਮਾਰ, ਗੁਰਸੰਗਤ ਸਿੰਘ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਕਾਂਗਰਸ ਭਾਜਪਾ ਦੀਆਂ ਕੋਝੀਆਂ ਚਾਲਾਂ ਤੋਂ ਘਬਰਾਉਣ ਵਾਲੀ ਨਹੀਂ : ਕਾਂਗਰਸੀ ਆਗੂ



**ਕੋਟ ਈਸੇ ਖਾਂ (ਅਰੋੜਾ)**-ਅੱਜ ਕੋਟ ਈਸੇ ਖਾਂ ਵਿਖੇ ਕਾਂਗਰਸੀ ਆਗੂਆਂ ਨੇ ਪ੍ਰੈਸ ਵਾਰਤਾ ਕੀਤੀ, ਜਿਸ ਦੌਰਾਨ ਉਨ੍ਹਾਂ ਕਿਹਾ ਕਿ ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਅਤੇ ਪੰਜਾਬ ਕਾਂਗਰਸ ਦੀ ਅਗਵਾਈ ਹੇਠ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਉਨ੍ਹਾਂ ਅੱਜ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਬੀ ਜੇ ਪੀ ਸਰਕਾਰ ਸੰਵਿਧਾਨਕ ਸੰਸਥਾਵਾਂ ਦਾ ਗਲਤ ਇਸਤੇਮਾਲ ਕਰ ਰਹੀ ਹੈ। ਜੇ ਕੋਈ ਵਿਅਕਤੀ ਭਾਜਪਾ ਨੂੰ ਸਵਾਲ ਕਰਦਾ ਹੈ ਭਾਜਪਾ ਉਸ ਨੂੰ ਸੋਚੀ ਸਮਝੀ ਸਾਜਿਸ਼ ਤਹਿਤ ਵੱਖ ਵੱਖ ਏਜੰਸੀਆਂ ਅਤੇ ਸੰਵਿਧਾਨਕ ਸੰਸਥਾਵਾਂ ਦਾ ਗਲਤ ਇਸਤੇਮਾਲ ਕਰਕੇ ਡਰਾ ਧਮਕਾ ਕੇ ਚੁੱਪ ਕਰਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਪਾਰਲੀਮੈਂਟ ਵਿੱਚ ਗੌਤਮ ਅਡਾਨੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਬੰਧਾਂ 'ਤੇ ਸਵਾਲ ਉਠਾਉਦੇ ਹੋਏ ਭਾਸ਼ਣ ਦਿੱਤਾ ਸੀ, ਜਿਸ ਤੋਂ ਬਾਅਦ ਇੱਕ ਮਹੀਨੇ ਤੋਂ ਵੀ ਘੱਟ ਸਮੇਂ 'ਚ ਅਦਾਲਤ ਨੇ ਰਾਹੁਲ ਗਾਂਧੀ ਨੂੰ ਦੋਸ਼ੀ ਠਹਿਰਾ ਦਿੱਤਾ।

ਅਜ਼ਾਦ ਭਾਰਤ 'ਚ ਅਜਿਹਾ ਪਹਿਲੀ ਵਾਰ ਹੋਇਆ ਕਿ ਕਿਸੇ ਨੂੰ ਮਾਣਹਾਨੀ ਦੇ ਕੇਸ 'ਚ 2 ਸਾਲ ਦੀ ਸਜ਼ਾ ਸੁਣਾਈ ਗਈ ਹੋਵੇ। ਬਾਅਦ 'ਚ 24 ਘੰਟਿਆਂ ਦੇ ਅੰਦਰ ਅੰਦਰ ਲੋਕ ਸਭਾ ਸਕੱਤਰੇਤ ਨੇ ਰਾਹੁਲ ਗਾਂਧੀ ਨੂੰ ਬਤੌਰ ਲੋਕ ਸਭਾ ਸੰਸਦ ਅਯੋਗ ਕਰਾਰ ਦੇ ਕੇ ਉਨ੍ਹਾ ਦੀ ਮੈਂਬਰਸ਼ਿਪ ਰੱਦ ਕਰ ਦਿੱਤੀ, ਜਦਕਿ ਭਾਜਪਾ ਦੇ ਕਈ ਸੰਸਦ ਮੈਂਬਰਾਂ 'ਤੇ ਸੰਗੀਨ ਜੁਰਮਾਂ ਦੇ ਦੋਸ਼ ਹਨ, ਪਰ ਉਨ੍ਹਾਂ 'ਤੇ ਨਾ ਕਦੇ ਕੋਈ ਕਾਰਵਾਈ ਹੋਈ ਅਤੇ ਨਾ ਹੀ ਉਨ੍ਹਾਂ ਦੀ ਮੈਂਬਰਸ਼ਿਪ ਕਦੇ ਰੱਦ ਹੋਈ। ਇਹ ਸਭ ਇਹੀ ਦਰਸਾਉਂਦਾ ਹੈ ਕਿ ਕਿਵੇਂ ਪ੍ਰਧਾਨ ਮੋਦੀ ਨਰਿੰਦਰ ਮੋਦੀ ਦੀ ਸਰਕਾਰ ਰਾਹੁਲ ਗਾਂਧੀ ਤੋਂ ਅਤੇ ਉਨ੍ਹਾ ਦੇ ਸਵਾਲਾਂ ਤੋਂ ਬੁਰੀ ਤਰ੍ਹਾਂ ਘਬਰਾ ਗਈ ਹੈ। ਉਨ੍ਹਾ ਦੀ ਅਵਾਜ਼ ਨੂੰ ਬੰਦ ਕਰਨ ਲਈ ਉਨ੍ਹਾ ਦੀ ਪਹਿਲਾਂ ਸੁਰੱਖਿਆ ਵਾਪਸ ਲਈ, ਫਿਰ ਉਨ੍ਹਾ ਨੂੰ ਏਜੰਸੀਆਂ ਤੋਂ ਪੁੱਛਗਿੱਛ ਕਰਵਾ ਕੇ ਡਰਾਉਣ ਦੀ ਕੋਸ਼ਿਸ਼ ਕੀਤੀ ਅਤੇ ਹੁਣ ਬਤੌਰ ਸੰਸਦ ਮੈਂਬਰ ਮੈਂਬਰਸ਼ਿਪ ਰੱਦ ਕਰ ਦਿੱਤੀ ਅਤੇ ਉਨ੍ਹਾ ਨੂੰ ਘਰ ਤੋਂ ਬੇਘਰ ਲਈ ਵੀ ਚਿੱਠੀ ਜਾਰੀ ਕਰ ਦਿੱਤੀ। ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਪ੍ਰਧਾਨ ਮੰਤਰੀ ਮੋਦੀ ਦੀਆਂ ਅਤੇ ਬੀ ਜੇ ਪੀ ਦੀਆਂ ਇਨ੍ਹਾਂ ਕੋਝੀਆਂ ਚਾਲਾਂ ਤੋਂ ਘਬਰਾਉਣ ਵਾਲੀ ਨਹੀਂ। ਉਨ੍ਹਾ ਕਿਹਾ ਕਿ ਕਾਂਗਰਸ ਪਾਰਟੀ ਅਤੇ ਵਰਕਰ ਆਮ ਲੋਕਾਂ ਨੂੰ ਨਾਲ ਲੈ ਕੇ ਮੋਦੀ ਸਰਕਾਰ ਦੇ ਇਸ ਤਾਨਾਸ਼ਾਹੀ ਰਵੱਈਏ ਖਿਲਾਫ ਇੱਕ ਵੱਡਾ ਸੰਘਰਸ਼ ਵਿੱਢਣ ਲਈ ਤਿਆਰ ਬਰ ਤਿਆਰ ਹਨ। ਇਸ ਮੌਕੇ ਸ਼ਵਾਜ ਸਿੰਘ ਭੋਲਾ ਮਸਤੇਵਾਲਾ ਬਲਾਕ ਪ੍ਰਧਾਨ, ਕੁਲਬੀਰ ਸਿੰਘ ਲੌਂਗੀਵਿੰਡ ਸਾਬਕਾ ਚੇਅਰਮੈਨ, ਬਲਤੇਜ ਸਿੰਘ ਕੜਿਆਲ ਚੇਅਰਮੈਨ ਭਾਈ ਕਨ੍ਹਈਆ ਸੰਸਥਾਵਾਂ, ਕ੍ਰਿਸ਼ਨ ਤਿਵਾੜੀ ਮੈਂਬਰ ਪੀ ਸੀ ਸੀ, ਬਲਰਾਮ ਬੱਬੀ ਸ਼ਰਮਾ ਸੀਨੀ. ਕਾਂਗਰਸੀ ਆਗੂ, ਲਖਵੀਰ ਸਿੰਘ ਲੱਖਾ ਸੀਨੀ. ਕਾਂਗਰਸੀ ਆਗੂ, ਰੁਪਿੰਦਰ ਸਿੰਘ ਸਰਪੰਚ ਕੜਿਆਲ, ਨਰਿੰਦਰ ਸਿੰਘ ਸਰਪੰਚ ਜਾਫਰ ਵਾਲਾ, ਗੁਰਭੇਜ ਸਿੰਘ ਕਾਦਰਵਾਲਾ, ਕੁਲਦੀਪ ਸਿੰਘ ਰਾਜਪੂਤ ਸਾਬਕਾ ਪ੍ਰਧਾਨ ਆਦਿ ਕਾਂਗਰਸੀ ਆਗੂ ਹਾਜ਼ਰ ਸਨ।

## ਸਿੱਖਿਆ ਮੰਤਰੀ ਮ੍ਰਿਤਕ ਅਧਿਆਪਕਾਂ ਦੇ ਪਰਵਾਰਾਂ ਨਾਲ ਦੁੱਖ ਸਾਂਝਾ ਕਰਨ ਪੁੱਜੇ

**ਫਾਜ਼ਿਲਕਾ, (ਨਿਸ਼ਾ ਸ਼ਰਮਾ)**-ਪਿਛਲੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਅਕਾਲ ਚਲਾਣਾ ਕਰ ਗਏ ਫਾਜ਼ਿਲਕਾ ਜ਼ਿਲ੍ਹੇ ਦੇ ਤਿੰਨ ਅਧਿਆਪਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਲਈ ਪੰਜਾਬ ਦੇ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਅੱਜ ਜ਼ਿਲ੍ਹੇ ਦੇ ਦੌਰੇ 'ਤੇ ਪੁੱਜੇ। ਇਸ ਦੌਰਾਨ ਸਿੱਖਿਆ ਮੰਤਰੀ ਸ੍ਰ: ਹਰਜੋਤ ਸਿੰਘ ਬੈਂਸ ਨੇ ਦੁੱਖਦਾਈ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਮ੍ਰਿਤਕ ਅਧਿਆਪਕਾਂ ਦੇ ਘਰ ਜਾ ਕੇ ਪਰਿਵਾਰ ਨਾਲ ਆਪਣੀ ਸੰਵੇਦਨਾ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਅਧਿਆਪਕਾਂ ਦੇ ਬੇਵਕਤੇ ਚਲੇ ਜਾਣ ਨਾਲ ਨਾ ਕੇਵਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਸਗੋਂ ਸਿੱਖਿਆ ਵਿਭਾਗ ਨੇ ਵੀ ਆਪਣੇ ਹੋਣਹਾਰ ਅਧਿਆਪਕ ਗੁਆਏ ਹਨ। ਉਨ੍ਹਾ ਮ੍ਰਿਤਕ ਅਧਿਆਪਕਾਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਸਰਕਾਰ ਇਨ੍ਹਾਂ ਪਰਿਵਾਰਾਂ ਦੇ ਨਾਲ ਹੈ। ਉਨ੍ਹਾ ਕਿਹਾ ਕਿ ਬੇਸ਼ਕ ਇਨ੍ਹਾਂ ਅਧਿਆਪਕਾਂ ਦੇ ਜਾਣ ਨਾਲ ਪਿਆ ਘਾਟਾ ਕਿਸੇ ਵੀ ਤਰ੍ਹਾਂ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ, ਪਰ ਸਰਕਾਰੀ ਪਾਲਿਸੀ ਅਨੁਸਾਰ ਜੋ ਵੀ ਸੰਭਵ ਹੋਇਆ, ਪਰਿਵਾਰਾਂ ਦੀ ਮਦਦ ਕਰੇਗੀ।

ਇਸ ਮੌਕੇ ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਵੀ ਹਾਜ਼ਰ ਸਨ ਤੇ ਉਨ੍ਹਾ ਨੇ ਵੀ ਪਰਿਵਾਰਾਂ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ। ਇਸ ਮੌਕੇ ਜਲਾਲਾਬਾਦ ਦੇ ਐੱਸ ਡੀ ਐੱਮ ਸ੍ਰੀ ਰਵਿੰਦਰ ਸਿੰਘ ਅਰੋੜਾ, ਟਰੱਕ ਯੂਨੀਅਨ ਪ੍ਰਧਾਨ ਅੰਕੁਸ਼ ਮੁਟਨੇਜਾ, ਟੋਨੀ ਛਾਬੜਾ, ਜਰਨੈਲ ਸਿੰਘ ਮੁਖੀਜਾ, ਕਪਤਾਨ ਛਾਬੜਾ, ਦੇਵ ਰਾਜ ਸ਼ਰਮਾ, ਪਿੰਟਾ ਚੁੱਘ ਵੀ ਹਾਜ਼ਰ ਸਨ।

## ਲੋਕ ਸੇਵਾ ਸੁਸਾਇਟੀ ਵੱਲੋਂ ਡੀ ਏ ਵੀ ਕਾਲਜ ਨੂੰ 50 ਕੁਰਸੀਆਂ ਭੇਟ

**ਜਗਰਾਓਂ (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਜਗਰਾਓਂ ਵੱਲੋਂ ਲਾਲਾ ਲਾਜਪਤ ਰਾਏ ਡੀ ਏ ਵੀ ਕਾਲਜ ਨੂੰ 50 ਕੁਰਸੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸਰਪ੍ਰਸਤ ਰਾਜਿੰਦਰ ਜੈਨ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਕਾਲਜ ਪ੍ਰਬੰਧਕਾਂ ਦੀ ਮੰਗ 'ਤੇ ਕਾਲਜ ਨੂੰ 50 ਕੁਰਸੀਆਂ ਦਿੱਤੀਆਂ ਗਈਆਂ ਹਨ।

ਇਸ ਮੌਕੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜ ਭੱਲਾ ਤੇ ਪ੍ਰਿੰਸੀਪਲ ਡਾ: ਅਨੁਜ ਸ਼ਰਮਾ ਨੇ ਕਿਹਾ ਕਿ ਲੋਕ ਸੇਵਾ ਸੁਸਾਇਟੀ ਅਸਲ ਵਿੱਚ ਸਮਾਜ ਸੇਵਾ ਦੇ ਕੰਮਾਂ ਨੂੰ ਪੂਰੀ ਤਰ੍ਹਾਂ ਸਮਰਪਤ ਹੈ। ਉਨ੍ਹਾਂ ਕਿਹਾ ਕਿ ਅਸੀਂ ਸੁਸਾਇਟੀ ਦੇ ਮੈਂਬਰਾਂ ਦੀ ਸਮਾਜ ਸੇਵਾ ਭਾਵਨਾ ਨੂੰ ਸਲੂਟ ਕਰਦੇ ਹਾਂ।

ਇਸ ਮੌਕੇ ਸੁਸਾਇਟੀ ਦੇ ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪੀ ਆਰ ਓ ਸੁਖਦੇਵ ਗਰਗ ਤੇ ਨੀਰਜ ਮਿੱਤਲ, ਰਾਜਿੰਦਰ ਜੈਨ ਕਾਕਾ, ਜਸਵੰਤ ਸਿੰਘ, ਵਿਨੋਦ ਬਾਂਸਲ, ਆਰ ਕੇ ਗੋਇਲ, ਅਨਿਲ ਮਲਹੋਤਰਾ, ਮਨੋਹਰ ਸਿੰਘ ਟੱਕਰ ਸਮੇਤ ਪ੍ਰੋ: ਵਿਕਾਸ ਮਹਿੰਦੀਰੱਤਾ, ਬਿੰਦੂ ਸ਼ਰਮਾ, ਮਲਕੀਤ ਕੌਰ, ਸੁਸ਼ਮਾ ਰਾਣੀ ਸਮੇਤ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸੀ।

## ...ਸ.ਫਾ 1 ਦੇ ਬਾਕੀ

### 'ਸੀ ਐੱਮ ਦੀ ਯੋਗਸ਼ਾਲਾ'...

ਰਵਾਇਤ ਉਤੇ ਚੱਲਦਿਆਂ ਇਹ ਯੋਗਸ਼ਾਲਾਵਾਂ ਪੰਜਾਬੀਆਂ ਨੂੰ ਸਰੀਰਕ ਤੇ ਮਾਨਸਿਕ ਤੌਰ ਉਤੇ ਸਿਹਤਮੰਦ ਬਣਾਉਣ ਵਿੱਚ ਮਦਦਗਾਰ ਸਾਬਤ ਹੋਣਗੀਆਂ। ਉਹਨਾ ਕਿਹਾ ਕਿ ਇਸ ਮੁਹਿੰਮ ਤਹਿਤ ਸਿੱਖਿਅਤ ਯੋਗ ਇੰਸਟ੍ਰਕਟਰ ਖੁੱਲ੍ਹੇ ਪਾਰਕਾਂ ਤੇ ਹੋਰ ਜਨਤਕ ਥਾਵਾਂ ਉਤੇ ਲੋਕਾਂ ਨੂੰ ਮੁਫ਼ਤ ਵਿੱਚ ਯੋਗ ਸਿਖਲਾਈ ਦੇਣਗੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਯੋਗਸ਼ਾਲਾ ਦਾ ਇਹ ਤਜਰਬਾ ਕੌਮੀ ਰਾਜਧਾਨੀ ਵਿੱਚ ਕੀਤਾ ਗਿਆ।

ਆਮ ਆਦਮੀ ਨੇ ਇਨ੍ਹਾਂ ਤਜਰਬਿਆਂ ਨੂੰ ਕਾਫ਼ੀ ਵੱਡਾ ਹੁੰਗਾਰਾ ਦਿੱਤਾ। ਉਹਨਾ ਕਿਹਾ ਕਿ ਦਿੱਲੀ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਨੂੰ ਪੰਜਾਬ ਦੇ ਹੋਰ ਕਈ ਹਿੱਸਿਆਂ ਵਿੱਚ ਵੀ ਲਾਗੂ ਕੀਤਾ ਜਾਵੇਗਾ।

ਉਹਨਾ ਕਿਹਾ ਕਿ ਮੁੱਢਲੇ ਪੜਾਅ ਵਿੱਚ ਪਟਿਆਲਾ, ਫਗਵਾੜਾ, ਅੰਮ੍ਰਿਤਸਰ ਤੇ ਲੁਧਿਆਣਾ ਵਰਗੇ ਚਾਰ ਸ਼ਹਿਰਾਂ ਵਿੱਚ ਯੋਗਸ਼ਾਲਾ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਨੂੰ ਸੂਬੇ ਦੇ ਹੋਰ ਹਿੱਸਿਆਂ ਤੱਕ ਵਧਾਇਆ ਜਾਵੇਗਾ। ਇਸ ਮੁਹਿੰਮ ਤਹਿਤ ਸਿੱਖਿਅਤ ਯੋਗ ਇੰਸਟ੍ਰਕਟਰ ਲੋਕਾਂ ਨੂੰ ਮੁਫ਼ਤ ਵਿੱਚ ਯੋਗ ਆਸਣ ਸਿਖਾਉਣਗੇ। ਕੇਜਰੀਵਾਲ ਨੇ ਕਿਹਾ ਕਿ ਦਿੱਲੀ ਦੇ ਉਪ ਰਾਜਪਾਲ ਵੱਲੋਂ ਇਨ੍ਹਾਂ ਨੂੰ ਰੋਕ ਦੇਣ ਤੱਕ ਦਿੱਲੀ ਦੇ 17 ਹਜ਼ਾਰ ਵਿਅਕਤੀ ਮੁਫ਼ਤ ਵਿੱਚ ਯੋਗ ਦੀ ਸਿਖਲਾਈ ਲੈ ਚੁੱਕੇ ਸਨ।

### ਆਪਣਾ ਆਦਰਸ਼...

ਜਾਣ ਵਾਲੇ ਕਦਮਾਂ ਉਤੇ ਸਲਾਹ-ਮਸ਼ਵਰਾ ਕੀਤਾ ਜਾਵੇਗਾ।

ਪੰਜਾਬ ਦੇ ਨੌਜਵਾਨਾਂ ਨੂੰ ਹੁਨਰਮੰਦ, ਕਾਬਲ ਅਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਦੱਸਦੇ ਹੋਏ ਭਗਵੰਤ ਮਾਨ ਨੇ ਕਿਹਾ, 'ਨੌਜਵਾਨਾਂ ਦੇ ਮਨ ਵਿਚ ਆਪਣਾ ਭਵਿੱਖ ਸੰਵਾਰਨ ਲਈ ਹਜ਼ਾਰਾਂ ਸੁਪਨੇ ਹੁੰਦੇ ਹਨ, ਪਰ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਉਡਾਨ ਦੇਣ ਲਈ ਢੁਕਵੇਂ ਮੌਕੇ ਪ੍ਰਦਾਨ ਨਹੀਂ ਕੀਤੇ ਜਾਂਦੇ। ਪੰਜਾਬ ਸਰਕਾਰ ਆਪਣੇ ਨੌਜਵਾਨਾਂ ਨੂੰ ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਪੂਰਾ ਸਹਿਯੋਗ ਦੇਵੇਗੀ।'

ਨੌਜਵਾਨਾਂ ਨੂੰ ਚੰਗੇ ਅਹੁਦੇ ਹਾਸਲ ਕਰਨ ਲਈ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਅਜੀਬੋ-ਗਰੀਬ ਗੱਲ ਹੈ ਕਿ ਤਕਨਾਲੋਜੀ ਦੇ ਯੁੱਗ ਵਿਚ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਚ ਦਾਖਲਿਆਂ ਦੀ ਦਰ ਸਿਰਫ 35 ਫੀਸਦੀ ਰਹਿ ਗਈ ਹੈ। ਇਸੇ ਤਰ੍ਹਾਂ ਪ੍ਰਾਈਵੇਟ ਲਵਲੀ ਯੂਨੀਵਰਸਿਟੀ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਸ ਯੂਨੀਵਰਸਿਟੀ ਵਿਚ 40,000 ਵਿਦਿਆਰਥੀ ਉਚੇਰੀ ਸਿੱਖਿਆ ਹਾਸਲ ਕਰ ਰਹੇ ਹਨ, ਪਰ ਏਨੀ ਵੱਡੀ ਗਿਣਤੀ ਵਿੱਚੋਂ ਸਿਰਫ 5200 ਵਿਦਿਆਰਥੀ ਪੰਜਾਬ ਦੇ ਹਨ। ਮਾਨ ਨੇ ਕਿਹਾ, 'ਮੇਰੀ ਦਿਲੀ ਇੱਛਾ ਹੈ ਕਿ ਪੰਜਾਬ ਦੇ ਨੌਜਵਾਨ ਨੌਕਰੀਆਂ ਮੰਗਣ ਵਾਲੇ ਨਾ ਬਣਨ, ਸਗੋਂ ਨੌਕਰੀਆਂ ਦੇਣ ਵਾਲੇ ਬਣਨ। ਪੰਜਾਬ ਦੇ ਨੌਜਵਾਨਾਂ ਦੇ ਦਫਤਰ ਚੰਗੀਆਂ ਸਹੂਲਤਾਂ ਨਾਲ ਲੈਸ ਹੋਣ ਅਤੇ ਉਹ ਉਚੇ ਅਹੁਦਿਆਂ ਵਾਲੇ ਦਫਤਰਾਂ ਵਿਚ ਪਹੁੰਚਣ, ਨਾ ਕਿ ਉਨ੍ਹਾਂ ਨੂੰ ਜੇਲ੍ਹਾਂ ਵਿਚ ਜਾਣ ਲਈ ਮਜਬੂਰ ਹੋਣਾ ਪਵੇ।'

ਵਰਕ ਕਲਚਰ (ਕੰਮ ਸੱਭਿਆਚਾਰ) ਦੀ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ੀ ਮੁਲਕਾਂ ਵਿਚ ਵਰਕ ਕਲਚਰ ਹੋਣ ਕਰਕੇ ਉਥੇ ਸਾਡੇ ਪੰਜਾਬੀ ਨੌਜਵਾਨਾਂ ਨੇ ਬਹੁਤ ਸਖਤ ਮਿਹਨਤਾਂ ਕੀਤੀਆਂ ਹਨ ਅਤੇ ਕਈ ਮੁਲਕਾਂ ਵਿਚ ਤਾਂ ਪੰਜਾਬੀਆਂ ਨੇ ਅੰਗਰੇਜ਼ਾਂ ਨਾਲੋਂ ਵੱਡੇ ਕਾਰੋਬਾਰ ਸਥਾਪਤ ਕੀਤੇ ਹੋਏ ਹਨ। ਉਹ ਮੁਲਕ ਵਰਕ ਕਲਚਰ ਕਰਕੇ ਵਿਕਸਤ ਮੁਲਕਾਂ ਦਾ ਦਰਜਾ ਹਾਸਲ ਕਰ ਚੁੱਕੇ ਹਨ।

ਆਪਣੇ ਨਿੱਜੀ ਜੀਵਨ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਮੈਂ ਪੰਜਾਬ ਦੀ ਬਿਹਤਰੀ ਲਈ ਹਰ ਰੋਜ਼ ਲਗਭਗ 12 ਘੰਟੇ ਤੋਂ ਵੱਧ ਸਮਾਂ ਕੰਮ ਕਰਦਾਂ ਹਾਂ ਅਤੇ ਇੱਥੋਂ ਤੱਕ ਕਿ ਛੁੱਟੀ ਵਾਲੇ ਦਿਨਾਂ ਵਿਚ ਵੀ ਸਰਕਾਰੀ ਫਾਈਲਾਂ ਨਿਪਟਾਉਣ ਦੇ ਨਾਲ-ਨਾਲ ਮੀਟਿੰਗਾਂ ਕਰਦਾ ਹਾਂ। ਹਰ ਰੋਜ਼ ਮੇਰੀ ਇਹ ਕੋਸ਼ਿਸ਼ ਹੁੰਦੀ ਹੈ ਕਿ ਮੈਂ ਪੰਜਾਬੀਆਂ ਦੀ ਭਲਾਈ ਲਈ ਕੋਈ ਨਾ ਕੋਈ ਨਵਾਂ ਉਪਰਾਲਾ ਜਾਂ ਫੈਸਲਾ ਲਵਾਂ, ਤਾਂ ਕਿ ਅਸੀਂ ਪੰਜਾਬ ਨੂੰ ਛੇਤੀ ਹੀ ਤਰੱਕੀਪਸੰਦ ਸੂਬਾ ਬਣਾ ਸਕੀਏ।'

### ਮੀਂਹ ਨਾਲ ਹੋਏ...

ਗਿਆ ਤਾਂ ਡੀ ਸੀ ਦਫਤਰ ਤਰਨ ਤਾਰਨ ਵਿਖੇ ਲਗਾਤਾਰ ਸੰਘਰਸ ਆਰੰਭ ਦਿੱਤਾ ਜਾਵੇਗਾ। ਦੂਜਾ ਮਤਾ ਪਾਸ ਕੀਤਾ ਗਿਆ ਕਿ ਮੀਂਹ ਨਾਲ ਕਣਕ ਦਾ ਬੜਾ ਨੁਕਸਾਨ ਹੋਇਆ ਹੈ। ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਵਾਸਤੇ ਸਰਕਾਰ ਨੇ ਜਿਹੜਾ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ, ਇਹ ਕਿਸਾਨਾਂ ਨਾਲ ਕੋਝਾ ਮਜ਼ਾਕ ਹੈ। ਮੁਆਵਜ਼ਾ ਵਧਾਉਣ ਦੇ ਨਾਲ-ਨਾਲ ਬੈਂਕਾਂ ਦੇ ਕਰਜ਼ੇ ਮੁਆਫ ਕਰਨੇ ਚਾਹੀਦੇ ਹਨ। ਖੇਤ ਮਜ਼ਦੂਰਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇ, ਕਿਉਂਕਿ ਜੇ ਕਿਸਾਨ ਸੁਖੀ ਹੋਵੇਗਾ ਤਾਂ ਤਾਂ ਹੀ ਮਜ਼ਦੂਰਾਂ ਨੂੰ ਰਜਵਾਂ ਕੰਮ ਮਿਲਦਾ ਹੈ, ਜੇ ਕਿਸਾਨ ਨੂੰ ਖੁਸ਼ਹਾਲੀ ਨਾ ਮਿਲੀ ਤਾਂ ਫਿਰ ਮਜ਼ਦੂਰ ਨੂੰ ਵੀ ਖੁਸ਼ਹਾਲੀ ਨਹੀਂ ਮਿਲੇਗੀ, ਇਸ ਲਈ ਖੇਤੀਬਾੜੀ ਨਾਲ ਜੁੜੇ ਹਰੇਕ ਕਿਰਤੀ ਨੂੰ ਮੁਆਵਜ਼ਾ ਦਿੱਤਾ ਜਾਵੇ।

ਸਮਾਗਮ ਨੂੰ ਜਗੀਰੀ ਰਾਮ ਪੱਟੀ, ਗੁਰਬਿੰਦਰ ਸਿੰਘ ਸੋਹਲ, ਬਲਵਿੰਦਰ ਸਿੰਘ ਦਦੇਹਰ ਸਾਹਿਬ, ਨਰਿੰਦਰ ਸਿੰਘ ਅਲਗੋਂ ਤੇ ਚਰਨ ਸਿੰਘ ਤਰਨ ਤਾਰਨ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੇ ਫਰਜ਼ ਸੀ ਪੀ ਆਈ ਤਰਨ ਤਾਰਨ ਜ਼ਿਲ੍ਹੇ ਦੇ ਸਕੱਤਰ ਦਵਿੰਦਰ ਸੋਹਲ ਨੇ ਬਾਖੂਬੀ ਨਿਭਾਏ।

### ਕਾਂਗਰਸ ਦੇ ਸਾਬਕਾ ...

ਵਿਕਾਸ ਦੀ ਲੀਹ 'ਤੇ ਹੈ ਅਤੇ ਮਾਨ ਸਰਕਾਰ ਹਰ ਰੋਜ਼ ਪੰਜਾਬ-ਪੱਖੀ ਅਤੇ ਲੋਕ-ਪੱਖੀ ਕਦਮ ਚੁੱਕ ਰਹੀ ਹੈ। ਉਹਨਾ ਕਿਹਾ ਕਿ ਵਿਰੋਧੀ ਧਿਰ ਦੀ ਏਕਤਾ ਮਹੱਤਵਪੂਰਨ ਨਹੀਂ, ਲੋਕਤੰਤਰ ਵਿੱਚ ਜਨਤਾ ਦੀ ਏਕਤਾ ਸਭ ਤੋਂ ਅਹਿਮ ਹੈ।

ਰਿੰਕੂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਮੈਂਬਰ ਪਾਰਲੀਮੈਂਟ ਰਾਘਵ ਚੱਢਾ ਨੇ ਕਿਹਾ ਕਿ ਸੁਸੀਲ ਕੁਮਾਰ ਰਿੰਕੂ ਦੀ ਮੌਜੂਦਗੀ ਪਾਰਟੀ ਨੂੰ ਜਲੰਧਰ ਹੀ ਨਹੀਂ, ਸਗੋਂ ਪੂਰੇ ਦੁਆਬਾ ਖੇਤਰ ਵਿੱਚ ਮਜ਼ਬੂਤ ਕਰੇਗੀ। ਰਿੰਕੂ ਨੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਪੰਜਾਬ ਵਾਸੀਆਂ ਪ੍ਰਤੀ ਸਮਰਪਣ ਭਾਵਨਾ ਤੋਂ ਪ੍ਰਭਾਵਤ ਹਨ ਅਤੇ ਇਹੀ ਕਾਰਨ ਹੈ ਕਿ ਉਹ ਪਾਰਟੀ 'ਚ ਸ਼ਾਮਲ ਹੋ ਰਹੇ ਹਨ। ਉਨ੍ਹਾ ਕਿਹਾ ਕਿ ਦਿੱਲੀ ਅਤੇ ਪੰਜਾਬ ਦੀਆਂ 'ਆਪ' ਸਰਕਾਰਾਂ ਨੇ ਹਰ ਖੇਤਰ ਵਿੱਚ ਖਾਸ ਕਰਕੇ ਸਿੱਖਿਆ, ਸਿਹਤ ਅਤੇ ਕਾਨੂੰਨ ਵਿਵਸਥਾ ਵਿੱਚ ਸ਼ਲਾਘਾਯੋਗ ਕੰਮ ਕੀਤੇ ਹਨ। ਉਨ੍ਹਾ ਕਿਹਾ—ਮੇਰਾ ਟੀਚਾ ਜਲੰਧਰ ਦੇ ਨਾਲ-ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਕਰਨਾ ਹੈ ਅਤੇ ਮੈਂ ਚਾਹੁੰਦਾ ਹਾਂ ਕਿ 'ਆਪ' ਦੀਆਂ ਲੋਕ-ਪੱਖੀ ਨੀਤੀਆਂ ਪੰਜਾਬ ਦੇ ਹਰ ਘਰ ਤੱਕ ਪਹੁੰਚਦੀਆਂ ਹੋਣ।

## ਵਰਲਡ 'ਵਰਸਿਟੀ ਵਿਖੇ ਸਾਹਿਤਕ ਪਾਤਰ ਪੇਸ਼ਕਾਰੀ ਮੁਕਾਬਲਾ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵੱਲੋਂ ਇੱਕ ਅੰਤਰ-ਵਿਭਾਗੀ ਐਕਟਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਭਾਗ ਦੇ ਵਿਦਿਆਰਥੀਆਂ ਨੇ ਅੰਗਰੇਜ਼ੀ ਸਾਹਿਤ ਦੇ ਵੱਖ-ਵੱਖ ਪਾਤਰ ਪੇਸ਼ ਕੀਤੇ। ਇਸ ਮੁਕਾਬਲੇ ਨਾਲ ਵਿਦਿਆਰਥੀਆਂ ਨੂੰ ਸਾਹਿਤਕ ਪਾਠਾਂ 'ਚੋਂ ਆਪਣੇ ਮਨਪਸੰਦ ਪਾਤਰਾਂ ਨੂੰ ਪੇਸ਼ ਕਰਨ ਦਾ ਮੌਕਾ ਮਿਲਿਆ। ਭਾਗੀਦਾਰਾਂ ਨੇ ਆਤਮਵਿਸ਼ਵਾਸ ਅਤੇ ਵਧੀਆ ਅਦਾਕਾਰੀ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ। ਵਿਭਾਗ ਅਧਿਆਪਕ ਜਸਪ੍ਰੀਤ ਕੌਰ ਅਤੇ ਸਿਮਰਜੀਤ ਕੌਰ ਨੇ ਭਾਗੀਦਾਰਾਂ ਦੀ ਉਨ੍ਹਾਂ ਦੇ ਆਤਮਵਿਸ਼ਵਾਸ, ਪੇਸ਼ਕਾਰੀ, ਪਹਿਰਾਵੇ ਅਤੇ ਭਾਸ਼ਾ ਦੀ ਸਪਸ਼ਟਤਾ ਦੇ ਪੱਖੋਂ ਪਰਖ ਕੀਤੀ। ਐਮ ਏ ਅੰਗਰੇਜ਼ੀ ਦੀ ਅੰਮ੍ਰਿਤਪਾਲ ਕੌਰ ਨੂੰ ਸਰਵੋਤਮ ਅਦਾਕਾਰਾ ਐਲਾਨਿਆ ਗਿਆ, ਉਸ ਨੇ ਲੇਡੀ ਮੈਕਬੈਥ ਦੀ ਭੂਮਿਕਾ ਨਿਭਾਈ। ਇਸੇ ਜਮਾਤ ਦੀ ਮਨਜੋਤ ਕੌਰ ਅਤੇ ਜਤਿੰਦਰ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ, ਉਨ੍ਹਾਂ ਨੇ ਦ ਇਮਪੋਰਟੈਂਸ ਆਫ ਬੀਇੰਗ ਅਰਨੈਸਟ ਦੇ ਇੱਕ ਦ੍ਰਿਸ਼ ਨੂੰ ਪੇਸ਼ ਕੀਤਾ ਅਤੇ ਤੀਜਾ ਇਨਾਮ ਬੀ ਏ ਆਨਰਜ਼ ਅੰਗਰੇਜ਼ੀ ਦੇ ਗੁਰਿੰਦਰ ਸਿੰਘ ਅਤੇ ਐੱਮ ਏ ਅੰਗਰੇਜ਼ੀ ਪਹਿਲੇ ਸਾਲ ਦੀ ਨਵਦੀਪ ਕੌਰ ਨੇ ਮਦਰਜ਼ ਡੇ ਨਾਟਕ ਤੋਂ ਮਿਸ ਪੀਅਰਸਨ ਅਤੇ ਮਿਸਟਰ ਜਾਰਜ ਦੀ ਭੂਮਿਕਾ ਨਿਭਾਉਣ ਲਈ ਹਾਸਲ ਕੀਤਾ। । ਜੇਤੂਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਡਾ.ਅੰਕਦੀਪ ਕੌਰ ਅਟਵਾਲ, ਵਿਭਾਗ ਦੇ ਮੁਖੀ ਨੇ ਇਸ ਸਮਾਗਮ ਲਈ ਵਿਦਿਆਰਥੀਆਂ ਦੇ ਨਾਲ-ਨਾਲ ਸਹਿ-ਪਾਠਕ੍ਰਮ ਗਤੀਵਿਧੀ ਇੰਚਾਰਜ ਸਿਮਰਜੀਤ ਕੌਰ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ ਅਜਿਹੀਆਂ ਨਾਟਕੀ ਗਤੀਵਿਧੀਆਂ ਸਾਹਿਤਕ ਪਾਤਰਾਂ ਨੂੰ ਸੌਖੇ ਅਤੇ ਚੰਗੀ ਤਰ੍ਹਾਂ ਸਮਝਣ 'ਚ ਸਹਾਇਕ ਹੁੰਦੀਆਂ ਹਨ। ਸਮਾਗਮ ਦੀ ਕਨਵੀਨਰ ਸੰਦੀਪ ਕੌਰ ਨੇ ਮੰਚ ਸੰਚਾਲਨ ਕੀਤਾ।

## ਮੁਹੱਲਾ ਵਾਸੀਆਂ ਦੀ ਮੰਗ ਪੂਰੀ ਹੋਣ 'ਤੇ ਲੱਡੂ ਵੰਡ ਕੇ ਮਨਾਈ ਖੁਸ਼ੀ

**ਕੋਟਕਪੂਰਾ, (ਰਛਪਾਲ ਭੁੱਲਰ )** - ਸਥਾਨਕ ਸ਼ਹਿਰ ਦੇ ਵਾਰਡ ਨੰਬਰ 6, ਮੁਹੱਲਾ ਪ੍ਰੇਮ ਨਗਰ ਦੇ ਵਸਨੀਕਾਂ ਦੀ ਖੁਸ਼ੀ ਦਾ ਅੱਜ ਉਸ ਵੇਲੇ ਕੋਈ ਟਿਕਾਣਾ ਨਾ ਰਿਹਾ, ਜਦੋਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਯਤਨਾਂ ਸਦਕਾ ਪਿਛਲੇ 40 ਸਾਲਾਂ ਤੋਂ ਲਟਕਦੀ ਆ ਰਹੀ ਮੰਗ ਪੂਰੀ ਹੋਈ ਅਤੇ ਸਮੱਸਿਆ ਦਾ ਹੱਲ ਹੋਣ 'ਤੇ ਮੁਹੱਲਾ ਵਾਸੀਆਂ ਨੇ ਲੱਡੂ ਵੰਡ ਕੇ ਤੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾ ਕੇ ਖੁਸ਼ੀ ਸਾਂਝੀ ਕੀਤੀ। ਪਿਛਲੇ 4 ਦਹਾਕਿਆਂ ਦਾ ਨਰਕ ਕੱਢਣ ਲਈ ਉੱਥੇ ਬਣਨ ਵਾਲੀ ਸੜਕ ਦੀ ਲੱਗ ਰਹੀ ਇੰਟਰਲਾਕਿੰਗ ਟਾਈਲ ਦਾ ਉਦਘਾਟਨ ਕਰਨ ਲਈ ਪੁੱਜੇ ਸਪੀਕਰ ਸੰਧਵਾਂ ਦੇ ਭਰਾ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਨੇ ਮੁਹੱਲੇ ਦੀਆਂ ਵਸਨੀਕ ਬੀਬੀਆਂ ਤੋਂ ਰਿਬਨ ਕਟਵਾ ਕੇ ਉਕਤ ਵਿਕਾਸ ਕਾਰਜ ਦਾ ਉਦਘਾਟਨ ਕਰਵਾਇਆ। ਸੰਬੋਧਨ ਦੌਰਾਨ ਐਡਵੋਕੇਟ ਸੰਧਵਾਂ ਅਤੇ ਯੂਥ ਆਗੂ ਸੁਖਵੰਤ ਸਿੰਘ ਪੱਕਾ ਨੇ ਆਖਿਆ ਕਿ ਪਹਿਲਾਂ ਇਸ ਮੁਹੱਲੇ ਦੇ ਵਸਨੀਕਾਂ ਨੂੰ ਗਲੀਆਂ-ਨਾਲੀਆਂ ਬਣਾਉਣ ਦੇ ਲਾਰੇ ਲਾ ਕੇ ਵਾਰ ਵਾਰ ਵੋਟਾਂ ਬਟੋਰੀਆਂ ਗਈਆਂ ਤੇ ਜਦੋਂ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਉਕਤ ਗਲੀਆਂ-ਨਾਲੀਆਂ ਬਣਾਉਣ ਦਾ ਕਾਰਜ ਵਿੱਢਿਆ ਤਾਂ ਉਸ ਵਿੱਚ ਅੜਿੱਕਾ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਮੁਹੱਲਾ ਵਾਸੀਆਂ ਬੀਬੀ ਨਸੀਬ ਕੌਰ, ਪ੍ਰਿੰਸ ਬਹਿਲ, ਵਿਪਨ ਕੁਮਾਰ ਅਤੇ ਹੋਰਨਾਂ ਨੇ ਕੁਝ ਸਿਆਸਤਦਾਨਾਂ ਦਾ ਨਾਂਅ ਲੈ ਕੇ ਉਨ੍ਹਾਂ ਦੀ ਨੁਕਤਾਚੀਨੀ ਕਰਦਿਆਂ ਆਖਿਆ ਕਿ ਉਨ੍ਹਾਂ ਵੋਟਾਂ ਬਟੋਰਨ ਦੀ ਮਨਸ਼ਾ ਨਾਲ ਵੱਡੇ ਵੱਡੇ ਵਾਅਦੇ ਅਤੇ ਦਾਅਵੇ ਕੀਤੇ ਪਰ ਵੋਟਾਂ ਬਟੋਰਨ ਤੋਂ ਬਾਅਦ ਮੁਹੱਲਾ ਵਾਸੀਆਂ ਨੂੰ ਕਦੇ ਮੂੰਹ ਨਾ ਦਿਖਾਇਆ। ਉਨ੍ਹਾ ਦੋਸ਼ ਲਾਇਆ ਕਿ ਨਗਰ ਕੌਂਸਲ ਦਾ ਪ੍ਰਧਾਨ ਇਸੇ ਵਾਰਡ ਨੰਬਰ 6 ਦਾ ਚੁਣਿਆ ਨੁਮਾਇੰਦਾ ਹੈ ਅਤੇ ਇੱਥੋਂ ਕੌਂਸਲਰ ਬਣ ਕੇ ਹੀ ਉਹ ਪ੍ਰਧਾਨ ਬਣਿਆ ਪਰ ਉਸ ਨੇ ਵੀ ਵਿਕਾਸ ਕਾਰਜ 'ਚ ਅੜਿੱਕਾ ਪਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਪੀਕਰ ਸੰਧਵਾਂ ਦੇ ਪੀ ਆਰ ਓ ਮਨਪ੍ਰੀਤ ਸਿੰਘ ਮਣੀ ਧਾਲੀਵਾਲ ਸਮੇਤ ਗੁਰਮੀਤ ਸਿੰਘ ਆਰੇਵਾਲਾ, ਬੱਬੂ ਸਿੰਘ ਪੱਕਾ, ਹਰਦੀਪ ਸਿੰਘ ਬਿੱਟਾ, ਲਖਵਿੰਦਰ ਸਿੰਘ ਢਿੱਲੋਂ, ਨਰੇਸ਼ ਸਿੰਗਲਾ, ਪਰਮਜੀਤ ਸਿੰਘ ਸੰਧੂ, ਰਾਜਨ ਗਰੋਵਰ, ਸੁਖਵਿੰਦਰ ਸਿੰਘ ਗਿੱਲ, ਪਿੰਦਰ ਸਿੰਘ ਗਿੱਲ, ਸੋਨੂੰ ਬਹਿਲ, ਕਿੰਦਾ, ਲੱਖਾ, ਸ਼ੈਲੀ, ਬੱਬੀ ਸਮੇਤ ਹੋਰ ਵੀ ਅਨੇਕਾਂ ਮੁਹੱਲਾ ਵਾਸੀ ਹਾਜ਼ਰ ਸਨ।

## ਗਿਰਦਾਵਰੀ ਨਾ ਹੋਣ 'ਤੇ 11 ਨੂੰ ਘੇਰਾਂਗੇ ਮੁੱਖ ਮੰਤਰੀ : ਪੀਰ ਮੁਹੰਮਦ, ਤਲਵੰਡੀ

**ਮੱਖੂ (ਰਛਪਾਲ ਸਿੰਘ ਸੰਧੂ)** : ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਮੱਖੂ ਦੀ ਮੀਟਿੰਗ ਜੰਡ ਸਿੰਘ ਦੀ ਪ੍ਰਧਾਨਗੀ ਹੇਠ ਪੁਰਾਣੀ ਤਹਿਸੀਲ ਮੱਖੂ ਵਿਖੇ ਹੋਈ, ਜਿਸ ਵਿੱਚ ਬਲਾਕ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਹੋਏ। ਇਸ ਮੌਕੇ ਲਖਵਿੰਦਰ ਸਿੰਘ ਪੀਰ ਮੁਹੰਮਦ, ਪ੍ਰਗਟ ਸਿੰਘ ਤਲਵੰਡੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਬੇਮੌਸਮੀ ਬਰਸਾਤ ਨਾਲ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ, ਜਿਸ ਕਾਰਨ ਕਿਸਾਨ ਚਿੰਤਾ ਦੇ ਆਲਮ ਵਿੱਚ ਹਨ, ਕਿਉਂਕਿ ਕਿਸਾਨਾਂ ਦੇ ਸੁਪਨੇ ਚਕਨਾਚੂਰ ਹੋ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਉਨ੍ਹਾਂ ਦੇ ਮੰਤਰੀ ਇੱਕ ਹਫਤੇ ਵਿੱਚ ਕਿਸਾਨਾਂ ਦੀ ਬਰਬਾਦ ਹੋਈ ਕਣਕ ਦੀ ਫਸਲ ਦਾ ਮੁਆਵਜ਼ਾ ਦੇਣ ਦੇ ਬਿਆਨ ਦਾਗ ਰਹੇ ਹਨ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਪਿੰਡਾਂ ਵਿੱਚ ਕੋਈ ਵੀ ਅਧਿਕਾਰੀ ਜ਼ਮੀਨ ਦੀ ਗਿਰਦਾਵਰੀ ਕਰਨ ਨਹੀਂ ਪਹੁੰਚਿਆ। ਲੋਕ ਊਠ ਦੇ ਬੁੱਲ੍ਹ ਵਾਂਗ ਸਰਕਾਰ ਦੇ ਮੂੰਹ ਵੱਲ ਵੇਖ ਰਹੇ ਹਨ। ਕੁੰਭਕਰਨੀ ਨੀਂਦ ਵਿੱਚ ਸੁੱਤੀ ਸਰਕਾਰ ਨੂੰ ਜਗਾਉਣ ਲਈ 11 ਅਪ੍ਰੈਲ ਨੂੰ ਮੁੱਖ ਮੰਤਰੀ ਨੂੰ ਘੇਰਿਆ ਜਾਵੇਗਾ। ਇਸ ਮੌਕੇ ਬਲਵਿੰਦਰ ਸਿੰਘ ਮਰਾੜ, ਗੁਰਵਿੰਦਰ ਸਿੰਘ, ਦਵਿੰਦਰ ਸਿੰਘ, ਹਰਜਿੰਦਰ ਸਿੰਘ ਸਭਰਾ, ਗੁਰਚਰਨ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ, ਲਖਵਿੰਦਰ ਸਿੰਘ, ਸਰਦੂਲ ਸਿੰਘ, ਗੁਰਦੀਪ ਸਿੰਘ ਆਦਿ ਹਾਜ਼ਰ ਸਨ।

## ਰਾਮ ਤੀਰਥ ਮੰਨਾ ਨੇ ਮੀਤ ਹੇਅਰ ਦੀ ਹਾਜ਼ਰੀ 'ਚ ਸਾਂਭੀ ਚੇਅਰਮੈਨ ਦੀ ਜ਼ਿੰਮੇਵਾਰੀ

**ਬਰਨਾਲਾ, (ਰਜਿੰਦਰ ਬਰਾੜ,ਰਾਕੇਸ਼ ਨੀਟਾ)**- ਰਾਮ ਤੀਰਥ ਮੰਨਾ ਨੇ ਅੱਜ ਇੱਥੇ ਨਗਰ ਸੁਧਾਰ ਟਰੱਸਟ ਬਰਨਾਲਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਕੁਲਵੰਤ ਸਿੰਘ ਪੰਡੋਰੀ ਵਿਧਾਇਕ ਹਲਕਾ ਮਹਿਲ ਕਲਾਂ , ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਗੁਰਦੀਪ ਸਿੰਘ ਬਾਠ, ਡਿਪਟੀ ਕਮਿਸ਼ਨਰ ਪੂਨਮਦੀਪ ਕੌਰ, ਐਸ ਐਸ ਪੀ ਸੰਦੀਪ ਕੁਮਾਰ ਮਲਿਕ ਸਮੇਤ ਹੋਰ ਸ਼ਖ਼ਸੀਅਤਾਂ ਮੌਜੂਦ ਰਹੀਆਂ, ਜਿਨ੍ਹਾਂ ਨੇ ਮੰਨਾ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਕੈਬਨਿਟ ਮੰਤਰੀ ਮੀਤ ਹੇਅਰ ਨੇ ਆਖਿਆ ਕਿ ਮੰਨਾ ਬੇਹੱਦ ਮਿਹਨਤੀ ਇਨਸਾਨ ਹਨ, ਜੋ ਸ਼ਹਿਰ ਦੇ ਵਿਕਾਸ ਨੂੰ ਤਰਜੀਹ ਦੇਣਗੇ। ਇਸ ਮੌਕੇ ਮੰਨਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਕੈਬਨਿਟ ਮੰਤਰੀ ਮੀਤ ਹੇਅਰ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਮਿਹਨਤ ਤੇ ਸ਼ਿੱਦਤ ਨਾਲ ਨਿਭਾਉਣਗੇ ਤਾਂ ਜੋ ਬਰਨਾਲਾ ਨੂੰ ਹੋਰ ਤਰੱਕੀ ਵੱਲ ਲਿਜਾਇਆ ਜਾ ਸਕੇ। ਉਨ੍ਹਾ ਕਿਹਾ ਕਿ ਉਹ ਟਰੱਸਟ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਾਲ ਲੈ ਕੇ ਚੱਲਣਗੇ ਤੇ ਸਕਾਰਾਤਾਮਕ ਪਹੁੰਚ ਅਪਣਾਉਂਦਿਆਂ ਟਰੱਸਟ ਤੇ ਸ਼ਹਿਰ ਦੀ ਬਿਹਤਰੀ ਲਈ ਕੰਮ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੌਂਸਲਰ ਰੁਪਿੰਦਰ ਸਿੰਘ ਸੀਤਲ ਤੇ ਮਲਕੀਤ ਸਿੰਘ, ਓ ਐਸ ਡੀ ਹਸਨਪ੍ਰੀਤ ਭਾਰਦਵਾਜ, ਪਰਮਿੰਦਰ ਭੰਗੂ, ਹਰਦੀਪ ਸਿੰਘ ਸਿੱਧੂ, ਕੌਂਸਲਲਰ ਜੌਂਟੀ ਮਾਨ ਤੇ ਹੋਰ ਪਤਵੰਤੇ ਹਾਜ਼ਰ ਸਨ।

**ਬਾ-ਅਦਾਲਤ ਸ਼੍ਰੀ ਕੁਲਵੰਤ ਸਿੰਘ ਸਿੱਧੂ ਸਬ ਰਜਿਸਟਰਾਰ ਜਲੰਧਰ-1**
**(ਅਖਬਾਰ ਇਸ਼ਤਿਹਾਰ)**

ਵਿਸ਼ਾ: ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰ ਕਰਨ ਬਾਰੇ। ਦਰਖਾਸਤ ਵੱਲੋਂ ਸ੍ਰੀਮਤੀ ਪ੍ਰੀਤੀ ਬਾਜਵਾ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸ੍ਰੀਮਤੀ ਪ੍ਰੀਤੀ ਬਾਜਵਾ ਪਤਨੀ ਸ੍ਰੀ ਵਰਿੰਦਰ ਪਾਲ ਸਿੰਘ ਬਾਜਵਾ ਵਾਸੀ 724 ਅਰਬਨ ਅਸਟੇਟ ਫੇਜ-1, ਤਹਿਸੀਲ ਜਲੰਧਰ, ਜਿਲ੍ਹਾ ਜਲੰਧਰ ਨੇ ਨਿਮਨਹਸਤਾਖਰ ਦੇ ਪੇਸ਼ ਹੋ ਕਿ ਦਰਖਾਸਤ ਦਿੱਤੀ ਹੈ ਕਿ ਉਸਦੀ ਸੱਸ ਸ੍ਰੀਮਤੀ ਗੁਰਚਰਨ ਕੋਰ ਪਤਨੀ ਕਰਨਲ ਸੁਖਵਿੰਦਰ ਸਿੰਘ ਬਾਜਵਾ ਵਾਸੀ 724, ਅਰਬਨ ਅਸਟੇਟ ਫੇਜ-1 ਤਹਿਸੀਲ ਵਾ ਜਿਲ੍ਹਾ ਜਲੰਧਰ ਦੀ ਮੌਤ ਮਿਤੀ 30/10/2021 ਨੂੰ ਹੋ ਚੁੱਕੀ ਹੈ। ਉਨ੍ਹਾ ਨੇ ਆਪਣੀ ਮੋਤ ਤੋਂ ਪਹਿਲਾ ਇਕ ਅਣ-ਰਜਿਸਟਰਡ ਵਸੀਅਤ ਮਿਤੀ 15-10-2021 ਨੂੰ ਮੇਰੇ ਪ੍ਰੀਤੀ ਬਾਜਵਾ ਦੇ ਹੱਕ ਵਿਚ ਲਿਖੀ ਸੀ। ਉਸਨੇ ਇਹ ਵਸੀਅਤ ਅੰਡਰ ਸ਼ੈਕਸ਼ਨ 40 ਅਧੀਨ ਰਜਿਸਟਰਡ ਕੀਤੀ ਜਾਣ ਦੀ ਬੇਨਤੀ ਕੀਤੀ ਹੈ।

ਇਹ ਵਸੀਅਤ ਰਜਿਸ਼ਟ੍ਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ, ਜੇਕਰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿਚ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ ਅਸਾਲਤਨ ਜਾਂ ਵਕਾਲਤਨ ਜਾਂ ਬਜਰਿਆ ਮੁਖਤਿਆਰ ਨਿਮਨ ਹਸਤਾਖਰ ਦੀ ਅਦਾਲਤ ਵਿਚ ਹਾਜਰ ਆ ਕੇ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਕੋਈ ਇਤਰਾਜ ਨਹੀ ਸੁਣਿਆ ਜਾਵੇਗਾ ਅਤੇ ਵਸੀਅਤ ਰਜਿਸਟਰਡ ਕਰਨ ਸਬੰਧੀ ਅੱਗਲੀ ਕਾਰਵਾਈ ਆਰੰਭੀ ਜਾਵੇਗੀ।

ਸਬ ਰਜਿਸਟਰਾਰ
ਜਲੰਧਰ-1

ਨੰਬਰ 1362 /ਆਰ.ਸੀ/ਮਿਤੀ 03-04-2023

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਸ਼ੈਰੀ ਕਲਸੀ ਨੇ ਹਲਕੇ ਦੇ ਪਿੰਡਾਂ 'ਚ ਮੀਂਹ ਨਾਲ ਨੁਕਸਾਨੀ ਫਸਲ ਦਾ ਲਿਆ ਜਾਇਜ਼ਾ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਹਲਕੇ ਅੰਦਰ ਪੈਂਦੇ ਵੱਖ-ਵੱਖ ਪਿੰਡਾਂ ਵਿੱਚ ਬੇਮੌਸਮੇ ਮੀਂਹ ਨਾਲ ਨੁਕਸਾਨੀ ਗਈ ਫਸਲ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਵੱਲੋਂ ਕਸਬਾ ਨੌਸ਼ਹਿਰਾ ਮੱਝਾ ਸਿੰਘ ਅਤੇ ਬਾਕੀ ਪਿੰਡਾਂ ਵਿਚ ਪ੍ਰਭਾਵਿਤ ਫਸਲ ਨੂੰ ਕਿਸਾਨਾਂ ਦੀ ਹਾਜ਼ਰੀ ਵਿਚ ਖੁਦ ਵੇਖਿਆ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸਾਨੀ ਹਿੱਤਾਂ ਲਈ ਪੂਰੀ ਤਰਾਂ ਵਚਨਬੱਧ ਹੈ ਅਤੇ ਹਰ ਕਿਸਾਨ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੁਆਰਾ ਪੁੱਤਾਂ ਵਾਂਗ ਪਾਲੀ ਫਸਲ ਜਦੋਂ ਕੁਦਰਤੀ ਬਿਪਤਾ ਨਾਲ ਤਬਾਹ ਹੁੰਦੀ ਹੈ ਤਾਂ ਕਿਸਾਨ ਦੇ ਦਿਲ 'ਤੇ ਕੀ ਬੀਤਦੀ ਹੈ ਅੱਜ ਇਥੇ ਆ ਕੇ ਉਹ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਦੀ ਸਰਕਾਰ ਇਸ ਮੁਸ਼ਕਿਲ ਦੀ ਘੜੀ ਕਿਸਾਨਾਂ ਨਾਲ ਖੜੀ ਹੈ। ਇਸ ਮੌਕੇ ਉਨ੍ਹਾਂ ਮੌਕੇ ਹਾਜ਼ਰ ਅਧਿਕਾਰੀਆ ਨੂੰ ਪ੍ਰਭਾਵਿਤ ਪਿੰਡਾਂ ਦੀ ਫਸਲਾਂ ਦੀ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਅਤੇ ਕਿਸਾਨਾਂ ਨੂੰ ਕਿਹਾ ਕਿ ਤੁਹਾਡੀ ਹਾਜ਼ਰੀ ਵਿਚ ਫਸਲਾਂ ਦੀ ਗਿਰਦਾਵਰੀ ਕੀਤੀ ਜਾਵੇਗੀ ਅਤੇ ਹਰ ਪ੍ਰਭਾਵਿਤ ਕਿਸਾਨ ਨੂੰ ਬੜੇ ਪਾਰਦਰਸ਼ੀ ਤਰੀਕੇ ਨਾਲ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਸਰਕਾਰ ਦੀ ਭਰਪੂਰ ਕੋਸ਼ਿਸ਼ ਹੈ ਕਿ ਵਿਸਾਖੀ ਤੋਂ ਪਹਿਲਾਂ ਪਹਿਲਾਂ ਸਾਰੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਇੰਦਰਜੀਤ ਕੌਰ ਨਾਇਬ ਤਹਿਸੀਲਦਾਰ ਨੌਸ਼ਹਿਰਾ ਮੱਝਾ ਸਿੰਘ, ਵਿਕਰਮਜੀਤ ਕੌਰ ਖੇਤੀਬਾੜੀ ਅਫ਼ਸਰ, ਪਟਵਾਰੀ ਸੁਖਬੀਰ ਸਿੰਘ, ਗੁਰਮਿਲਾਪ ਸਿੰਘ, ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ, ਮਨਦੀਪ ਸਿੰਘ ਸਰਪੰਚ ਨੌਸ਼ਹਿਰਾ ਮੱਝਾ ਸਿੰਘ, ਹੈਪੀ ਮਸੀਹ ਮੋਮਨ, ਲਖਵਿੰਦਰ ਸਿੰਘ ਲੱਖਾ, ਦਵਿੰਦਰ ਸਿੰਘ ਰੰਧਾਵਾ, ਰਾਜਬੀਰ ਸਿੰਘ ਰਾਜੂ, ਰਘਬੀਰ ਸਿੰਘ ਢੀਂਡਸਾ, ਪਲਵਿੰਦਰ ਸਿੰਘ ਭਲਵਾਨ, ਗਗਨ ਬਟਾਲਾ, ਮਾਣਕ ਮਹਿਤਾ, ਬਲਜੀਤ ਸਿੰਘ ਹੰਸਪਾਲ ਅਤੇ ਪਿੰਡ ਦੇ ਕਿਸਾਨ ਹਾਜ਼ਰ ਸਨ।

**ਭੋਗ 'ਤੇ ਵਿਸ਼ੇਸ਼**

# ਬੇਦਾਗ ਤੇ ਨਿਧੜਕ ਸਨ ਪਿਆਰਾ ਸਿੰਘ ਗੰਡੀਵਿੰਡ



ਸਾਬਕਾ ਸਰਪੰਚ ਪਿਆਰਾ ਸਿੰਘ ਦਾ ਜਨਮ ਪਿਤਾ ਫੌਜਾ ਸਿੰਘ ਦੇ ਘਰ ਮਾਤਾ ਭਗਵਾਨ ਕੌਰ ਦੀ ਕੁੱਖੋਂ 24 ਮਾਰਚ 1937 ਨੂੰ ਪਿੰਡ ਗੰਡੀਵਿੰਡ, ਜ਼ਿਲ੍ਹਾ ਤਰਨ ਤਾਰਨ ਵਿਖੇ ਹੋਇਆ। ਆਪ ਨੇ ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਅਤੇ ਮੈਟ੍ਰਿਕ ਭਾਈ ਅਦਲੀ (ਚੋਹਲਾ ਸਾਹਿਬ) ਸਕੂਲ ਤੋਂ ਪ੍ਰਾਪਤ ਕੀਤੀ। ਆਪ ਨੇ ਆਪਣਾ ਗ੍ਰਹਿਸਤੀ ਜੀਵਨ ਪੂਰਨ ਸਿੰਘ ਅਤੇ ਗੁਰਦੀਪ ਕੌਰ ਦੀ ਧੀ ਸਵਰਨ ਕੌਰ ਵਾਸੀ ਰੂੜੇਆਸਲ ਨਾਲ ਸ਼ੁਰੂ ਕੀਤਾ, ਜਿਨ੍ਹਾਂ ਦੇ ਘਰ ਤਿੰਨ ਧੀਆਂ ਅਤੇ ਦੋ ਪੁੱਤਰਾਂ ਨੇ ਜਨਮ ਲਿਆ। 1962 ਵਿੱਚ ਆਪਣੇ ਭਰਾਵਾਂ ਵਰਗੇ ਦੋਸਤਾਂ ਸ਼ਿੰਦਾ ਮਾਸਟਰ (ਪੱਗ ਵੱਟ ਭਰਾ) ਅਤੇ ਸਰਦੂਲ ਸਿੰਘ ਨਾਲ ਆਈ ਟੀ ਆਈ ਸਰਹਾਲੀ ਤੋਂ ਫਿਟਰ ਦਾ ਡਿਪਲੋਮਾ ਪਾਸ ਕਰਨ ਉਪਰੰਤ ਰੋਡਵੇਜ਼ ਦੇ ਅੰਮ੍ਰਿਤਸਰ ਡੀਪੂ ਵਿੱਚ ਨੌਕਰੀ 'ਤੇ ਲੱਗ ਗਏ, ਪਰ ਤਕਰੀਬਨ ਛੇ ਮਹੀਨੇ ਨੌਕਰੀ ਕਰਨ ਉਪਰੰਤ ਸੰਖੇਪ ਬਿਮਾਰੀ ਦੇ ਚਲਦਿਆਂ ਨੌਕਰੀ ਛੱਡ ਕੇ ਆਪਣੇ ਚਾਚਾ ਤੇਜਾ ਸਿੰਘ ਦੀ ਉਂਗਲ ਫੜ ਕੇ ਪਿੰਡ ਦੀ ਰਾਜਨੀਤੀ ਵਿੱਚ ਕਾਂਗਰਸ ਪਾਰਟੀ ਨਾਲ ਜੁੜ ਕੇ ਗੰਡੀਵਿੰਡ ਕੋਆਪ੍ਰੇਟਿਵ ਸੁਸਾਇਟੀ ਦੇ ਪ੍ਰਧਾਨ ਬਣ ਲਗਾਤਾਰ 18 ਸਾਲ ਅਹੁਦੇ 'ਤੇ ਰਹਿ ਕੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਇਲਾਵਾ ਨਿਰਸਵਾਰਥ ਰਹਿ ਕੇ ਵਧੀਆ ਕਾਰਗੁਜ਼ਾਰੀ ਨਾਲ ਸੁਸਾਇਟੀ ਨੂੰ ਮੁਨਾਫੇ ਵਿੱਚ ਲਿਆਂਦਾ। 1992 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੂਰੀ ਨਿੱਡਰਤਾ ਨਾਲ ਆਪਣੇ ਸਾਥੀ ਗਿਆਨੀ ਸਰਬਜੀਤ ਸਿੰਘ ਅਤੇ ਹੋਰ ਮਿੱਤਰਾਂ ਨਾਲ ਕਾਂਗਰਸ ਪਾਰਟੀ ਦਾ ਬੂਥ ਲਗਾ ਕੇ ਮਾੜੇ ਮਾਹੌਲ ਦੇ ਬਾਵਜੂਦ ਸਭ ਤੋਂ ਪਹਿਲਾਂ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਆਪ ਪੰਚਾਇਤ ਮੈਂਬਰ ਤੋਂ ਬਾਅਦ 1998 ਵਿੱਚ ਭਾਰੀ ਬਹੁਮਤ ਨਾਲ ਪਿੰਡ ਦੇ ਸਰਪੰਚ ਬਣੇ ਅਤੇ ਵੱਡੇ ਪੱਧਰ 'ਤੇ ਪਿੰਡ ਦੇ ਸਾਂਝੇ ਵਿਕਾਸ ਦੇ ਕੰਮ ਕਰਵਾਉਣ ਤੋਂ ਇਲਾਵਾ 2002 ਵਿੱਚ ਭੁੱਲੇ-ਵਿਸਰੇ ਦੇਸ਼ ਭਗਤ ਗਦਰੀ ਬਾਬਾ ਸੰਤਾ ਸਿੰਘ ਦੀ ਯਾਦ ਵਿੱਚ ਹਾਈਵੇ 'ਤੇ ਸ਼ਾਨਦਾਰ ਗੇਟ ਪਿੰਡ ਦੇ ਐੱਨ ਆਰ ਆਈ ਬਲਜਿੰਦਰ ਸਿੰਘ ਪਹਿਲਵਾਨ ਸਮੇਤ ਹੋਰ ਤਿੰਨ ਨੌਜਵਾਨਾਂ ਦੇ ਸਹਿਯੋਗ ਨਾਲ ਬਣਵਾਉਣ ਦੇ ਨਾਲ-ਨਾਲ ਉਹਨਾਂ ਦੀ ਸਦੀਵੀ ਯਾਦ ਲਈ ਬਣੇ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਵੀ ਬਣਦਾ ਯੋਗਦਾਨ ਪਾਇਆ। ਆਪ ਨੇ ਪਿੰਡ ਦੇ ਸਰਕਾਰੀ ਸਕੂਲਾਂ ਦੀ ਮੈਨੇਜਮੈਂਟ ਕਮੇਟੀ ਦੇ ਲੰਮਾ ਅਰਸਾ ਚੇਅਰਮੈਨ ਰਹਿ ਕੇ ਸ਼ਾਨਦਾਰ ਸੇਵਾਵਾਂ ਦਿੱਤੀਆਂ। ਸੈਕੂਲਰ ਸੋਚ ਨੂੰ ਪ੍ਰਣਾਏ ਹੋਏ ਇਮਾਨਦਾਰ ਆਪਣੇ ਪਿੰਡ ਅਤੇ ਇਲਾਕੇ ਦੇ ਹਰਮਨਪਿਆਰੇ ਲੋਹੇ ਦੀ ਲੱਠ ਵਰਗੇ ਧੜੱਲੇਦਾਰ ਧੜੇ ਦੇ ਪੱਕੇ ਲੋੜਵੰਦਾਂ ਦੇ ਹਰ ਵਕਤ ਕੰਮ ਆਉਣ ਵਾਲੇ ਸਿਰੜੀ ਮਨੁੱਖ ਨੇ ਆਪਣੇ ਛੋਟੇ ਭਰਾ ਬਖ਼ਤਾਵਰ ਸਿੰਘ ਅਤੇ ਦੋ ਭੈਣਾਂ ਦੇ ਵਿਛੋੜੇ ਤੋਂ ਬਾਅਦ 28 ਮਾਰਚ ਦੀ ਸਵੇਰ ਨੂੰ ਬੇਦਾਗ ਅਤੇ ਸ਼ਾਨਦਾਰ ਜੀਵਨ ਬਤੀਤ ਕਰਦਿਆਂ 86 ਸਾਲ ਦੀ ਉਮਰ ਵਿੱਚ ਆਪਣੇ ਪਿੱਛੇ ਪਤਨੀ ਸਵਰਨ ਕੌਰ, ਵੱਡੇ ਪੁੱਤਰ ਗੁਰਪ੍ਰੀਤ ਸਿੰਘ ਜੇ ਈ (ਸੂਬਾ ਪ੍ਰਧਾਨ) ਛੋਟੇ ਪੁੱਤਰ ਗੰਡੀਵਿੰਡ ਕੋਆਪ੍ਰੇਟਿਵ ਸੁਸਾਇਟੀ ਦੇ ਪ੍ਰਧਾਨ ਅਤੇ ਸਰਕਾਰੀ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਲਖਵਿੰਦਰ ਸਿੰਘ, ਤਿੰਨ ਧੀਆਂ ਨੂੰ ਛੱਡ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਆਖਰੀ ਸਾਹ ਲਏ।

ਉਹਨਾ ਦੀ ਮੌਤ ਤੋਂ ਬਾਅਦ ਵਿਗਿਆਨਕ ਸੋਚ ਦੇ ਧਾਰਨੀ ਪਰਵਾਰ ਨੇ ਸਮਾਜ ਨੂੰ ਚਿੰਬੜੇ ਗਲਤ ਰੀਤੀ-ਰਿਵਾਜ ਛੱਡ ਕੇ ਮਨੁੱਖਤਾ ਦੇ ਭਲੇ ਲਈ ਮਿਸਾਲ ਕਾਇਮ ਕਰਦਿਆਂ ਉਹਨਾ ਦਾ ਅੰਗੀਠਾ ਜੱਦੀ ਘਰ ਵਿੱਚ ਜ਼ਮੀਨ ਹੇਠ ਦੱਬ ਕੇ ਉਪਰ ਫਲਦਾਰ ਬੂਟਾ ਲਗਾ ਕੇ ਸਮਾਜ ਨੂੰ ਵਧੀਆ ਸੰਦੇਸ਼ ਦਿੱਤਾ।

ਅੱਜ ਉਹਨਾ ਦੇ ਗ੍ਰਹਿ ਵਿਖੇ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਅੰਤਮ ਅਰਦਾਸ 12 ਤੋਂ 1 ਵਜੇ ਗੁਰਦੁਆਰਾ ਦੇਸ਼ ਭਗਤ ਬਾਬਾ ਸੰਤਾ ਸਿੰਘ ਪਿੰਡ ਗੰਡੀਵਿੰਡ ਵਿੱਚ ਹੋਣ ਉਪਰੰਤ ਸ਼ਰਧਾਂਜਲੀ ਸਮਾਗਮ ਹੋਵੇਗਾ, ਜਿਸ ਵਿੱਚ ਰਾਜਨੀਤਕ ਅਤੇ ਟਰੇਡ ਯੂਨੀਅਨ ਆਗੂ ਵਿੱਛੜੀ ਰੂਹ ਨੂੰ ਸ਼ਰਧਾਂਜਲੀਆਂ ਭੇਟ ਕਰਨਗੇ। ਇਸ ਮੌਕੇ ਖ਼ੂਨਦਾਨ ਕੈਂਪ ਵੀ ਲਾਇਆ ਜਾ ਰਿਹਾ ਹੈ।

—ਗੁਰਪ੍ਰੀਤ ਸਿੰਘ ਗੰਡੀਵਿੰਡ

# ਨਿਸ਼ਾਨ ਸਿੰਘ ਸੰਧੂ ਨੇ ਆਈਲੈਟਸ 'ਚ ਮਾਰਿਆ ਮਾਅਰਕਾ



**ਤਰਨਤਾਰਨ (ਪ੍ਰਿਤਪਾਲ ਸਿੰਘ)**-ਇਲਾਕੇ ਦੀ ਨਾਮਵਰ ਸੰਸਥਾ ਇੰਪੀਰੀਆ ਇੰਸਟੀਚਿਊਟ, ਗੋਇੰਦਵਾਲ ਸਾਹਿਬ ਡਾਕਟਰ ਰਮਨਦੀਪ ਕੌਰ ਰੰਧਾਵਾ ਦੇ ਦਿਸ਼ਾ ਨਿਰਦੇਸ਼ ਹੇਠ ਚੱਲ ਰਹੀ ਹੈ, ਜਿਨ੍ਹਾਂ ਨੇ ਖੁਦ ਵੀ ਆਈਲੈਟਸ ਦੇ ਰੀਡਿੰਗ ਵਿੱਚ 9 ਬੈਂਡ ਅਤੇ ਓਵਰਆਲ 8.5 ਬੈਂਡ ਹਾਸਲ ਕੀਤੇ ਹੋਏ ਹਨ। ਇਸ ਸੰਸਥਾ ਦੇ ਵਿਦਿਆਰਥੀ ਨਿਸ਼ਾਨ ਸਿੰਘ ਸੰਧੂ ਨੇ ਆਈਲੈਟਸ ਵਿੱਚ ਲਿਸਨਿੰਗ ਵਿੱਚ 80 ਅਤੇ ਓਵਰਆਲ 7.0 ਬੈਂਡ ਹਾਸਲ ਕਰਕੇ ਆਪਣੇ ਮਾਤਾ ਪਿਤਾ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਐਕਡੈਮਿਕਸ ਡਾਕਟਰ ਰਮਨਪ੍ਰੀਤ ਕੌਰ ਰੰਧਾਵਾ ਨੇ ਦੱਸਿਆ ਕਿ ਇਸ ਕਾਮਯਾਬੀ ਦਾ ਸਿਹਰਾ ਸੰਸਥਾ ਦੇ ਮੁਖੀ ਰਵਿੰਦਰ ਕੌਰ ਅਤੇ ਉੱਚ ਕੋਟੀ ਦੇ ਅਧਿਆਪਕ ਜੋ ਕਿ ਆਈਲੈਟਸ ਵਿੱਚ 8 ਬੈਂਡ ਤੋਂ ਵੱਧ ਹਾਸਲ ਕਰ ਚੁੱਕੇ ਹਨ ਅਤੇ ਮਾਸਟਰ ਡਿਗਰੀ ਹੋਲਡਰ ਹਨ, ਦੀ ਯੋਗ ਅਗਵਾਈ ਨੂੰ ਜਾਂਦਾ ਹੈ। ਉਨ੍ਹਾਂ ਨਿਸ਼ਾਨ ਸਿੰਘ ਸੰਧੂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸਾਡੀ ਸੰਸਥਾ ਇਸ ਤਰ੍ਹਾਂ ਵਿਦਿਆਰਥੀਆਂ ਨੂੰ ਕਾਮਯਾਬ ਕਰਨ ਲਈ ਵਚਨਬੱਧ ਰਹੇਗੀ।

# ਤਬਾਹ ਹੋਈਆਂ ਫਸਲਾਂ ਦੀ ਸਾਰ ਲੈਣ ਹੁਣ ਤੱਕ ਕੋਈ ਨਹੀਂ ਬਹੁੜਿਆ : ਪ੍ਰਗਟ ਸਿੰਘ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਪਿਛਲੇ ਤਕਰੀਬਨ 15 ਦਿਨਾਂ ਤੋਂ ਬਾਰਿਸ਼ ਰੁਕ-ਰੁਕ ਕੇ ਲਗਾਤਾਰ ਹੋ ਰਹੀ ਹੈ। ਮੀਂਹ, ਹਨੇਰੀ ਅਤੇ ਗੜੇਮਾਰੀ ਨੇ ਕਾਫੀ ਤਬਾਹੀ ਮਚਾਈ ਹੋਈ ਹੈ ਜਿਸ ਨਾਲ ਕਿਸਾਨਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਕਣਕਾਂ ਦੇ ਦਾਣੇ ਕਾਲੇ ਪੈ ਰਹੇ ਹਨ ਅਤੇ ਕਈ ਥਾਵਾਂ ਤੇ ਕਣਕਾਂ ਸਿੱਟਿਆਂ ਵਿੱਚ ਹੀ ਉੱਗ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਪਰਗਟ ਸਿੰਘ ਚੰਬਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆ ਪੁੱਤਾਂ ਵਾਂਗ ਪਾਲੀਆਂ ਫਸਲਾਂ ਜਿਵੇਂ ਕਣਕ, ਸਰ੍ਹੋਂ, ਚਾਰਾ ਆਦਿ ਖਰਾਬ ਹੋ ਚੁੱਕਾ ਹੈ। ਅਖਬਾਰਾਂ, ਟੀ ਵੀ ਆਦਿ ਮੀਡੀਆ ਰਾਹੀਂ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣ ਦਾ ਸਰਕਾਰੀ ਐਲਾਨ ਤਾਂ ਕੀਤਾ ਜਾਂਦਾ ਹੈ ਪਰ ਹਕੀਕਤ ਵਿੱਚ ਕੋਈ ਵੀ ਗੱਲ ਨਹੀਂ ਹੈ। ਪਿੰਡਾਂ ਵਿੱਚ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਅਜੇ ਤੱਕ ਖੇਤਾਂ ਵਿੱਚ ਕਿਸਾਨਾਂ ਦੀ ਸਾਰ ਤੱਕ ਲੈਣ ਨਹੀਂ ਆਇਆਂ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦੀ ਜਲਦੀ ਤੋਂ ਜਲਦੀ ਗਿਰਦਾਵਰੀ ਕਰਵਾ ਕੇ ਘੱਟੋ-ਘੱਟ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਜਗਤਾਰ ਸਿੰਘ, ਗੁਰਨਾਮ ਸਿੰਘ, ਸੁਖਜਿੰਦਰ ਸਿੰਘ ਰੂੜੀ ਵਾਲਾ, ਬੁੱਧ ਸਿੰਘ ਰੂੜੀ ਵਾਲਾ, ਕੁਲਦੀਪ ਸਿੰਘ, ਜਗਦੀਸ਼ ਕੁਮਾਰ ਨੱਥੂਪੁਰ, ਸੁਖਦੇਵ ਸਿੰਘ, ਅੰਗਰੇਜ਼ ਸਿੰਘ ਗੰਡੀਵਿੰਡ, ਜਸਵੰਤ ਸਿੰਘ ਪੱਖੋਪੁਰ, ਤਜਿੰਦਰ ਸਿੰਘ ਅਤੇ ਗੁਰਦੇਵ ਸਿੰਘ ਖਾਰਾ ਆਦਿ ਹਾਜ਼ਰ ਸਨ।

**ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼**

# ਸਿੱਖਿਆ, ਖੇਡਾਂ ਤੇ ਸਾਹਿਤ ਦਾ ਸੁਮੇਲ ਸਨ ਪ੍ਰਿੰਸੀਪਲ ਜਗਜੀਤ ਸਿੰਘ ਔਲਖ



ਪ੍ਰਿੰਸੀਪਲ ਜਗਜੀਤ ਸਿੰਘ ਔਲਖ ਭਾਵੇਂ ਕਿ ਨੱਬੇ ਵਰ੍ਹਿਆਂ ਨੂੰ ਢੁੱਕੇ ਸਨ, ਪਰ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਅੰਤਿਮ ਸਮੇਂ ਤੱਕ ਕਲਮ ਦਾ ਸਫ਼ਰ ਨਿਰੰਤਰ ਜਾਰੀ ਰੱਖਿਆ। ਪ੍ਰਿੰਸੀਪਲ ਜਗਜੀਤ ਸਿੰਘ ਔਲਖ ਪਿਛਲੇ ਦਿਨੀ ਇਸ ਸੰਸਾਰ ਨੂੰ ਅਲਵਿਦਾ ਆਖ ਗਏ, ਉਨ੍ਹਾਂ ਵੱਲੋਂ ਲਿਖੀ ਇਤਿਹਾਸਕ ਪੁਸਤਕ "ਅਨੁਪਮ ਗਾਥਾ ਪਿੰਡ ਫਫੜੇ ਭਾਈ ਕੇ" ਛਪਾਈ ਅਧੀਨ ਹੈ, ਜਿਸਦੀ ਕੁਝ ਦਿਨ ਪਹਿਲਾਂ ਖੁਦ ਉਹਨਾਂ ਨੇ ਆਪ ਸੁਧਾਈ ਕੀਤੀ ਸੀ। ਪ੍ਰਿੰਸੀਪਲ ਜਗਜੀਤ ਸਿੰਘ ਔਲਖ ਦਾ ਜਨਮ ਸ੍ਰੀਮਤੀ ਰਿਪੁਦਮਨ ਕੌਰ ਦੀ ਕੁੱਖੋਂ, ਗਿਆਨੀ ਚੰਨਣ ਸਿੰਘ ਦੇ ਘਰ 2 ਜੂਨ 1933 ਨੂੰ ਬਠਿੰਡਾ ਜਿਲ੍ਹੇ (ਮੌਜੂਦਾ ਮਾਨਸਾ) ਦੇ ਪਿੰਡ ਗੁਰਨੇ ਕਲਾਂ ਵਿਖੇ ਹੋਇਆ।

ਪ੍ਰਿੰਸੀਪਲ ਔਲਖ ਨੂੰ ਸਿੱਖਿਆ ਤੇ ਸੂਝ-ਬੂਝ ਵਿਰਾਸਤ 'ਚੋਂ ਹੀ ਮਿਲੀ ਸੀ, ਕਿਉਂਕਿ ਉਹਨਾਂ ਦੇ ਪਿਤਾ ਗਿਆਨੀ ਚੰਨਣ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਤੇ ਇੱਕ ਧਾਰਮਿਕ ਕਥਾਕਾਰ ਸਨ। ਉਹਨਾਂ ਦੇ ਛੋਟੇ ਭਰਾ ਜਸਵੰਤ ਸਿੰਘ ਤੇ ਦਰਸ਼ਨ ਸਿੰਘ ਉੱਚ ਵਿੱਦਿਆ ਹਾਸਲ ਕਰਕੇ ਅਮਰੀਕਾ ਵਿਖੇ ਪਰਵਾਰ ਸਮੇਤ ਰਹਿ ਰਹੇ ਹਨ।

ਪ੍ਰਿੰਸੀਪਲ ਔਲਖ ਨੇ 1953 ਦੌਰਾਨ ਸਰਕਾਰੀ ਕਾਲਜ ਅਤੇ ਅਕਾਲ ਅਕੈਡਮੀ ਮਸਤੂਆਣਾ ਸਾਹਿਬ ਤੋਂ ਬੀ ਏ, ਬੀ ਟੀ ਅਤੇ ਐਮ ਏ ਪੰਜਾਬੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕਰਨ ਤੋਂ ਬਆਦ ਸਰਕਾਰੀ ਹਾਈ ਸਕੂਲ ਸਰਦੂਲਗੜ੍ਹ ਵਿਖੇ 1956 ਅਧਿਆਪਕ ਬਣੇ। ਅਧਿਆਪਨ ਖੇਤਰ ਵਿੱਚ ਸਰਕਾਰੀ ਤੌਰ 'ਤੇ ਵਿੱਦਿਆ ਤੇ ਖੇਡ ਖੇਤਰ 'ਚ ਪੂਰੀ ਲਗਨ ਤੇ ਮਿਹਨਤ ਨਾਲ ਸੇਵਾਵਾਂ ਨਿਭਾਈਆਂ।

1973 ਵਿੱਚ ਪੰਜਾਬੀ ਲੈਕਚਰਾਰ ਤੋਂ ਪਦ-ਉਨਤ ਹੋ ਕੇ ਮੁੱਖ ਅਧਿਆਪਕ ਬਣੇ। ਉਹਨਾਂ ਨੇ ਆਪਣੀਆਂ ਸੇਵਾਵਾਂ ਸਰਕਾਰੀ ਹਾਈ ਸਕੂਲ ਅੱਕਾਂਵਾਲੀ, ਫਫੜੇ ਭਾਈ ਕੇ ਅਤੇ ਭੀਖੀ ਵਿਖੇ ਨਿਭਾਈਆਂ। ਜਿੱਥੇ ਗਏ ਉਹ ਆਪਣੀ ਅਮਿੱਟ ਛਾਪ ਛੱਡ ਕੇ ਆਏ।

1981 ਵਿੱਚ ਉਹਨਾਂ ਨੂੰ ਵਿੱਦਿਅਕ ਖੇਤਰ ਵਿੱਚ ਵਧੀਆ ਸੇਵਾਵਾਂ ਬਦਲੇ ਜਿਲ੍ਹਾ ਬਠਿੰਡਾ ਦਾ ਸਰਵਉੱਤਮ ਅਧਿਆਪਕ ਦਾ ਮਾਣ-ਸਨਮਾਣ ਪ੍ਰਾਪਤ ਹੋਇਆ। 1983 ਦੌਰਾਨ ਪੰਜਾਬ ਸਰਕਾਰ ਵੱਲੋਂ 'ਵਧੀਆ ਸਕੂਲ ਪ੍ਰਾਂਤ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਜੇ.ਬੀ.ਟੀ. ਸਿੱਖਿਆ ਕੇਂਦਰ ਬੁਢਲਾਡਾ ਤੇ ਬਠਿੰਡਾ ਵਿਖੇ ਵੀ ਮੁੱਖ ਸੇਵਾਵਾਂ ਦਿੱਤੀਆਂ। ਪ੍ਰਿੰਸੀਪਲ ਔਲਖ 1991 ਵਿੱਚ ਸਰਦੂਲਗੜ੍ਹ ਸਕੂਲ ਵਿੱਚੋਂ ਹੀ ਸੇਵਾਮੁਕਤ ਹੋਏ। ਪਿੰਡ ਰੱਲਾ ਦੇ ਬਾਬਾ ਜੋਗੀ ਪੀਰ ਪਬਲਿਕ ਸਕੂਲ ਦੇ 1990 ਵਿੱਚ ਆਪ ਪਹਿਲੇ ਪ੍ਰਿੰਸੀਪਲ ਬਣੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅਕਾਲੀ ਦਲ ਬਾਦਲ) ਵੱਲੋਂ 1995 ਵਿੱਚ ਹਲਕਾ ਬੁਢਲਾਡਾ ਤੋਂ ਉਕਤ ਕਮੇਟੀ ਮੈਂਬਰ ਬਿਨਾ ਮੁਕਾਬਲਾ ਚੁਣੇ ਗਏ ਤੇ 2001 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰ-ਪ੍ਰਸਾਰ ਨੂੰ ਪ੍ਰਫੁਲਿਤ ਕਰਨ ਲਈ ਬੜੀ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਦਿੱਤੀਆਂ।

ਪ੍ਰਿੰਸੀਪਲ ਔਲਖ ਦੁਆਰਾ ਵੱਡ ਅਕਾਰੀ ਪੁਸਤਕਾਂ 'ਭਾਈ ਬਹਿਲੋ ਸਭ ਤੋਂ ਪਹਿਲੋ', 'ਗਾਥਾ ਪਿੰਡ ਕੁਲੈਹਿਰੀ ਦੀ', ਬਹਿਲੋ ਬਾਣੀ, ਆਦਿ ਛਪ ਚੁੱਕੀਆਂ ਹਨ ਅਤੇ ਕੁਝ ਪੁਸਤਕਾਂ ਦਾ ਖਰੜਾ ਤਿਆਰ ਕਰ ਚੁੱਕੇ ਸਨ। ਭਾਵੇਂ ਅੱਜ ਪ੍ਰਿੰਸੀਪਲ ਜਗਜੀਤ ਸਿੰਘ ਔਲਖ ਇਸ ਦੁਨੀਆਂ ਵਿੱਚ ਨਹੀਂ ਰਹੇ ਪਰ ਉਹਨਾਂ ਦੀਆਂ ਵਿੱਦਿਅਕ, ਖੇਡ ਅਤੇ ਸਾਹਿਤ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਅਤੇ ਉਹਨਾਂ ਦੁਆਰਾ ਖੋਜ ਭਰਪੂਰ ਰਚੀਆਂ ਪੁਸਤਕਾਂ ਦੇ ਜਰੀਏ, ਉਹ ਸਦਾ ਪਾਠਕਾਂ ਦੇ ਪ੍ਰੇਰਨਾ ਸਰੋਤ ਬਣੇ ਰਹਿਣਗੇ।

ਅੱਜ ਉਹਨਾਂ ਦੇ ਜੱਦੀ ਪਿੰਡ ਵਿਖੇ ਪੰਜਾਬ ਭਰ ਤੋਂ ਵੱਖ-ਵੱਖ ਜਥੇਬੰਦੀਆਂ ਦੇ ਆਗੂ ਅਤੇ ਸਾਹਿਤਕ ਖੇਤਰ ਦੀ ਪ੍ਰਮੁੱਖ ਸ਼ਖ਼ਸ਼ੀਅਤਾਂ ਵਿਛੜੀ ਰੂਹ ਸ਼ਰਧਾ ਦੇ ਫੁੱਲ ਅਰਪਣ ਕਰਨ ਲਈ ਪੁੱਜ ਰਹੀਆਂ ਹਨ।

**ਕਰਨ ਸਿੰਘ ਭੀਖੀ**
**99889-13155**

# ਜਿੰਪਾ ਨੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਫ਼ਸਲਾਂ ਦੇ ਨੁਕਸਾਨ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਹੁਸ਼ਿਆਰਪੁਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਮੀਂਹ ਅਤੇ ਗੜੇਮਾਰੀ ਕਾਰਨ ਫ਼ਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਨੁਕਸਾਨ ਦੇ ਮੁਲਾਂਕਣ ਤੇ ਢੁੱਕਵੇਂ ਮੁਆਵਜ਼ੇ ਲਈ ਮਾਲ ਵਿਭਾਗ ਵੱਲੋਂ ਪਾਰਦਰਸ਼ੀ ਢੰਗ ਨਾਲ ਗਿਰਦਾਵਰੀ ਕਰਵਾਈ ਜਾ ਰਹੀ ਹੈ। ਅੱਜ ਹੁਸ਼ਿਆਰਪੁਰ ਦੇ ਪਿੰਡ ਚੌਹਾਲ, ਥੱਥਲਾਂ, ਬੱਸੀ ਗ਼ੁਲਾਮ ਹੁਸੈਨ ਅਤੇ ਠਰੋਲੀ ਆਦਿ ਵਿਖੇ ਬੇਮੌਸਮੀ ਬਰਸਾਤ ਕਾਰਨ ਖ਼ਰਾਬ ਹੋਈ ਫ਼ਸਲ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮਨਸ਼ਾ ਹੈ ਕਿ ਮੀਂਹ ਤੇ ਗੜੇਮਾਰੀ ਕਾਰਨ ਨੁਕਸਾਨ ਦੀ ਭਰਪਾਈ ਕਰਕੇ ਕਿਸਾਨਾਂ ਨੂੰ ਜਲਦ ਤੋਂ ਜਲਦ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾ ਕਿਹਾ ਕਿ ਇਸ ਸੰਬੰਧੀ ਸਮੁੱਚੇ ਸੂਬੇ 'ਚ ਸਾਰੇ ਵਿਧਾਇਕ ਅਧਿਕਾਰੀਆਂ ਦੇ ਨਾਲ ਆਪਣੇ- ਆਪਣੇ ਇਲਾਕੇ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਹਾਲ ਹੀ 'ਚ ਮੌਸਮ ਦੇ ਵਿਗੜੇ ਮਿਜਾਜ਼ ਕਾਰਨ ਫ਼ਸਲਾਂ ਨੂੰ ਹੋਏ ਨੁਕਸਾਨ ਦੇ ਮੁਲਾਂਕਣ ਲਈ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਸਮੁੱਚੇ ਸੂਬੇ 'ਚ ਤੁਰੰਤ ਗਿਰਦਾਵਰੀ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁਸ਼ਕਿਲ ਦੀ ਇਸ ਘੜੀ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਡਟ ਕੇ ਖੜ੍ਹੀ ਹੈ। ਉਨ੍ਹਾ ਕਿਹਾ ਕਿ ਬੇਮੌਸਮੀ ਬਰਸਾਤ ਕਾਰਨ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਸਮੇਤ ਪੂਰੇ ਜ਼ਿਲ੍ਹੇ 'ਚ ਫ਼ਸਲਾਂ ਦਾ ਨੁਕਸਾਨ ਹੋਇਆ ਹੈ। ਉਨ੍ਹਾ ਲੋਕਾਂ ਨੂੰ ਅਪੀਲ ਕਰਦਿਆਂ ਕਿ

# ਚੇਅਰਮੈਨ ਜਗਰੂਪ ਸੇਖਵਾਂ ਵੱਲੋਂ ਕਿਸਾਨਾਂ ਨੂੰ ਮੁਆਵਜ਼ੇ ਦਾ ਭਰੋਸਾ



**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**-ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਨਾਲ ਲੈ ਕੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਬਲਾਕ ਕਾਹਨੂੰਵਾਨ ਦੇ ਪਿੰਡਾਂ ਵਿੱਚ ਪਿਛਲੇ ਦਿਨੀਂ ਹੋਈ ਬੇਮੌਸਮੀ ਬਾਰਸ਼ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਵੱਖ ਵੱਖ ਪਿੰਡਾਂ ਵਿੱਚ ਨੁਕਸਾਨੀਆਂ ਗਈਆਂ ਫਸਲਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਵੱਲੋਂ ਪਿੰਡ ਕੋਟਲੀ ਹਰਚੰਦਾ, ਸੱਲੋਪੁਰ, ਮੇਹੜੇ, ਨਾਨੋਵਾਲ ਖੁਰਦ, ਭੈਣੀ ਮੀਆਂ ਖਾਂ ਅਤੇ ਝੰਡਾ ਲੁਬਾਣਾ ਪਿੰਡਾਂ ਦਾ ਦੌਰਾ ਕਰਕੇ ਫਸਲਾਂ ਦੇ ਹੋਏ ਖਰਾਬੇ ਦਾ ਜਾਇਜ਼ਾ ਲਿਆ ਅਤੇ ਕਿਸਾਨ ਭਰਾਵਾਂ ਨੂੰ ਬਣਦਾ ਮੁਆਵਜ਼ਾ ਦਿਵਾਉਣ ਦੀ ਗੱਲ ਕੀਤੀ।

ਇਸ ਮੌਕੇ ਸੁਖਵਿੰਦਰ ਸਿੰਘ ਤਹਿਸੀਲਦਾਰ ਕਾਹਨੂੰਵਾਨ, ਬੀ. ਡੀ. ਪੀ. ਓ. ਹਰਪ੍ਰੀਤ ਸਿੰਘ, ਐੱਸਐੱਚਓ ਸੁਦੇਸ਼ ਕੁਮਾਰ, ਚੈਂਚਲ ਸਿੰਘ ਬਾਗੜੀਆਂ, ਜਗਰੂਪ ਰਿਆੜ, ਸੋਨਾ ਬਾਜਵਾ, ਇੰਦਰਜੀਤ ਸਿੰਘ, ਸੈਲੀ ਚੱਕ ਸ਼ਰੀਫ, ਸੋਹਣ ਸਿੰਘ ਨੈਨੋਕੋਟ, ਬਲਕਾਰ ਸਿੰਘ, ਬਲਬੀਰ ਸਿੰਘ ਬਾਜਵਾ, ਹਰਮਨ ਬਾਜਵਾ, ਤਰਸੇਮ ਠਾਕੁਰ, ਮਨਜੀਤ ਸਿੰਘ ਚੱਕ, ਸੂਬੇ. ਸੁਖਪਾਲ ਸਿੰਘ, ਡਾ. ਜਸਪਾਲ ਪੰਧੇਰ, ਪਵਨ ਕੁਮਾਰ, ਅਮਰਜੀਤ ਸਿੰਘ, ਰਾਜੂ ਝੰਡਾ ਲੁਬਾਣਾ, ਅਰਮਿੰਦਰ ਸਿੰਘ ਮੰਗਾ, ਜਸਪਾਲ ਸਿੰਘ ਭੈਣੀ, ਹਰਦਿਆਲ ਸਿੰਘ, ਪਰਮਜੀਤ ਸਿੰਘ, ਸਿਮਰਨਪਾਲ ਨਾਨੋਵਾਲ ਆਦਿ ਤੋਂ ਇਲਾਵਾ ਹੋਰ ਵੀ ਕਿਸਾਨ ਭਰਾ ਹਾਜ਼ਰ ਸਨ।

# ਮਾਤਾ ਚਰਨਜੀਤ ਕੌਰ ਸਰੋਆ ਦੀ ਯਾਦ 'ਚ ਮੁਫਤ ਮੈਡੀਕਲ ਕੈਂਪ ਲਗਾਇਆ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਬੀਤੇ ਦਿਨੀਂ ਕਿੱਲੇ ਵਾਲਾ ਗੁਰਦੁਆਰਾ ਸਾਹਿਬ ਪਿੰਡ ਬੋਹਣ ਵਿਖੇ ਅੱਖਾਂ ਦਾ ਫ੍ਰੀ ਕੈਂਪ ਲਗਾਇਆ ਗਿਆ। ਜਿਸ ਵਿੱਚ ਅੱਖਾਂ ਦੀਆਂ ਬਿਮਾਰੀਆਂ ਦੇ ਮਾਹਰ ਡਾਕਟਰ ਕਰਨ ਖੰਨਾ ਵੱਲੋਂ ਅੱਖਾਂ ਦੀਆਂ ਵੱਖ-ਵੱਖ ਬਿਮਾਰੀਆਂ ਦੇ ਮਰੀਜ ਚੈੱਕ ਕੀਤੇ ਗਏ। ਲੋੜਵੰਦ ਮਰੀਜਾਂ ਦੇ ਬਾਬਾ ਸੁਖਦੇਵ ਸਿੰਘ ਵੱਲੋਂ ਮੁਫਤ ਅਪ੍ਰੇਸ਼ਨ ਕਰਵਾਏ ਗਏ। ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਹ ਕੈਂਪ ਬਾਬਾ ਸੁਖਦੇਵ ਸਿੰਘ ਵੱਲੋਂ ਆਪਣੀ ਧਰਮ ਪਤਨੀ ਚਰਨਜੀਤ ਕੌਰ ਸਰੋਆ ਦੀ ਯਾਦ ਵਿਚ ਲਗਾਇਆ ਗਿਆ। ਜਥੇਦਾਰ ਬਾਬਾ ਨਿਹਾਲ ਸਿੰਘ ਜੀ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਨੇ ਇਸ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਹਰਜਿੰਦਰ ਸਿੰਘ ਸਰੋਆ, ਦਿਲਪ੍ਰੀਤ ਕੌਰ, ਗੁਰਦੀਪ ਕੌਰ, ਬਾਬੂ ਹਲਵਾਈ, ਗੁਰਮੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਕਿੱਲੇ ਵਾਲਾ, ਨਾਰੰਗ ਸਿੰਘ, ਬਾਬਾ ਕਿਰਪਾਲ ਸਿੰਘ, ਬਾਬਾ ਈਸ਼ਰ ਸਿੰਘ ਅਮਰੀਕਾ ਵਾਲੇ, ਬਾਬਾ ਅਮਰੀਕ ਸਿੰਘ ਮੌਜੂਦ ਸਨ।



# ਇੰਡੀਅਨ ਐੱਕਸ ਸਰਵਿਸ ਲੀਗ ਨੇ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਸੌਂਪਿਆ ਮੰਗ ਪੱਤਰ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਇੰਡੀਅਨ ਐਕਸ ਸਰਵਿਸ ਲੀਗ ਵਲੋਂ ਮਾਨਯੋਗ ਡਿਪਟੀ ਕਮਿਸ਼ਨਰ ਤਰਨਤਾਰਨ ਨੂੰ ਮਾਨਯੋਗ ਪ੍ਰਧਾਨ ਮੰਤਰੀ ਦੇ ਨਾਮ ਮੰਗ ਪੱਤਰ ਦਿਤਾ ਜਿਸ ਵਿਚ ਜ਼ਿਲ੍ਹੇ ਦੇ ਸਾਰੇ ਸਾਬਕਾ ਫੌਜੀਆਂ ਵਲੋਂ ਜੋ ਵਨ ਰੈਂਕ ਵਨ ਪੈਨਸ਼ਨ ਵਿਚ ਜੋ ਕਮੀਆਂ ਰੱਖੀਆਂ ਗਈਆਂ ਹਨ ਉਸ ਨੂੰ ਦੁਬਾਰਾ ਸੋਧਣ ਲਈ ਲਿਖਿਆ ਗਿਆ ਹੈ। ਇੰਡੀਅਨ ਐਕਸ ਸਰਵਿਸ ਲੀਗ ਦੇ ਵਾਈਸ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਸੂਬੇਦਾਰ ਬਲਕਾਰ ਸਿੰਘ ਵਲੋਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਤੇ ਕਿਹਾ ਕਿ ਸਾਰੇ ਰੈਂਕਾਂ ਦੀ ਸਰਵਿਸ ਪੈਨਸ਼ਨ ਤੀਜੇ ਵੇਤਨ ਆਯੋਗ ਤੋਂ ਪਹਿਲਾਂ ਦੀ ਤਰਜ਼ ਤੇ ਬੇਸਿਕ ਵੇਤਨ ਦਾ 75% ਕੀਤਾ ਜਾਵੇ, ਸੈਨਿਕ ਵਿਧਵਾਵਾਂ, ਵੀਰ ਰਣਜੋਧਿਆ ਅਤੇ ਵੀਰ ਨਾਰੀਆਂ ਦੀ ਪੈਨਸ਼ਨ ਦੀ ਸਰਵਿਸ ਪੈਨਸ਼ਨ ਦੇ ਬਰਾਬਰ ਕੀਤੀ ਜਾਵੇ, ਅਪੰਗ ਵਿਕਲਾਂਗ ਪੈਨਸ਼ਨ ਸਾਰੇ ਰੈਂਕਾਂ ਦੇ ਵਾਸਤੇ ਇਕ ਸਮਾਨ ਕੀਤੀ ਜਾਵੇ। ਜਦੋਂ ਅਪੰਗਤਾ ਬਰਾਬਰ ਹੈ ਤਾਂ ਵਿਕਲਾਂਗ ਪੈਨਸ਼ਨ ਅਲੱਗ ਕਿਓਂ ਹੈ? ਉਚ ਅਧਿਕਾਰੀਆਂ ਅਤੇ ਬਾਕੀ ਰੈਂਕ ਦਾ ਵਿਟਮੈਨ ਫੈਕਟਰ ਬਰਾਬਰ ਕੀਤਾ ਜਾਵੇ, ਮਿਲਟਰੀ ਸਰਵਿਸ ਸਾਰੇ ਰੈਂਕ ਦੇ ਬਰਾਬਰ ਕੀਤੀ ਜਾਵੇ। ਇਸ ਮੌਕੇ ਜ਼ਿਲਾ ਪ੍ਰਧਾਨ ਸੂਬੇਦਾਰ ਮੁਖਤਾਰ ਸਿੰਘ, ਕੈਪਟਨ ਸਰਵਨ ਸਿੰਘ, ਔੱਲ. ਡੀ. ਹਰਜੀਤ ਸਿੰਘ, ਹਵਲਦਾਰ ਤਰਨਜੀਤ ਸਿੰਘ, ਸੂਬੇਦਾਰ ਬਲਕਾਰ ਸਿੰਘ ਐਮਾ, ਸੂਬੇਦਾਰ ਗੁਰਮੇਜ ਸਿੰਘ ਗੱਗੋਬੂਹਾ, ਸੂਬੇਦਾਰ ਨਰਿੰਦਰਪਾਲ ਸਿੰਘ, ਸੂਬੇਦਾਰ ਭੂਪਿੰਦਰ ਸਿੰਘ ਢੰਡ, ਸੂਬੇਦਾਰ ਸੁਖਦੇਵ ਸਿੰਘ, ਨਾਇਕ ਗੁਰਦੇਵ ਸਿੰਘ ਸੋਹਲ, ਹੌਲਦਾਰ ਤਰਸੇਮ ਸਿੰਘ ਮੀਆਂਪੁਰ ਆਦਿ ਹਾਜ਼ਰ ਸਨ।

# ਅੱਡਾ ਝਬਾਲ ਦੇ ਵਿਕਾਸ ਕਾਰਜਾਂ 'ਚ ਨਹੀਂ ਆਉਣ ਦਿੱਤੀ ਜਾਵੇਗੀ ਖੜੋਤ : ਸੋਨੂੰ ਚੀਮਾ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਅੱਡਾ ਝਬਾਲ ਦੇ ਨੌਜੁਆਨ ਸਰਪੰਚ ਤੇ ਸਮਾਜਸੇਵੀ ਆਗੂ ਅਵਨ ਕੁਮਾਰ ਸੋਨੂੰ ਚੀਮਾ ਨੇ ਅੱਡਾ ਝਬਾਲ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਤੇ ਉਨ੍ਹਾਂ ਨੂੰ ਜਲਦੀ ਨਿਪਟਾਉਣ ਬਾਰੇ ਕਿਹਾ ਗਿਆ। ਇਸ ਮੌਕੇ ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਅੱਡਾ ਝਬਾਲ ਦੇ ਵਿਕਾਸ ਕਾਰਜਾਂ ਵਿੱਚ ਕੋਈ ਵੀ ਢਿੱਲ/ਖੜੋਤ ਨਹੀਂ ਆਉਣ ਦਿੱਤੀ ਜਾਵੇਗੀ ਤੇ ਬਾਕੀ ਅਧੂਰੇ ਪਏ ਤੇ ਨਵੇਂ ਸ਼ੁਰੂ ਕਰਨ ਵਾਲੇ ਕਾਰਜ ਵੀ ਜਲਦੀ ਸ਼ੁਰੂ ਤੇ ਪੂਰੇ ਕੀਤੇ ਜਾਣਗੇ ਤੇ ਅੱਡਾ ਝਬਾਲ ਨੂੰ ਇੱਕ ਨਮੂਨੇ ਵਜੋਂ ਪੇਸ਼ ਕੀਤਾ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਸਰਪੰਚ ਸੋਨੂੰ ਚੀਮਾ ਵਲੋਂ ਜੋ ਰਿਕਾਰਡਤੋੜ ਵਿਕਾਸ ਅੱਡਾ ਝਬਾਲ ਦਾ ਕਰਵਾਇਆ ਗਿਆ ਹੈ ਉਹ ਵੀ ਇੱਕ ਮਿਸਾਲ ਹੈ ਕਿਉਂਕਿ ਅੱਡਾ ਝਬਾਲ ਵਿੱਚ ਵਿਸ਼ਾਲ ਖੇਡ ਸਟੇਡੀਅਮ, ਤਹਿਲੀਲ ਕੰਪਲੈਕਸ, ਫਲੱਡ ਲਾਈਟਾਂ, ਸੀਸੀਟੀਵੀ ਕੈਮਰੇ, ਗਲੀਆਂ ਵਿੱਚ ਸਟਰੀਟ ਲਾਈਟਾਂ, ਕੰਕਰੀਟ ਦੀਆਂ ਗਲੀਆਂ, ਸਮੇਂ ਸਮੇਂ 'ਤੇ ਖੇਡ ਮੇਲੇ, ਸੀਵਰੇਜ ਸਿਸਟਮ ਅਤੇ ਕਈ ਹੋਰ ਵਿਕਾਸ ਕਾਰਜ ਜੋ ਕਿ ਸਰਪੰਚ ਸੋਨੂੰ ਚੀਮਾ ਨੇ ਹੀ ਕਰਵਾਏ ਹਨ। ਇਸ ਮੌਕੇ ਸਰਪੰਚ ਬਲਦੇਵ ਸਿੰਘ ਪੱਟੂ, ਮੈਂਬਰ ਪੰਚਾਇਤ ਮੁਖਤਾਰ ਸਿੰਘ, ਡਾ. ਗੁਰਨੇਕ ਸਿੰਘ ਸੋਹਲ, ਬਲਵਿੰਦਰ ਸਿੰਘ ਛੀਨਾ, ਮਾਈਕਲ ਝਬਾਲ, ਪ੍ਰਧਾਨ ਬੰਟੀ ਸ਼ਰਮਾ, ਅਮਰ ਕੇਬਲ ਵਾਲਾ, ਨਰਿੰਦਰ ਸਿੰਘ ਘੋਨਾ, ਮਾਸਟਰ ਬਲਦੇਵ ਸਿੰਘ, ਬਲਜੀਤ ਸਿੰਘ ਮਸ਼ੀਨਾਂ ਵਾਲਾ, ਪਰਜਿੰਦਰ ਸਿੰਘ ਚੀਮਾ, ਸੁਰਿੰਦਰ ਸਿੰਘ ਕਪਤਾਨ ਜਿਊਲਰਜ਼, ਸਿਮਰਨ ਧੁੰਨਾ, ਹੈਪੀ ਝਬਾਲ, ਅਮਨ ਝਬਾਲ, ਸੁਖਚੈਨ ਸਿੰਘ ਝਬਾਲ, ਗੋਲਡੀ ਝਬਾਲ, ਤਾਰਾ ਚੰਦ ਇਲੈਕਟ੍ਰਾਨਿਕਸ, ਬਲਜਿੰਦਰ ਸਿੰਘ ਸੋਨੂੰ ਲਾਲਾ, ਹਰਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਅੱਡਾ ਝਬਾਲ ਦੇ ਵਾਸੀ ਹਾਜ਼ਰ ਸਨ।

# ਮਿੱਟੀ ਦੀ ਬਜਾਏ ਰੇਤੇ ਨਾਲ ਬਣ ਰਹੀਆਂ ਸੂਏ ਦੀਆਂ ਪਟੜੀਆਂ ਦਾ ਕੰਮ ਰੁਕਵਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਹਿਰੀ ਵਿਭਾਗ ਵੱਲੋਂ ਪੱਕੇ ਕੀਤੇ ਜਾ ਰਹੇ ਸੂਏ ਦੀਆਂ ਪਟੜੀਆਂ ਬਣਾਈਆਂ ਜਾ ਰਹੀਆਂ ਹਨ ਪਰ ਉਨ੍ਹਾਂ ਨੂੰ ਮਿੱਟੀ ਦੀ ਜਗ੍ਹਾ ਸੂਏ ਵਿੱਚ ਨਿਕਲੀ ਮਾੜੀ ਰੇਤ ਨਾਲ ਹੀ ਬਣਾਇਆ ਜਾ ਰਿਹਾ ਹੈ ਜੋ ਕਿ ਥੋੜ੍ਹੀ ਬਾਰਸ਼ ਜਾਂ ਪਾਣੀ ਦੇ ਵਹਾਅ ਨਾਲ ਰੁੜ੍ਹ ਜਾਂਦੀ ਹੈ ਜਿਸ ਨਾਲ ਸੂਏ ਦੀ ਪਟੜੀ ਟੁੱਟ ਕੇ ਪਾਣੀ ਖੇਤਾਂ ਵਿੱਚ ਆ ਜਾਵੇਗਾ ਜਿਸ ਨਾਲ ਫਸਲਾਂ ਖਰਾਬ ਹੋਣ ਦਾ ਖਦਸ਼ਾ ਬਣਿਆ ਰਹੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਸੀਨੀਅਰ ਮੀਤ ਪ੍ਰਧਾਨ ਜਸਬੀਰ ਸਿੰਘ ਚੀਮਾ, ਬਲਾਕ ਪ੍ਰਧਾਨ ਮੁੱਖਤਾਰ ਸਿੰਘ, ਗੁਰਦਿਆਲ ਸਿੰਘ ਆਦਿ ਨੇ ਕਿਹਾ ਕਿ ਭੁੱਚਰ ਹੈੱਡ ਤੋਂ ਲੈ ਕੇ ਪਿੰਡ ਚੀਮਾ ਖੁਰਦ, ਚੀਮਾ ਕਲਾਂ, ਰਸੂਲਪੁਰ, ਹਵੇਲੀਆਂ, ਨੌਸ਼ਹਿਰਾ ਢਾਲਾ ਅਤੇ ਹੋਰਨਾਂ ਪਿੰਡਾਂ ਦੇ ਖੇਤਾਂ ਵਿੱਚ ਇਸ ਸੂਏ ਦਾ ਪਾਣੀ ਕਿਸਾਨਾਂ ਦੀਆਂ ਫਸਲਾਂ ਨੂੰ ਜਾਂਦਾ ਹੈ। ਜੇਕਰ ਇਹ ਸੂਏ ਦਾ ਪਾਣੀ ਅਗਲੇ ਪਿੰਡਾਂ ਦੇ ਖੇਤਾਂ ਤੱਕ ਨਾ ਪੁੱਜਾ ਤਾਂ ਕਿਸਾਨ ਆਪਣੀਆਂ ਫਸਲਾਂ ਕਿਥੋਂ ਪਾਲੇਗਾ। ਕਿਸਾਨ ਆਗੂਆਂ ਨੇ ਨਹਿਰੀ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸੂਏ ਦੀਆਂ ਪਟੜੀਆਂ ਤੋਂ ਰੇਤਾ ਉਤਾਰ ਕੇ ਮਿੱਟੀ ਲਗਾ ਕੇ ਫਿਰ ਪੱਕਾ ਕੀਤਾ ਜਾਵੇ ਤਾਂ ਜੋ ਇਹ ਸੂਆ ਟੁੱਟ ਕਿ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਦਾ ਨੁਕਸਾਨ ਨਾ ਕਰੇ। ਇਸ ਮੌਕੇ ਗੁਰਬਿੰਦਰ ਸਿੰਘ ਚੀਮਾ, ਗੁਰਭੇਜ ਸਿੰਘ ਸਾਬਕਾ ਸਰਪੰਚ, ਸਰਪੰਚ ਕੁਲਜੀਤ ਸਿੰਘ ਚੀਮਾ, ਰਣਧੀਰ ਸਿੰਘ, ਬਲਵਿੰਦਰ ਸਿੰਘ, ਗੁਰਐਪਲ ਸਿੰਘ, ਬਚਿੱਤਰ ਸਿੰਘ, ਸੁਖਦੇਵ ਸਿੰਘ, ਮਹਿੰਦਰ ਸਿੰਘ, ਦਾਰਾ ਸਿੰਘ, ਤਸਬੀਰ ਸਿੰਘ, ਮੁਖਵਿੰਦਰ ਸਿੰਘ, ਗੁਰਬਿੰਦਰ ਸਿੰਘ, ਸੁਖਦੇਵ ਸਿੰਘ, ਰਾਜਵੰਤ ਸਿੰਘ, ਨਛੱਤਰ ਸਿੰਘ, ਜਰਮਨ ਸਿੰਘ, ਕੁਲਦੀਪ ਸਿੰਘ ਅਤੇ ਪ੍ਰਗਟ ਸਿੰਘ ਆਦਿ ਹਾਜ਼ਰ ਸਨ। ਇਸ ਸਬੰਧੀ ਜਦੋਂ ਨਹਿਰੀ ਵਿਭਾਗ ਦੇ ਜੇ. ਈ. ਅਤੇ ਠੇਕੇਦਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਲਦੀ ਹੀ ਸੂਏ ਦੀ ਰੇਤਾ ਨਾਲ ਬਣੀ ਪਟੜੀ ਨੂੰ ਹਟਾ ਕੇ ਮਿੱਟੀ ਨਾਲ ਪੱਕਾ ਕੀਤਾ ਜਾਵੇਗਾ ਅਤੇ ਕਿਸਾਨਾਂ ਭਰਾਵਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

# ਮਹਿਮੂਦਪੁਰਾ ਵਿਖੇ ਕੈਂਸਰ ਜਾਗਰੂਕਤਾ ਕੈਂਪ ਲਾਇਆ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਕੈਂਸਰ ਵਰਗੀ ਵਿਸ਼ਵ ਵਿਆਪੀ ਜਾਨਲੇਵਾ ਬਿਮਾਰੀ ਪ੍ਰਤੀ ਆਮ ਜਨਤਾ ਵਿਚ ਜਾਗਰੂਕਤਾ ਦੀ ਘਾਟ ਦੇ ਚਲਦਿਆਂ ਲੋਕ ਕੈਂਸਰ ਦੇ ਲੱਛਣਾਂ ਨੂੰ ਬੇਧਿਆਨ ਕਰ ਦਿੰਦੇ ਹਨ ਜਿਸ ਨਾਲ ਇਹ ਬਿਮਾਰੀ ਖਤਰਨਾਕ ਪੱਧਰ 'ਤੇ ਪਹੁੰਚ ਜਾਂਦੀ ਹੈ। ਜੇਕਰ ਸਮਾਂ ਰਹਿੰਦਿਆਂ ਹੋਇਆਂ ਇਸ ਦਾ ਚੈੱਕਅੱਪ ਕਰਵਾ ਕੇ ਇਲਾਜ ਸ਼ੁਰੂ ਕਰੀਏ ਤਾਂ ਕਾਫੀ ਹੱਦ ਤੱਕ ਇਸ ਉੱਪਰ ਕਾਬੂ ਪਾਇਆ ਜਾ ਸਕਦਾ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਇੰਗਲੈਂਡ ਨਿਵਾਸੀ ਮਾਨਯੋਗ ਮੈਡਮ ਸਤਿੰਦਰ ਕੌਰ ਰੰਮੀ ਅਤੇ ਉਨ੍ਹਾਂ ਦੀ ਡਾਕਟਰੀ ਟੀਮ ਨੇ ਮਾਨਯੋਗ ਸਵਰਗਵਾਸੀ ਮਾਤਾ ਧਰਮ ਪਾਲ ਕੌਰ ਦੀ ਯਾਦ ਵਿਚ ਪਿੰਡ ਮਹਿਮੂਦਪੁਰਾ ਦੇ ਸਰਕਾਰੀ ਹਾਈ ਸਕੂਲ ਵਿਖੇ ਵਿਸ਼ਵ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਵੱਲੋਂ ਲਗਾਏ ਗਏ ਮੈਡੀਕਲ ਕੈਂਪ ਮੌਕੇ ਜਾਣਕਾਰੀ ਦਿੰਦਿਆਂ ਹੋਇਆਂ ਕੀਤਾ। ਇਸ ਮੌਕੇ ਇਸ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਦੇ ਕੈਂਪ ਨੂੰ ਸਪਾਂਸਰ ਕਰ ਰਹੇ ਰੰਮੀ ਹੋਰਾਂ ਕਿਹਾ ਕਿ ਸਰਹੱਦੀ ਇਲਾਕਾ ਹੋਣ ਕਾਰਨ ਇਥੇ ਸਿਹਤ ਸਹੂਲਤਾਂ ਦਾ ਬਹੁਤ ਮਾੜਾ ਹਾਲ ਹੈ। ਇਸ ਲਈ ਸਾਡੀ ਇਹ ਕੋਸ਼ਿਸ਼ ਹੈ ਕਿ ਲੋਕਾਂ ਨੂੰ ਪਿੰਡ ਪੱਧਰ ਉੱਪਰ ਜਾਗਰੂਕ ਕਰਕੇ ਉਨ੍ਹਾਂ ਨੂੰ ਮੁਫਤ ਅਤੇ ਮਿਆਰੀ ਇਲਾਜ ਖਾਸ ਕਰਕੇ ਕੈਂਸਰ ਦਾ ਇਲਾਜ ਮੁਫਤ ਮੁਹੱਈਆ ਕਰਵਾ ਕੇ ਉਨ੍ਹਾਂ ਨੂੰ ਰਾਹਤ ਪਹੁੰਚਾਈ ਜਾਵੇ। ਸਾਡਾ ਟੀਚਾ ਇਕ ਹਜ਼ਾਰ ਤੋਂ ਉੱਪਰ ਮਰੀਜ਼ਾਂ ਦਾ ਫਰੀ ਇਲਾਜ ਅਤੇ ਉਨ੍ਹਾਂ ਦੇ ਟੈਸਟ ਕਰਨ ਦਾ ਹੈ। ਅੱਜ ਦੇ ਕੈਂਪ ਵਿਚ ਚਾਰ ਸੌ ਤੋਂ ਉੱਪਰ ਮਰੀਜ਼ਾਂ ਦੇ ਟੈਸਟ ਕੀਤੇ ਗਏ। ਮਾਹਿਰ ਡਾਕਟਰਾਂ ਦੀ ਟੀਮ ਦੁਆਰਾ ਮਰੀਜ਼ਾਂ ਨੂੰ ਸਹੀ ਮਾਰਗ ਦਰਸ਼ਨ ਅਤੇ ਮੁਫਤ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ ਉਨ੍ਹਾਂ ਨਾਲ ਲਖਵਿੰਦਰ, ਬਿਕਰਮਜੀਤ ਸੰਧੂ ਮੋਹਾਲੀ, ਮੈਡਮ ਉਸ ਟਕਸਾਲੀ, ਮੈਡਮ ਅਮਨ, ਮੈਡਮ ਬਿਬਨ ਧੰਜਲ, ਸ਼ਿਵਦੇਵ ਸਿੰਘ ਸੰਧੂ ਕੈਨੇਡਾ, ਸਰਪੰਚ ਦਿਲਬਾਗ ਸਿੰਘ ਮਹਿਮੂਦਪੁਰ, ਪਰਮਿੰਦਰ ਸਿੰਘ ਲਾਡੀ ਭੁੱਲਰ, ਅਮਰਵੀਰ ਸਿੰਘ ਭੁੱਲਰ, ਗੁਰਪ੍ਰੀਤ ਸਿੰਘ, ਤਰਸੇਮ ਸਿੰਘ ਅਤੇ ਨਾਨਕ ਸਿੰਘ ਭੁੱਲਰ ਫਰਾਂਸ ਆਦਿ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਬਹਾਲੀ ਨੂੰ ਲੈ ਕੇ ਕਰਮਚਾਰੀਆਂ ਨੇ ਰੋਸ ਪ੍ਰਗਟਾਇਆ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸੂਬਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਨੂੰ ਲੈ ਕੇ ਕੀਤੀ ਜਾ ਰਹੀ ਟਾਲਮਟੋਲ ਦੇ ਖਿਲਾਫ ਸਿਵਲ ਹਸਪਤਾਲ ਪੱਟੀ ਦੇ ਕਰਮਚਾਰੀਆਂ ਵੱਲੋਂ ਕਾਲੇ ਬਿੱਲੇ ਲਗਾ ਕੇ ਰੋਸ ਪ੍ਰਗਟ ਕੀਤਾ ਗਿਆ। ਸਿਵਲ ਹਸਪਤਾਲ ਪੱਟੀ ਵਿਖੇ ਸਰਬਜੀਤ ਸਿੰਘ ਪੱਟੀ ਦੀ ਅਗਵਾਈ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਲਈ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਐੱਨਪੀਐੱਸ ਮੁਲਾਜ਼ਮਾਂ ਅਤੇ ਡਾਕਟਰਾਂ ਨੇ ਮੁੱਖ ਮੰਤਰੀ ਦੇ ਐਲਾਨ ਅਤੇ ਅਧੂਰੇ ਪੈਨਸ਼ਨ ਦੇ ਨੋਟੀਫਿਕੇਸ਼ਨ ਦੇ ਪੰਜ ਮਹੀਨੇ ਬੀਤ ਜਾਣ ਬਾਅਦ ਵੀ ਪੁਰਾਣੀ ਪੈਨਸ਼ਨ ਜ਼ਮੀਨੀ ਪੱਧਰ 'ਤੇ ਲਾਗੂ ਨਾ ਹੋਣ ਵਜੋਂ ਕਾਲੇ ਬਿੱਲੇ ਲਗਾ ਕੇ ਰੋਸ ਪ੍ਰਗਟ ਕੀਤਾ। ਇਸ ਮੌਕੇ ਸਰਬਜੀਤ ਸਿੰਘ ਪੱਟੀ ਨੇ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਅਪ੍ਰੈਲ ਮਹੀਨੇ ਤੋਂ ਜੀਪੀਐੱਫ ਦੀ ਕਟੌਤੀ ਸ਼ੁਰੂ ਨਾ ਹੋਣਾ, ਐੱਨਪੀਐੱਸ ਕਟੌਤੀ ਦਾ ਬੰਦ ਨਾ ਹੋਣਾ ਪੰਜਾਬ ਸਰਕਾਰ ਦੁਆਰਾ ਪੈਨਸ਼ਨ ਬਹਾਲੀ ਸਬੰਧੀ ਅਪਣਾਈ ਜਾ ਰਹੀ ਡੰਗ ਟਪਾਊ ਨੀਤੀ ਸਾਫ-ਸਾਫ ਜ਼ਾਹਿਰ ਕਰਦਾ ਹੈ। ਇਸ ਮੌਕੇ ਡਾਕਟਰ ਮਨਦੀਪ ਸਿੰਘ ਹੱਡੀਆਂ ਦੇ ਮਾਹਿਰ, ਡਾਕਟਰ ਮਨਦੀਪ ਸਿੰਘ ਚਮੜੀ ਦੇ ਮਾਹਿਰ, ਡਾਕਟਰ ਮਨਮੋਹਨ ਸਿੰਘ ਨੱਕ ਕੰਨ ਤੇ ਗਲੇ ਦੇ ਮਾਹਿਰ ਤੋਂ ਇਲਾਵਾ ਧਰਮਿੰਦਰ ਸਿੰਘ ਰਟੌਲ ਰੇਡੀਓਗਰਾਫਰ, ਰਾਕੇਸ਼ ਕੁਮਾਰ ਰੇਡੀਓਗਰਾਫਰ, ਸੁਮਨ ਸ਼ਰਮਾ ਰੇਡੀਓਗਰਾਫਰ, ਹੁਸਨਪ੍ਰੀਤ ਸਿੰਘ ਕਲਰਕ, ਗੁਰਿੰਦਰਪਾਲ ਸਿੰਘ ਕਲਰਕ, ਪ੍ਰਿਤਪਾਲ ਸਿੰਘ ਅਪਥਾਲਮਿਕ ਅਫਸਰ, ਰਾਜਵਿੰਦਰ ਸਿੰਘ ਫਾਰਮੇਸੀ ਅਫਸਰ, ਅਮਨਦੀਪ ਸਿੰਘ ਫਾਰਮੇਸੀ ਅਫਸਰ, ਹਰਬੰਸਪਾਲ ਸਿੰਘ, ਜੁਗਰਾਜ ਸਿੰਘ, ਜਗਰਾਜ ਯਾਦਵ, ਅਮਨਦੀਪ ਸਿੰਘ, ਵਾਰਡ ਇੰਚਾਰਜ ਰਾਜਵਿੰਦਰ ਸਿੰਘ ਰਾਜਾ ਡਰਾਈਵਰ, ਰਣਜੀਤ ਕੌਰ ਘੜਿਆਲਾ ਸਟਾਫ ਨਰਸ, ਅਮਨਦੀਪ ਕੌਰ ਸਟਾਫ ਨਰਸ ਤੋਂ ਇਲਾਵਾ ਹੋਰ ਵੀ ਮੁਲਾਜ਼ਮ ਹਾਜ਼ਰ ਸਨ ਅਤੇ ਇਨ੍ਹਾਂ ਸਾਰਿਆਂ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਲਈ ਸਰਕਾਰ ਨੂੰ ਅਪੀਲ ਕੀਤੀ। ਇਸ ਤੋਂ ਇਲਾਵਾ ਮੁਲਾਜ਼ਮਾਂ ਨੇ ਸਰਕਾਰ ਨੂੰ ਤਾੜਨਾ ਕੀਤੀ ਕੇ ਜੇਕਰ 6 ਦੀ ਮੀਟਿੰਗ ਸਬੰਧੀ ਕੋਈ ਟਾਲਮਟੋਲ ਕੀਤੀ ਗਈ ਤਾਂ 22 ਨੂੰ ਜਲੰਧਰ ਵਿਖੇ ਝੰਡਾ ਮਾਰਚ ਕੀਤਾ ਜਾਵੇਗਾ।

# ਤਜਵੀਜ਼ਤ ਟੋਲ ਪਲਾਜ਼ੇ ਵਿਰੁੱਧ ਧਰਨਾ 94ਵੇਂ ਦਿਨ 'ਚ ਦਾਖਲ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਗੁਰਦਾਸਪੁਰ-ਡੇਰਾ ਬਾਬਾ ਨਾਨਕ ਰੋਡ 'ਤੇ ਸਥਿਤ ਪਿੰਡ ਖਹਿਰਾ ਕੋਟਲੀ ਵਿਖੇ ਤਜਵੀਜ਼ਤ ਟੋਲ ਪਲਾਜ਼ਾ ਵਿਰੁੱਧ ਲਾਇਆ ਧਰਨਾ ਅੱਜ 94ਵਾਂ ਦਿਨ ਵੀ ਜਾਰੀ ਰਿਹਾ। ਅੱਜ ਧਰਨੇ ਦੇ ਜਥੇ ਦੀ ਅਗਵਾਈ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਬਲਦੇਵ ਸਿੰਘ ਖਹਿਰਾ ਨੇ ਕੀਤੀ। ਅੱਜ ਦੇ ਜਥੇ ਵਿੱਚ ਬਲਦੇਵ ਸਿੰਘ ਖਹਿਰਾ, ਗੁਲਜ਼ਾਰ ਸਿੰਘ ਬਸੰਤ ਕੋਟ, ਡਾਕਟਰ ਅਰਜਿੰਦਰ ਸਿੰਘ ਮੌੜ, ਸਰਦੂਲ ਸਿੰਘ ਅਤੇ ਨਿਰਮਲ ਸਿੰਘ ਚਿਕੜੀ, ਸਤਨਾਮ ਸਿੰਘ ਅਤੇ ਤਰਸੇਮ ਸਿੰਘ ਡੇਹਰੀਵਾਲ ਕਿਰਨ, ਹਰਭਜਨ ਸਿੰਘ ਪਿੰਡੀਆਂ, ਮਨਦੀਪ ਸਿੰਘ, ਬਲਕਾਰ ਸਿੰਘ ਨੜਾਂਵਾਲੀ, ਜੁਝਾਰ ਸਿੰਘ, ਨਰਿੰਦਰਪਾਲ ਕੌਰ ਭੋਪਰ ਆਦਿ ਹਾਜ਼ਰ ਸਨ। ਜਥੇ ਨੂੰ ਸਨਮਾਨਿਤ ਕਰਨ ਵਾਲਿਆਂ ਵਿੱਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਸਲਵਿੰਦਰ ਸਿੰਘ ਤਾਜ ਗੋਸਲ, ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਨਾਜਰ ਸਿੰਘ ਪ੍ਰਧਾਨ ਅਤੇ ਅਸ਼ੋਕ ਕੁਮਾਰ, ਪੰਜਾਬ ਕਿਸਾਨ ਯੂਨੀਅਨ ਵੱਲੋਂ ਜਰਨੈਲ ਸਿੰਘ ਸਪਰਾਵਾਂ ਅਤੇ ਗੁਰਦੀਪ ਸਿੰਘ ਕਾਮਲਪੁਰ ਨੇ ਜਥੇ ਨੂੰ ਸਨਮਾਨਿਤ ਕੀਤਾ। ਬੁਲਾਰਿਆਂ ਨੇ 10 ਅਪਰੈਲ ਦੇ ਧਰਨੇ ਬਾਰੇ ਦੱਸਿਆ। ਸਰਕਾਰਾਂ ਵੱਲੋਂ ਕਿਸਾਨਾਂ ਪ੍ਰਤੀ ਅਪਣਾਏ ਗਏ ਰਵਈਏ ਦੀ ਨੁਕਤਾਚੀਨੀ ਕੀਤੀ। ਬਾਰਸ਼ ਕਾਰਨ ਹੋਏ ਕਣਕ ਦੇ ਨੁਕਸਾਨ ਦੀ ਪੂਰਤੀ ਲਈ ਜਿਹੜਾ ਮਾਪਦੰਡ ਸਰਕਾਰ ਨੇ ਬਣਾਇਆ ਹੈ ਕਿ ਪਚੱਤਰ ਤੋਂ ਸੌ ਪ੍ਰਤੀਸ਼ਤ ਤੇ ਹੀ ਪੂਰਾ ਮੁਆਵਜ਼ਾ ਮਿਲੇਗਾ। ਇਸ ਦੇ ਉਲਟ ਖੇਤੀਬਾੜੀ ਵਿਭਾਗ ਸਿਰਫ ਪੰਝੀ ਪਰਸੈਂਟ ਨੁਕਸਾਨ ਦੀ ਗੱਲ ਕਰ ਰਿਹਾ ਹੈ। ਪੂਰੇ ਭਾਰਤ ਵਿਚ ਮੀਂਹ ਕਾਰਨ ਕਣਕ ਦੀ ਫਸਲ ਖਰਾਬ ਹੋਈ ਹੈ ਅਤੇ ਅਨੁਮਾਨ ਹੈ ਕਿ ਝਾੜ ਅੱਧਾ ਰਹਿ ਜਾਵੇਗਾ। ਨੁਕਸਾਨ ਸਿਰਫ ਕਣਕ ਦਾ ਹੀ ਨਹੀਂ ਹੋਇਆ, ਤੂੜੀ, ਸਰ੍ਹੋਂ ਸਬਜ਼ੀਆਂ ਦਾ ਵੀ ਹੋਇਆ ਹੈ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਜੇ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਨਾ ਮਿਲਿਆ ਤਾਂ ਉਹ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਲੋਕ ਕਚਹਿਰੀ ਵਿੱਚ ਖੜ੍ਹਿਆਂ ਕਰਨਗੇ। ਅਜੇ ਵੀ ਬਹੁਤ ਸਾਰੇ ਪਿੰਡਾਂ ਵਿੱਚ ਗਿਰਦਾਵਰੀ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ। ਅਸੀਂ ਇਸ ਸੰਕਟ ਦੀ ਘੜੀ ਵਿੱਚ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਕਿਸਾਨਾਂ ਦੀ ਬਾਂਹ ਫੜੇ।

6-April-PAGE-4.qxd 4/5/2023 10:55 PM Page 1

ਨਵਾਂ ਜ਼ਮਾਨਾ
ਵੀਰਵਾਰ, 6 ਅਪ੍ਰੈਲ 2023

# ਭੀੜਤੰਤਰੀ ਹੱਤਿਆਵਾਂ ਮੁੜ ਸ਼ੁਰੂ

*ਰਾਮਨੌਮੀ ਦੇ ਜਲੂਸਾਂ ਰਾਹੀਂ ਦੰਗੇ ਭੜਕਾਉਣ ਦੀਆਂ ਹਿੰਦੂਤਵੀ ਕਾਰਵਾਈਆਂ ਦੇ ਨਾਲ-ਨਾਲ ਗਊ ਹੱਤਿਆ ਦੇ ਨਾਂਅ ਉੱਤੇ ਭੀੜਤੰਤਰੀ ਹੱਤਿਆਵਾਂ ਦਾ ਸਿਲਸਿਲਾ ਵੀ ਤੇਜ਼ੀ ਫੜਦਾ ਜਾ ਰਿਹਾ ਹੈ। ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਤੱਕ ਅਜਿਹੀਆਂ ਨਫ਼ਰਤੀ ਮੁਹਿੰਮਾਂ ਭਾਜਪਾ ਦੀ ਚੋਣ ਮੁਹਿੰਮ ਦਾ ਮੁੱਖ ਚੋਣ ਏਜੰਡਾ ਬਣਿਆ ਰਹੇ। ਗਊ ਹੱਤਿਆ ਦੇ ਨਾਂਅ ਉੱਤੇ ਹੱਤਿਆਵਾਂ ਦਾ ਸਿਲਸਿਲਾ ਇਸ ਸਾਲ ਦੇ ਸ਼ੁਰੂ ਵਿੱਚ ਹਰਿਆਣਾ ਤੋਂ ਹੋ ਗਿਆ ਸੀ, ਜਦੋਂ ਅਖੌਤੀ ਗਊ ਰਾਖਿਆਂ ਨੇ ਰਾਜਸਥਾਨ ਦੇ ਦੋ ਮੁਸਲਿਮ ਨੌਜਵਾਨਾਂ ਨੂੰ ਸਾੜ ਕੇ ਮਾਰ ਦਿੱਤਾ ਸੀ। ਹਤਿਆਰੇ ਹਾਲੇ ਤੱਕ ਵੀ ਗ੍ਰਿਫ਼ਤਾਰ ਨਹੀਂ ਕੀਤੇ ਗਏ।*

*ਹੁਣ ਅਗਲੀ ਘਟਨਾ ਕਰਨਾਟਕ ਵਿੱਚ ਵਾਪਰੀ ਹੈ। ਯਾਦ ਰਹੇ ਕਿ ਕਰਨਾਟਕ ਵਿੱਚ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ। ਭਾਜਪਾ ਨੇ ਬਹੁਤ ਪਹਿਲਾਂ ਤੋਂ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ 4 ਮਹੀਨਿਆਂ ਦੌਰਾਨ ਕਰਨਾਟਕ ਦੇ 8 ਦੌਰੇ ਕਰ ਚੁੱਕੇ ਹਨ। ਸੰਘ ਤੇ ਇਸ ਨਾਲ ਜੁੜੀਆਂ ਸੰਸਥਾਵਾਂ ਦੇ ਵਰਕਰਾਂ ਨੇ ਵੀ ਕਰਨਾਟਕ ਵਿੱਚ ਡੇਰੇ ਲਾਏ ਹੋਏ ਹਨ। ਇਸ ਦੇ ਬਾਵਜੂਦ ਹਵਾ ਦਾ ਰੁਖ ਭਾਜਪਾ ਦੇ ਉਲਟ ਹੈ। ਸਾਰੇ ਸਰਵੇਖਣ ਭਾਜਪਾ ਦੇ ਹਾਰ ਜਾਣ ਦੀ ਭਵਿੱਖਬਾਣੀ ਕਰ ਰਹੇ ਹਨ। ਇਸ ਹਾਲਤ ਵਿੱਚ ਸੰਘੀ ਆਗੂ ਤੇ ਸੱਤਾਧਾਰੀਏ ਹਿੰਦੂ ਵੋਟਾਂ ਦੇ ਧਰੁਵੀਕਰਨ ਦੀ ਕੋਸ਼ਿਸ਼ ਵਿੱਚ ਲੱਗ ਚੁੱਕੇ ਹਨ। ਇਸੇ ਕੜੀ ਵੱਜੋਂ ਰਾਮਨਗਰ ਵਿੱਚ ਗਊ ਰਾਖਿਆਂ ਦੇ ਇੱਕ ਗਰੁੱਪ ਨੇ ਟਰੱਕ ਵਿੱਚ ਪਸ਼ੂ ਲੈ ਕੇ ਜਾ ਰਹੇ ਤਿੰਨ ਲੋਕਾਂ ਉੱਤੇ ਹਮਲਾ ਕਰ ਦਿੱਤਾ, ਜਿਸ ਨਾਲ ਇੱਕ ਦੀ ਮੌਤ ਹੋ ਗਈ ਸੀ। ਇਸ ਘਟਨਾ ਦਾ ਮੁੱਖ ਮੁਲਜ਼ਮ ਪੁਨੀਤ ਕੇਰੇਹੱਲੀ ਹਿੰਦੂਤਵੀ ਸੰਗਠਨ ਰਾਸ਼ਟਰੀ ਸੁਰੱਖਿਆ ਸੈਨਾ ਦਾ ਮੁਖੀ ਹੈ।*

*ਘਟਨਾ 31 ਮਾਰਚ ਦੀ ਹੈ। ਸੱਯਦ ਜ਼ਹੀਰ, ਇੰਦਰੀਸ ਪਾਸ਼ਾ ਤੇ ਇਰਫਾਨ ਜਾਨਵਰਾਂ ਨੂੰ ਟਰੱਕ ਰਾਹੀਂ ਤਾਮਿਲਨਾਡੂ ਲੈ ਕੇ ਜਾ ਰਹੇ ਸਨ। 40 ਸਾਲਾ ਜ਼ਹੀਰ ਨੇ ਦੱਸਿਆ ਕਿ ਅਸੀਂ ਆਪਣੇ ਟਰੱਕ ਵਿੱਚ ਜਾਨਵਰ ਲੈ ਕੇ ਜਾ ਰਹੇ ਸੀ ਤਾਂ ਸਥਾਨੂਰ ਪੁਲਸ ਸਟੇਸ਼ਨ ਸਾਹਮਣੇ ਅਖੌਤੀ ਗਊ ਰੱਖਿਅਕਾਂ ਨੇ ਸਾਨੂੰ ਰੋਕ ਲਿਆ। ਇੱਕ ਸਿਪਾਹੀ ਮੈਨੂੰ ਥਾਣੇ ਲੈ ਗਿਆ। ਇਸ ਦੌਰਾਨ ਹਮਲਾਵਰਾਂ ਨੇ ਪਾਸ਼ਾ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਜ਼ਹੀਰ ਦੇ ਮੁਤਾਬਕ ਪਾਸ਼ਾ ਉਸ ਦਾ ਸਹਾਇਕ ਡਰਾਈਵਰ ਸੀ ਤੇ ਇਰਫਾਨ ਪਸ਼ੂ ਚੜ੍ਹਾਉਣ-ਲਾਹੁਣ ਦਾ ਕੰਮ ਕਰਦਾ ਸੀ। ਪਸ਼ੂਆਂ ਦਾ ਮਾਲਕ ਨਾਲ ਨਹੀਂ ਸੀ। ਉਨ੍ਹਾਂ ਨੇ ਦਿੱਤੇ ਪਤੇ ਉੱਤੇ ਪਸ਼ੂ ਪੁਚਾਉਣੇ ਸਨ। ਐੱਫ ਆਈ ਆਰ ਮੁਤਾਬਕ ਕੇਰੇਹੱਲੀ ਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਨਜਾਇਜ਼ ਤੌਰ ਉੱਤੇ ਜਾਨਵਰ ਲਿਜਾ ਰਹੇ ਹਨ, ਇਸ ਲਈ ਜੁਰਮਾਨੇ ਵਜੋਂ ਦੋ ਲੱਖ ਰੁਪਏ ਦਿਓ। ਉਨ੍ਹਾਂ ਪਾਸ ਜਾਨਵਰ ਲੈ ਕੇ ਜਾਣ ਦੀ ਮਨਜ਼ੂਰੀ ਵਾਲੇ ਪੂਰੇ ਕਾਗਜ਼ ਸਨ, ਜਦੋਂ ਪਾਸ਼ਾ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਏਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਸ ਦੀ ਮੌਤ ਹੋ ਗਈ। ਇਸੇ ਦੌਰਾਨ ਕੇਰੇਹੱਲੀ ਦੀ ਸ਼ਿਕਾਇਤ ਉੱਤੇ ਡਰਾਈਵਰ ਜ਼ਹੀਰ ਤੇ ਉਸ ਦੇ ਸਾਥੀਆਂ ਵਿਰੁੱਧ ਗਊ ਹੱਤਿਆ ਰੋਕਥਾਮ ਤੇ ਪਸ਼ੂ ਕਾਨੂੰਨ ਅਤੇ ਪਸ਼ੂ ਕਰੂਰਤਾ ਨਿਵਾਰਨ ਕਾਨੂੰਨ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।*

*ਪੁਨੀਤ ਕੇਰੇਹੱਲੀ ਦੇ ਵਿਰੁੱਧ ਫਿਰਕੂ ਉਕਸਾਹਟਾਂ ਤੇ ਤੋੜਫੋੜ ਦੇ ਪਹਿਲਾਂ ਵੀ ਕਈ ਕੇਸ ਦਰਜ ਹਨ। ਕਰਨਾਟਕ ਵਿੱਚ ਹਿੰਦੂ ਮੰਦਰਾਂ ਦੇ ਨੇੜੇ ਮੁਸਲਮਾਨਾਂ ਨੂੰ ਦੁਕਾਨਾਂ ਚਲਾਉਣ ਤੋਂ ਰੋਕਣ ਲਈ ਵੀ ਉਸ ਨੇ ਮੁਹਿੰਮ ਚਲਾਈ ਸੀ। ਉਸ ਉੱਤੇ ਹੱਤਿਆ ਦਾ ਮੁਕੱਦਮਾ ਦਰਜ ਹੋਣ ਤੋਂ ਬਾਅਦ ਉਸ ਦੀਆਂ ਭਾਜਪਾ ਆਗੂ ਤੇਜਸਵੀ ਸੂਰੀਆ, ਕਪਿਲ ਮਿਸ਼ਰਾ, ਕੇ ਕੇ ਅੰਨਾਮਲਾਈ ਤੇ ਸੀ ਟੀ ਰਵੀ ਸਮੇਤ ਸੱਤਾਧਾਰੀ ਭਾਜਪਾ ਦੇ ਪ੍ਰਮੁੱਖ ਆਗੂਆਂ ਨਾਲ ਤਸਵੀਰਾਂ ਸਾਹਮਣੇ ਆ ਗਈਆਂ ਹਨ। ਸੰਨ 2018 ਵਿੱਚ ਸੁਪਰੀਮ ਕੋਰਟ ਨੇ ਭੀੜਤੰਤਰੀ ਹੱਤਿਆਵਾਂ ਰੋਕਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ, ਪਰ ਉਨ੍ਹਾਂ ਉੱਤੇ ਕਿਧਰੇ ਵੀ ਅਮਲ ਨਹੀਂ ਹੋ ਰਿਹਾ।*

## ਬਜ਼ਾਰ-ਏ-ਅਟਕਲਪੱਚੂ

*ਵਿੱਚ ਸੱਥਾਂ ਦੇ ਗੱਲਾਂ ਇਹ ਚੱਲ ਰਹੀਆਂ,*
*ਰਿਹਾ ਵਰਤ 'ਵਰਤਾਰਾ' ਮੱਕਾਰ ਦਾ ਜੀ।*
*'ਪੱਕੀ ਗੱਲ' ਕਹਿ ਕੋਈ 'ਨਿਬੇੜ' ਦੇਵੇ,*
*ਜਿਹਦੇ ਤਾਈਂ ਯਕੀਨ 'ਗ੍ਰਿਫ਼ਤਾਰ' ਦਾ ਜੀ।*
*ਬਹੁਤੇ ਦੁਬਿਧਾ ਦੇ ਵਿੱਚ ਨੇ ਫਸੇ ਹੋਏ,*
*ਸੱਚ ਮੰਨ ਲਿਆ ਕਿਸੇ 'ਫਰਾਰ' ਦਾ ਜੀ।*
*ਕੋਈ ਆਖਦਾ 'ਉੱਪਰੋਂ' ਹੁਕਮ ਆਇਆ,*
*ਪਤਾ 'ਇਧਰਲੇ' ਮੈਨੂੰ ਇਨਕਾਰ ਦਾ ਜੀ।*
*ਫੇਸ-ਬੁਕ ਤਾਂ ਅਟਕਲਾਂ ਨਾਲ ਭਰਦੀ,*
*ਪੂਰ ਜ਼ੋਰ ਹੈ ਕੁਫਰ-ਪ੍ਰਚਾਰ ਦਾ ਜੀ।*
*ਗੇਲੂ ਪੁੱਛਦਾ ਸੁਣੀ ਬਖਤੌਰਿਆ ਉਏ,*
*ਹੁਕਮ ਚੱਲਦਾ ਕਿਹੜੀ ਸਰਕਾਰ ਦਾ ਜੀ?*

*-ਤਰਲੋਚਨ ਸਿੰਘ ਦੁਪਾਲਪੁਰ, 78146-92724*

# ਪੰਜਾਬ ਨੂੰ ਰਾਜਸੀ ਝੱਖੜ ਤੋਂ ਬਚਣ ਦੀ ਲੋੜ



ਜਗੀਰ ਸਿੰਘ ਜਗਤਾਰ

ਪੰਜਾਬ ਉੱਤੇ ਇੱਕ ਵਾਰ ਫੇਰ ਰਾਜਸੀ ਝੱਖੜ ਵਾਲੀਆਂ ਘਣਘੋਰ ਘਟਾਵਾਂ ਦੇ ਬੱਦਲ ਛਾ ਰਹੇ ਹਨ। ਇਹਨਾਂ ਤੋਂ ਬਚਾਅ ਦੇ ਪੰਜਾਬ ਵਾਸੀਆਂ ਨੇ ਚੇਤਨਾ ਦੇ ਅਧਾਰ 'ਤੇ ਸਮੇਂ ਸਿਰ ਉਪਾਅ ਨਾ ਕੀਤੇ ਤਾਂ ਇਸ ਦੀ ਗੜੇਮਾਰੀ 1984 ਤੋਂ ਵੀ ਮਾਰੂ ਸਿੱਧ ਹੋਵੇਗੀ। ਇਸ ਮਾਰੂ ਰਾਜਸੀ ਹਵਾ ਦੇ ਪੱਖੇ ਬਣਨ ਵਾਲੇ ਆਪਣੇ-ਆਪ ਨੂੰ ਆਪੇ ਬਣੇ ਪੰਜਾਬ ਦੇ ਵਾਰਸ ਦਰਸਾਅ ਰਹੇ ਹਨ, ਪਰ ਇਹਨਾਂ ਰਾਹੀਂ ਸਵਾਰਥੀ ਹਿੱਤਾਂ ਵੱਲੋਂ ਝੁਲਾਈ ਭਾਬੜਾਂ ਵਾਲੀ ਹਨੇਰੀ ਸਭ ਤੋਂ ਵੱਧ ਪੰਜਾਬ ਦੇ ਹਕੀਕੀ ਵਾਰਸਾਂ ਨੂੰ ਝੁਲਸੇਗੀ। ਵਰਤਮਾਨ ਸਥਿਤੀ ਦਾ ਚਿੰਤਾ ਵਾਲਾ ਇੱਕ ਪੱਖ ਇਹ ਹੈ ਕਿ ਕੁੱਝ ਪੌਂਡਾਂ ਡਾਲਰਾਂ ਲਈ ਪੰਜਾਬ ਨੂੰ ਪਿੱਠ ਦੇ ਕੇ ਸਾਮਰਾਜੀ ਹਕੂਮਤਾਂ ਤਹਿਤ ਧਰਤੀ ਤੋਂ ਉਹਨਾਂ ਹਵਾਵਾਂ ਦੇ ਸਮਰਥਕ ਬਣ ਰਹੇ ਹਨ, ਜਿਨ੍ਹਾਂ ਦੀ ਪੰਜਾਬ ਦੇ ਸਿੱਖਾਂ ਸਮੇਤ ਕਿਸੇ ਪੰਜਾਬੀ ਨੇ ਇੱਛਾ ਨਹੀਂ ਕੀਤੀ। ਉਹਨਾਂ ਦੇ ਇਸ ਸਮਰਥਨ ਦੇ ਵਿਖਾਵੇ ਪੰਜਾਬ ਦੇ ਸਧਾਰਨ ਵਾਰਸਾਂ ਨੂੰ ਵਰਗਲਾਉਣ ਵਿੱਚ ਸਹਾਈ ਹੋਣ ਤੋਂ ਬਿਨਾਂ ਗੁਰੂ-ਪੀਰਾਂ ਦੀ ਚਰਨ ਛੋਹ ਵਾਲੀ ਇਸ ਧਰਤੀ 'ਤੇ ਵਸਣ ਵਾਲਿਆਂ ਦਾ ਕੁੱਝ ਸਵਾਰਨ ਦੀ ਥਾਂ ਵਿਗਾੜਨਗੇ ਹੀ। ਉੱਠ ਰਹੇ ਇਸ ਰਾਜਸੀ ਉਧਮੂਲ ਨੂੰ ਉਥੋਂ ਦੇ ਸਿੱਖਾਂ ਦੇ ਆਗੂ ਹੋਣ ਦਾ ਦਾਅਵਾ ਕਰਨ ਵਾਲੇ 1984 ਦੇ ਹਾਲਾਤ ਨੂੰ ਵਿਸਾਰ ਕੇ ਇੱਕ-ਦੂਜੇ ਤੋਂ ਅੱਗੇ ਹੋ ਕੇ ਬਿਆਨਾਂ ਦੇ ਤੇਲ ਦਾ ਛਿੜਕਾਅ ਕਰ ਰਹੇ ਹਨ। ਅਕਾਲੀ ਦਲ ਦੇ ਆਗੂ ਜੋ ਆਪਣੀਆਂ ਸਰਕਾਰਾਂ ਦੇ ਸਮੇਂ ਵਿੱਚ ਪੰਜਾਬੀਆਂ ਵਿਰੋਧੀ ਕਾਰਕਰਦੀ ਕਰਕੇ ਛੇਕੇ ਗਏ, ਉਹ ਵੀ ਇਸ ਮੌਕੇ ਨੂੰ ਟਿੰਡ 'ਚ ਕਾਨਾ ਪਾਉਣ ਵਾਂਗ ਗਨੀਮਤ ਸਮਝ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਨੇ ਆਪਣੀਆਂ ਸੌੜੀਆਂ ਕਾਰਕਰਦਗੀਆਂ ਕਾਰਨ ਹਰਿਆਣਾ ਵਿਚਲੇ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਤੱਕ ਪਹੁੰਚਾ ਦਿੱਤਾ ਹੈ, ਉਹ ਵੀ ਸਮੂਹ ਸਿੱਖ ਜਥੇਬੰਦੀਆਂ ਦੀ ਮੀਟਿੰਗ ਦੇ ਸੱਦੇ ਦੇ ਕੇ ਗੈਰ ਧਾਰਮਿਕ ਮਾਮਲੇ ਵਿੱਚ ਰੋਲ ਘਚੋਲਾ ਪਾ ਕੇ ਸਿੱਖਾਂ ਨੂੰ ਸਹੀ ਸਥਿਤੀ ਨੂੰ ਸਮਝਣ ਤੋਂ ਰੋਕਣ ਦੇ ਉਪਰਾਲੇ ਕਰਨ ਵਿੱਚ ਜੁੱਟ ਗਈ ਹੈ।

ਇੱਥੇ ਇਹ ਪੱਖ ਵਿਚਾਰਨ ਦੀ ਲੋੜ ਹੈ ਕਿ ਸਤਲੁਜ-ਜਮੁਨਾ ਲਿੰਕ ਨਹਿਰ ਦੇ ਕਪੂਰੀ ਮੋਰਚੇ ਨੂੰ ਅਕਾਲੀ ਦਲ ਵੱਲੋਂ ਅੰਮ੍ਰਿਤਸਰ ਬੈਠ ਕੇ ਧਰਮ ਯੁੱਧ ਦਾ ਰੂਪ ਦੇਣ ਨਾਲ ਨਜਿੱਠਣ ਲਈ ਵੇਲੇ ਦੀ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਭਾਜਪਾ ਦੇ ਅੰਦਰਖਾਤੇ ਦੇ ਪਿੱਠ ਥਾਪੜੇ ਸਦਕਾ ਫੌਜ ਦਰਬਾਰ ਸਾਹਿਬ ਵਿਖੇ ਭੇਜੀ ਸੀ, ਉਸ ਸਾਹਮਣੇ ਆਪਣੀ ਸਰਕਾਰ ਨੂੰ ਉਪਜੀ ਵੰਗਾਰ ਨਾਲ ਨਜਿੱਠਣ ਦਾ ਟੀਚਾ ਸੀ। ਉਹ ਸਾਰਾ ਤਾਣਾਬਾਣਾ ਭਾਰਤ ਦੀ ਧਰਤੀ ਤੇ ਬੁਣਿਆ ਤੇ ਉਲਝਾਇਆ ਗਿਆ ਸੀ। ਅੱਜ ਦੇ ਹਾਲਾਤ ਵਿੱਚ ਸਾਮਰਾਜ ਦੀ ਸਰਪ੍ਰਸਤੀ ਵਾਲੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਆਪਣੇ ਹਿੱਤਾਂ ਲਈ ਮੋਹਰੀ ਬਣੀਆਂ ਸਰਕਾਰਾਂ ਨੂੰ ਵਰਤ ਰਹੀਆਂ ਹਨ, ਇਸ ਪੱਖ ਦੇ ਸਾਰੇ ਪੱਖਾਂ ਉੱਤੇ ਝਾਤ ਪਾਉਣ ਤੋਂ ਪਹਿਲਾਂ ਸਿੱਖ ਹਿੱਤਾਂ ਦੀ ਰਾਖੀ ਤੇ ਉਸ ਲਈ ਸੰਗਰਾਮ ਕਰਨ ਦੀ ਗੱਲ ਕਰਨ ਵਾਲਿਆਂ ਨੂੰ ਬੀਤੇ ਦੇ ਇਤਿਹਾਸ ਉਤੇ ਝਾਤ ਪਾ ਕੇ ਉਸ ਤੋਂ ਸੇਧ ਲੈਣੀ ਚਾਹੀਦੀ ਹੈ।

ਦੇਸ਼ ਦੀ ਆਜ਼ਾਦੀ ਲਈ ਗਦਰੀ ਸੂਰਬੀਰਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ। ਉਹ ਅੱਜ ਦੇ ਵਿਦੇਸ਼ੀਂ ਗਏ ਭਾਰਤ ਵਾਸੀਆਂ, ਪੰਜਾਬੀਆਂ, ਸਿੱਖਾਂ ਦੀ ਤਰਾਂ ਖੱਟਣ ਕਮਾਉਣ ਗਏ ਸੀ। ਜਦ ਉਹਨਾਂ ਨੂੰ ਆਜ਼ਾਦੀ ਦੀ ਲੋੜ ਦਾ ਅਹਿਸਾਸ ਹੋਇਆ, ਉਹਨਾਂ ਆਪਣੇ ਸਾਰੇ ਕਾਰੋਬਾਰ ਛੱਡ ਕੇ ਦੇਸ਼ ਨੂੰ ਵਹੀਰਾਂ ਕੀਤੀਆਂ। ਉਹਨਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ, ਬਾਬਾ ਸੋਹਨ ਸਿੰਘ ਭਕਨਾ, ਬਾਬਾ ਗੁਰਮੁਖ ਸਿੰਘ ਲਲਤੋਂ ਅਤੇ ਹੋਰ ਅਨੇਕਾਂ ਗ਼ਦਰੀ ਸ਼ਾਮਲ ਸਨ। ਸ਼ੁਰੂ ਵਿੱਚ ਉਹਨਾਂ ਦਾ ਅਨੁਮਾਨ ਸੀ ਕਿ ਭਾਰਤ 'ਤੇ ਰਾਜ ਕਰ ਰਹੀ ਅੰਗਰੇਜ਼ ਹਕੂਮਤ ਦੀ ਫੌਜ ਵਿੱਚ ਵੱਡੀ ਬਹੁਗਿਣਤੀ ਭਾਰਤੀਆਂ, ਪੰਜਾਬੀਆਂ, ਸਿੱਖਾਂ ਦੀ ਹੈ। ਉਹਨਾਂ ਨੂੰ ਆਜ਼ਾਦੀ ਦੀ ਲੋੜ ਦਾ ਅਹਿਸਾਸ ਕਰਵਾ ਕੇ ਸਰਕਾਰ ਵੱਲੋਂ ਹੱਥ ਫੜਾਈਆਂ ਰਾਇਫਲਾਂ ਦਾ ਮੂੰਹ ਅੰਗਰੇਜ਼ ਹਾਕਮਾਂ ਵੱਲ ਕਰਕੇ, ਬਰਤਾਨਵੀ ਹਾਕਮਾਂ ਨੂੰ ਇੱਥੋਂ ਭਜਾਇਆ ਜਾ ਸਕੇਗਾ। ਇਸ ਉਦੇਸ਼ ਲਈ ਜੋ ਛੋਟੀਆਂ-ਛੋਟੀਆਂ ਮੀਟਿੰਗਾਂ ਕੀਤੀਆਂ ਗਈਆਂ, ਉਹਨਾਂ ਦੀ ਮੁਖਬਰੀ ਹੋਣ ਕਾਰਨ ਗਦਰੀ ਫੜੇ ਜਾਂਦੇ ਰਹੇ, ਉਹਨਾਂ ਦੀ ਫਾਂਸੀ, ਕਾਲੇ ਪਾਣੀ ਦੀਆਂ ਜੇਲ੍ਹਾਂ, ਲੰਬਾ ਸਮਾਂ ਕਾਲ ਕੋਠੜੀਆਂ ਵਿੱਚ ਬੰਦ ਕਰਨ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਇਸ ਤਰ੍ਹਾਂ ਦੇ ਹਾਲਾਤ ਤੋਂ ਦੇਸ਼ ਭਗਤਾਂ ਦੀ ਇਹ ਸੋਚ ਬਣੀ ਕਿ ਕੁੱਝ ਕੁ ਸਿਰਲੱਥਾਂ ਦੇ ਹਥਿਆਰਬੰਦ ਐਕਸ਼ਨਾਂ ਨਾਲ ਇੱਕਾ-ਦੁੱਕਾ ਹਾਕਮ ਤਾਂ ਮਾਰੇ ਜਾ ਸਕਦੇ ਹਨ, ਸਰਕਾਰਾਂ ਬਦਲਣ ਸਹਿਲ ਨਹੀਂ। ਇਸ ਲਈ ਜਨਤਕ ਲਾਮਬੰਦੀ ਲਾਭਕਾਰੀ ਹੈ। ਜਿਹੜੇ ਗਦਰੀ ਲੰਬੀਆਂ ਜੇਲ੍ਹਾਂ ਕੱਟ ਕੇ ਬਾਹਰ ਆਏ, ਉਹਨਾਂ ਕਿਰਤੀ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤੀਆਂ ਨੂੰ ਚੇਤਨ ਤੇ ਜਥੇਬੰਦ ਕਰਕੇ ਸਾਂਝੇ ਸੰਘਰਸ਼ ਦੇ ਮਹੱਤਵ ਨੂੰ ਦਰਸਾਇਆ। ਇਸ ਸੇਧ ਦੇ ਸਿੱਟੇ ਵਜੋਂ ਗੁਰਦੁਆਰਾ ਸੁਧਾਰ ਦੇ ਅੰਦੋਲਨਾਂ ਵਿੱਚ ਸਫਲਤਾ ਮਿਲੀ ਤੇ ਜਦ ਅੰਗਰੇਜ਼ ਹਾਕਮ ਦਰਬਾਰ ਸਾਹਿਬ ਦੀਆਂ ਚਾਬੀਆਂ ਸਿੱਖ ਆਗੂਆਂ ਨੂੰ ਸੌਂਪਣ ਲਈ ਮਜਬੂਰ ਹੋਏ ਤਾਂ ਮਹਾਤਮਾ ਗਾਂਧੀ ਨੇ ਉਸ ਨੂੰ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੀ ਪਹਿਲੀ ਜਿੱਤ ਕਰਾਰ ਦਿੱਤਾ ਸੀ। ਇਹਨਾਂ ਅੰਦੋਲਨਾਂ ਵਿੱਚ ਵੀ ਕੁੱਝ ਸੂਰਬੀਰਾਂ ਦੀਆਂ ਕੁਰਬਾਨੀਆਂ ਤਾਂ ਹੋਈਆਂ, ਪਰ ਅੰਦੋਲਨਾਂ ਦੀ ਸਫਲਤਾ ਦੇ ਰੂਪ ਵਿੱਚ ਪ੍ਰਾਪਤੀਆਂ ਵੀ ਕੀਤੀਆਂ, ਜਦੋਂ ਕਿ ਵਿਅਕਤੀਗਤ ਐਕਸ਼ਨਾਂ ਵਿੱਚ ਵੱਡੀਆਂ ਸ਼ਹੀਦੀਆਂ ਦੇ ਬਾਵਜੂਦ ਖਿੱਤੇ ਭਾਈਚਾਰੇ ਲਈ ਕੁੱਝ ਵੀ ਪ੍ਰਾਪਤ ਕਰਨ ਵਿੱਚ ਸਫਲਤਾ ਨਾ ਮਿਲੀ, ਅਜਿਹੇ ਐਕਸ਼ਨ ਸਰਕਾਰਾਂ ਨੂੰ ਜਬਰ ਕਰਨ ਦਾ ਬਹਾਨਾ ਤੇ ਮੌਕਾ ਦਿੰਦੇ ਹਨ।

ਗਦਰ ਲਹਿਰ ਦੇ ਮੋਢੀ ਬਾਬਾ ਸੋਹਨ ਸਿੰਘ ਭਕਨਾ ਲੰਮਾ ਸਮਾਂ ਜਨਤਕ ਏਕਤਾ ਰਾਹੀਂ ਸਾਂਝੇ ਸੰਘਰਸ਼ਾਂ ਲਈ ਕੰਮ ਕਰਦੇ ਰਹੇ, ਜਦ ਕੈਰੋਂ ਸਰਕਾਰ ਨੇ ਭਾਖੜਾ ਨਹਿਰ ਦੇ ਨਾਂਅ 'ਤੇ ਕਿਸਾਨਾਂ 'ਤੇ ਖੁਸ਼ਹੈਸੀਅਤੀ ਟੈਕਸ ਮੜ ਦਿੱਤਾ ਤਾਂ ਗਦਰੀ ਆਗੂ ਬਾਬਾ ਗੁਰਮੁੱਖ ਸਿੰਘ ਲਲਤੋਂ ਦੀ ਪ੍ਰਧਾਨਗੀ ਹੇਠ ਪੰਜਾਬ ਕਿਸਾਨ ਸਭਾ ਨੇ ਵਿਸ਼ਾਲ ਅੰਦੋਲਨ ਕੀਤਾ। ਸੱਤਿਆਗ੍ਰਹੀਆਂ ਨੇ ਜੇਲ੍ਹਾਂ ਭਰੀਆਂ, ਕੁੱਝ ਸ਼ਹੀਦੀਆਂ ਵੀ ਹੋਈਆਂ, ਅੰਤ ਅੰਦੋਲਨ ਦੀ ਜਿੱਤ ਹੋਈ ਤੇ ਸਰਕਾਰ ਨੂੰ ਟੈਕਸ ਵਾਪਸ ਲੈਣਾ ਪਿਆ।

ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਕੇਂਦਰੀ ਸਰਕਾਰ ਨੇ ਜੋ ਤਿੰਨ ਕਿਸਾਨ ਵਿਰੋਧੀ ਖੇਤੀ ਕਾਨੂੰਨ ਲਾਗੂ ਕੀਤੇ ਸੀ, ਉਹ ਪੁਰਅਮਨ ਕਿਸਾਨ ਅੰਦੋਲਨ ਸਦਕਾ ਵਾਪਸ ਲੈਣੇ ਪਏ ਸੀ। ਸਰਕਾਰ ਯਤਨ ਕਰਦੀ ਰਹੀ ਕਿ ਅੰਦੋਲਨਕਾਰੀ ਕਿਸੇ ਤਰ੍ਹਾਂ ਭੜਕਾਹਟ ਵਿੱਚ ਆ ਕੇ ਕੋਈ ਗਰਮ ਐਕਸ਼ਨ ਕਰਨ, ਜਿਸ ਬਹਾਨੇ ਸਰਕਾਰ ਆਪਣਾ ਦਾਮਨ ਚੱਕਰ ਚਲਾ ਸਕੇ। ਅੰਦੋਲਨ ਅੰਤ ਤੱਕ ਪੁਰਅਮਨ ਰਿਹਾ ਤੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਹੋਰ ਮਿਹਨਤਕਸ਼ਾਂ ਦੀ ਹਮਾਇਤ ਦਾ ਘੇਰਾ ਵਿਸ਼ਾਲ ਕਰਦਾ ਗਿਆ, ਜਿਸ ਅੱਗੇ ਅੰਤ ਸਰਕਾਰ ਨੂੰ ਝੁੱਕ ਕੇ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਪਏ।

ਬੀਤੇ 100-150 ਸਾਲ ਦੇ ਸੰਗਰਾਮਾਂ 'ਤੇ ਇਸ ਉਡਦੀ ਝਾਤ ਨੇ ਇਹ ਦਰਸਾਅ ਦਿੱਤਾ ਕਿ ਭਾਵੇਂ ਧਾਰਮਿਕ ਮਾਮਲਾ ਹੋਵੇ, ਆਰਥਿਕ ਜਾਂ ਪ੍ਰਬੰਧਕ, ਜਿਸ ਬਾਰੇ ਪੁਰਅਮਨ ਢੰਗ ਨਾਲ ਸਮੂਹ ਨੇ ਅਵਾਜ਼ ਉਠਾਈ, ਉਸ ਨੂੰ ਸਫਲਤਾ ਮਿਲੀ। ਨੁਕਸਾਨ ਘੱਟ ਹੋਇਆ, ਜਦੋਂ ਕਿ ਵਿਅਕਤੀਗਤ ਹਥਿਆਰਬੰਦ ਐਕਸ਼ਨਾਂ ਵਿੱਚ ਨੁਕਸਾਨ ਵਧੇਰੇ ਹੋਇਆ। ਪ੍ਰਾਪਤੀ ਪੱਖੋਂ ਵੀ ਝੋਲੀ ਖਾਲੀ ਹੀ ਰਹੀ। ਇਹ ਵੀ ਵੇਖਿਆ ਗਿਆ ਹੈ, ਜੋ ਮੁਹਿੰਮਾਂ ਲੋਕਾਂ ਵਿੱਚ ਏਕਤਾ ਦਾ ਸੰਚਾਰ ਕਰਨ ਲਈ ਚਲਾਈਆਂ ਗਈਆਂ, ਉਹ ਭਾਵੇਂ ਧਾਰਮਿਕ ਉਦੇਸ਼ ਲਈ ਸਨ ਜਾਂ ਆਰਥਿਕ ਟੀਚਿਆਂ ਵਾਸਤੇ, ਉਹਨਾਂ ਦੇ ਆਗੂ ਹਥਿਆਰਬੰਦ ਪ੍ਰਛਾਵਿਆਂ ਤਹਿਤ ਨਹੀਂ ਵਿਚਰੇ। ਅੱਜ ਵੀ ਜੋ ਹਥਿਆਰਾਂ ਦੇ ਛਾਏ ਹੇਠ ਤੁਰਦੇ ਹਨ, ਉਹ ਆਪਣਾ ਉਦੇਸ਼ ਜਿਨਾ ਮਰਜ਼ੀ ਉੱਚਾ-ਸੁੱਚਾ ਦਰਸਾਈ ਜਾਣ, ਹਿੱਤ ਹਾਕਮਾਂ ਦੇ ਹੀ ਪੂਰਦੇ ਹਨ।

ਬੀਤੇ ਉਤੇ ਝਾਤ ਪਾ ਕੇ ਉਸ ਦੀਆਂ ਸਫਲਤਾਵਾਂ ਤੇ ਅਸਫਲਤਾਵਾਂ ਨੂੰ ਵਿਚਾਰਦਿਆਂ ਵਰਤਮਾਨ ਨੂੰ ਸਮਝਣ ਅਤੇ ਇਸ ਵਿੱਚ ਵਿਚਰਨ ਲਈ ਸੰਜੀਦਗੀ ਢੰਗ ਨਾਲ ਸੋਚਣ ਦੀ ਲੋੜ ਹੈ। ਪੰਜਾਬ ਇੱਕ ਵਾਰ ਫੇਰ ਹਾਕਮਾਂ ਦੀ ਕੌੜੀ ਅੱਖ ਹੇਠ ਹੈ, ਇਸ ਵਾਰ ਜੇ ਜਜ਼ਬਾਤਾਂ ਨੂੰ ਪਹਿਲ ਦਿੱਤੀ ਗਈ ਤਾਂ ਵਧੇਰੇ ਸੇਕ ਝੱਲਣਾ ਪਵੇਗਾ।

ਲੰਘੇ ਕੁੱਝ ਦਹਾਕਿਆਂ ਤੋਂ ਸਾਮਰਾਜੀ ਸ਼ਕਤੀਆਂ ਜੋ ਸੰਸਾਰ ਵਿੱਚ ਵਿਕਸਤ ਅਤੇ ਵੱਡੇ ਦੇਸ਼ ਕਹੇ ਜਾਂਦੇ ਹਨ, ਉਹਨਾਂ ਕਈ ਲੁਭਾਉਣੇ ਨਾਂਅ ਪ੍ਰਚੱਲਿਤ ਕੀਤੇ ਹਨ, ਜਿਵੇਂ ਸਾਰਾ ਸੰਸਾਰ ਇੱਕ ਪਿੰਡ ਹੈ। ਉਦਾਰਵਾਦੀ ਨੀਤੀਆਂ ਸਾਂਝ-ਭਿਆਲੀ ਰਾਹੀਂ ਕਾਰਜ ਕਰਨੇ ਆਦਿ। ਇਹਨਾਂ ਲੁਭਾਵਣੇ ਸ਼ਬਦਾਂ ਨਾਲ ਵੱਡੀਆਂ ਸ਼ਕਤੀਆਂ ਵੱਲੋਂ ਆਪਣੇ ਆਰਥਿਕ ਸੰਕਟਾਂ ਦਾ ਬੋਝ ਵਿਕਾਸਸ਼ੀਲ ਦੇਸ਼ਾਂ 'ਤੇ ਪਾਇਆ ਜਾਂਦਾ ਹੈ।

ਇਸ ਮਕਸਦ ਲਈ ਉਹ ਲੋਕਤੰਤਰ ਦਾ ਵੋਟਾਂ ਵਾਲਾ ਵਿਖਾਵਾ ਕਰਕੇ ਚੋਣਾਂ ਵਿੱਚ ਭਾਜਪਾ ਨੂੰ ਜਿਤਾਅ ਕੇ ਪੂਰਾ ਕਰਨ ਦੀ ਰਣਨੀਤੀ ਨਾਲ ਚੱਲ ਰਹੇ ਹਨ। ਪਾਰਟੀ ਪ੍ਰੋਗਰਾਮ ਦੇ ਨਾਂਅ 'ਤੇ ਪੰਜਾਬੀਆਂ, ਖਾਸ ਕਰਕੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪਿੰਡਾਂ ਦੇ ਹੋਰ ਮਿਹਨਤਕਸ਼ਾਂ ਨੇ ਵੋਟ ਨਹੀਂ ਦੇਣੀ। ਭਾਜਪਾ ਕੋਲ ਮੁੱਖ ਰਾਜਸੀ ਪਹੁੰਚ ਪਾੜੋ ਤੇ ਰਾਜ ਕਰੋ ਲਈ ਫਿਰਕਾਪ੍ਰਸਤੀ ਨੂੰ ਉਭਾਰਨ ਦੀ ਹੈ। ਇਸ ਲਈ ਉਹਨਾਂ ਨੂੰ ਆਪੇ ਬਣੇ ਵਾਰਸਾਂ ਦੇ ਨਾਹਰੇ ਅਤੇ ਢੰਗ-ਤਰੀਕੇ ਰਾਸ ਆਉਂਦੇ ਹਨ।

ਅੰਮ੍ਰਿਤਪਾਲ ਸਿੰਘ ਦਾ ਇੱਕਦਮ ਉਥਾਣ ਹੋਣਾ, ਫਿਰ ਜਿਸ ਤਰ੍ਹਾਂ ਇਸ ਨਾਲ ਨਜਿੱਠਣ ਲਈ ਛਾਪੇਮਾਰੀ, ਗ੍ਰਿਫਤਾਰੀਆਂ, ਭੱਜਣ-ਭਜਾਉਣ ਦੀ ਕਹਾਣੀ ਹਰ ਗੱਲ ਦੀ ਵੀਡੀਓ ਮੀਡੀਏ 'ਚ ਆਉਣੀ ਅਤੇ ਫੜਿਆਂ ਨੂੰ ਪੰਜਾਬ ਦੀ ਥਾਂ ਦੂਰ-ਦੁਰਾਡੇ ਦੀਆਂ ਜੇਲ੍ਹਾਂ ਵਿੱਚ ਰੱਖਣਾ ਸਧਾਰਨ ਨਹੀਂ ਪੰਜਾਬ ਦੀ ਧਰਤੀ ਹੋਣ ਕਾਰਨ ਮਾਨ ਸਰਕਾਰ ਨੂੰ ਤਾਂ ਮੋਹਰਾ ਬਣਾਇਆ ਗਿਆ ਹੈ। ਸਭ ਕੇਂਦਰੀ ਸਰਕਾਰ ਦੇ ਚਾਲੇ ਹਨ, ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਜਜ਼ਬਾਤਾਂ ਤੋਂ ਉੱਪਰ ਉੱਠ ਕੇ ਸੋਚਣ ਤੇ ਸਮਝਣ ਦੀ ਲੋੜ ਹੈ।

**# ਸੰਪਰਕ - 94179-71600**

ਭੋਗ 'ਤੇ ਵਿਸ਼ੇਸ਼

# ਕਾਮਰੇਡ ਅਵਤਾਰ ਸਿੰਘ ਨੂੰ ਯਾਦ ਕਰਦਿਆਂ...

ਪ੍ਰਿੰ. ਪ੍ਰਭਾਤ ਕੁਮਾਰ

ਭਬਿਆਣਾ ਪਿੰਡ ਹੁਸ਼ਿਆਰਪੁਰ ਰੋਡ ਤੋਂ ਦੋ ਕੁ ਕਿਲੋਮੀਟਰ ਹਟਵਾਂ ਪਿੰਡ ਹੈ। ਪਿੰਡ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਜਥੇਦਾਰ ਸਵਰਨ ਸਿੰਘ ਭਬਿਆਣਾ ਜੀ ਦੀ ਯਾਦ ਵਿੱਚ ਇੱਕ ਸ਼ਾਨਦਾਰ ਗੇਟ ਬਣਿਆ ਹੋਇਆ ਹੈ, ਜੋ ਇਹ ਦੱਸਦਾ ਹੈ ਕਿ ਇਹ ਪਿੰਡ ਦੇਸ਼ ਭਗਤਾਂ ਦਾ ਸੈਕੂਲਰ ਅਤੇ ਅੱਗੇਵਧੂ ਪਿੰਡ ਹੈ। ਇਸ ਪਿੰਡ ਵਿੱਚ ਜਥੇਦਾਰ ਜੀ ਦੇ ਚਾਰ ਸਾਥੀ ਹੋਏ ਹਨ, ਇਨ੍ਹਾਂ ਵਿੱਚ ਉਜਾਗਰ ਸਿੰਘ ਕਿਰਤੀ, ਗੁਲਜ਼ਾਰ ਸਿੰਘ ਅਕਾਲੀ, ਜਸਵੰਤ ਸਿੰਘ ਕਿਸਾਨ ਅਤੇ ਚੌਥੇ ਆਪ ਜਥੇਦਾਰ ਜੀ ਸਨ। ਇਹ ਸਾਰੇ ਲਾਲ ਪਾਰਟੀ ਦੇ ਮੈਂਬਰ ਸਨ ਅਤੇ ਬਾਅਦ ਵਿੱਚ ਹਿੰਦ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ। ਕਾ. ਤੇਜਾ ਸਿੰਘ ਸੁਤੰਤਰ ਬਹੁਤਾ ਸਮਾਂ ਇਸ ਪਿੰਡ ਵਿੱਚ ਰਹੇ। ਗੁਰਦੁਆਰਾ ਸੁਧਾਰ ਲਹਿਰ ਵੀ ਚੱਲੀ, ਕਿਰਸਾਨੀ ਦੇ ਮਸਲੇ ਵੀ ਆਏ, ਭੂਮੀ ਅੰਦੋਲਨ ਅਤੇ ਖੁਸ਼ਹੈਸੀਅਤੀ ਮੋਰਚਾ ਵੀ ਲੱਗਿਆ, ਜਿਸ ਵਿੱਚ ਕਾਮਰੇਡ ਅਵਤਾਰ ਸਿੰਘ ਜੀ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਪਾਰਟੀ ਹੁਕਮਾਂ ਦੀ ਪਾਲਣਾ ਕੀਤੀ। ਕਾ. ਕੈਨੇਡੀਅਨ, ਕਾ. ਅਵਤਾਰ ਸਿਘ ਮਲਹੋਤਰਾ ਦਾ ਇਸ ਪਿੰਡ ਵਿੱਚ ਆਉਣਾ-ਜਾਣਾ ਬਣਿਆ ਰਹਿੰਦਾ। ਮਾਸਟਰ ਹਰੀ ਸਿੰਘ ਤੋਂ ਕਾਮਰੇਡ ਜੀ ਬਹੁਤ ਹੀ ਪ੍ਰਭਾਵਤ ਸਨ। ਕਾਮਰੇਡ ਜਗਜੀਤ ਸਿੰਘ ਆਨੰਦ, ਕਾ. ਰਤਨ ਸਿੰਘ ਦੌਲੀਕੇ, ਕਾ. ਚੈਨ ਜੀ ਦਾ ਅਕਸਰ ਪਿੰਡ ਵਿੱਚ ਆਉਣਾ-ਜਾਣਾ ਬਣਿਆ ਰਹਿੰਦਾ। ਸਮਾਜਿਕ ਨਾ-ਬਰਾਬਰੀ ਦੇ ਵਿਰੁੱਧ ਕਮਿਊਨਿਸਟਾਂ ਡਟ ਕੇ ਲੜਾਈ। ਇਸ ਪਿੰਡ ਦੇ ਖੇਤ ਮਜ਼ਦੂਰ ਵੀ ਪਾਰਟੀ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਂਦੇ ਸਨ, ਜਿਸ ਵਿੱਚ ਕਾ. ਦਸੌਂਦੀ ਰਾਮ, ਡਾ. ਸਰਵਣ ਕੁਮਾਰ, ਕਾ. ਰਤਨ ਚੰਦ ਹਰ ਲੜਾਈ ਵਿੱਚ ਮੋਹਰਲੀਆਂ ਸਫ਼ਾਂ ਵਿੱਚ ਹੁੰਦੇ। ਪਾਰਟੀ ਪੀੜਤ ਸਮਾਜ ਦੇ ਨਾਲ ਖੜ੍ਹਦੀ ਸੀ। ਜਾਤਪਾਤ ਦੇ ਦੈਂਤ ਨੂੰ ਨੱਥ ਪਾ ਕੇ ਰੱਖਿਆ ਜਾਂਦਾ ਸੀ। ਪਾਰਟੀ ਫੈਸਲਿਆਂ ਵਿੱਚ ਸਭ ਦਾ ਬਰਾਬਰ ਦਾ ਹੱਕ ਸੀ।

ਭਬਿਆਣਾ ਪਿੰਡ ਦੇ ਨੇੜੇ ਹੀ ਬੇਈਂ ਦੇ ਕੰਢੇ 'ਤੇ ਚੌਂਤਾ ਸਾਹਿਬ ਗੁਰਦੁਆਰਾ ਹੈ, ਜਿੱਥੇ ਅੰਗਰੇਜ਼ ਸਰਕਾਰ ਨਾਲ ਲੜਦੇ ਹੋਏ ਚਾਰ ਬੱਬਰ ਸ਼ਹੀਦ ਹੋਏ ਸਨ, ਜਿਥੇ ਕਾਮਰੇਡ ਅਵਤਾਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਹਰ ਸਾਲ ਬਰਸੀ ਬੱਬਰਾਂ ਦੀ ਮਨਾਉਂਦੇ ਸਨ, ਜਿੱਥੇ ਇਨਕਲਾਬੀ ਗੀਤ ਬੋਲੇ ਜਾਂਦੇ ਅਤੇ ਤਕਰੀਰਾਂ ਹੁੰਦੀਆਂ। ਇਸ ਪਿੰਡ ਦੇ ਲਾਗੇ ਹੀ ਡੁਮੇਲੀ ਪਿੰਡ ਹੈ, ਜਿੱਥੇ ਇੱਕ ਸੀਨੀਅਰ ਸੈਕੰਡਰੀ ਸਕੂਲ ਅਤੇ ਕਾਲਜ ਵੀ ਹੈ। ਇਸ ਪਿੰਡ ਵਿੱਚ ਦੋ ਬੱਬਰ ਹੋਏ ਹਨ ਇੱਕ ਨੂੰ ਛੋਟਾ ਬੱਬਰ ਅਤੇ ਦੂਸਰੇ ਨੂੰ ਵੱਡਾ ਬੱਬਰ ਕਿਹਾ ਜਾਂਦਾ ਸੀ। ਵੱਡਾ ਬੱਬਰ ਪਾਰਟੀ ਮੈਂਬਰ ਵੀ ਸੀ।

ਇਸ ਤਰ੍ਹਾਂ ਦੇ ਵਾਤਾਵਰਨ ਵਿੱਚ ਇਨਕਲਾਬੀ ਲਹਿਰਾਂ ਵਿੱਚ ਹਿੱਸਾ ਲੈਂਦੇ ਹੋਏ ਕਾਮਰੇਡ ਜੀ ਇੱਕ ਯੁੱਗਪੁਰਸ਼ ਹੋ ਨਿੱਬੜੇ। ਕਾਮਰੇਡ ਅਵਤਾਰ ਸਿੰਘ ਦਾ ਜਨਮ ਜਨਵਰੀ 1942 ਦਾ ਦੱਸਿਆ ਜਾਂਦਾ ਹੈ। ਉਨ੍ਹਾਂ ਦੇ ਵੱਡੇ ਸਪੁੱਤਰ ਦਾ ਨਾਂਅ ਰਜਿੰਦਰ ਸਿੰਘ ਹੈ ਅਤੇ ਛੋਟੇ ਲੜਕੇ ਦਾ ਨਾਂਅ ਸੁਖਜਿੰਦਰ ਸਿੰਘ ਸੁੱਖੀ ਹੈ, ਦੋਵੇਂ ਲੜਕੇ ਇੰਗਲੈਂਡ ਨਿਵਾਸੀ ਹਨ ਅਤੇ ਤਿੰਨ ਲੜਕੀਆਂ ਵੀ ਵਿਦੇਸ਼ ਵਿੱਚ ਹਨ। ਮਾਤਾ ਜੀ ਦਾ ਨਾਂਅ ਦਰਸ਼ਨ ਕੌਰ ਹੈ। ਕਾਮਰੇਡ ਤਰਸੇਮ ਸਿੰਘ, ਕਾਮਰੇਡ ਮੱਖਣ ਸਿੰਘ ਜੋ ਅਵਤਾਰ ਸਿੰਘ ਦੇ ਭਾਈ ਸਾਹਿਬ ਸਨ, ਦਾ ਲੜਕਾ ਹੈ। ਤਰਸੇਮ ਜੀ ਪਿੰਡ ਦੇ ਸਾਬਕਾ ਸਰਪੰਚ ਰਹੇ ਹਨ, ਜਿਨ੍ਹਾਂ ਨੇ ਪਿੰਡ ਵਿੱਚ ਆਪਣੇ ਸਮੇਂ ਵਿੱਚ ਅਨੇਕਾਂ ਕੰਮ ਕਰਵਾਏ। ਵਰਤਮਾਨ ਵਿੱਚ ਕਾ. ਤਰਲੋਕ ਸਿੰਘ ਅਤੇ ਕੇਵਲ ਚੰਦ ਜੀ ਪਾਰਟੀ ਹੁਕਮਾਂ ਅਨੁਸਾਰ ਹਰ ਕੰਮ ਨੂੰ ਨੇਪਰੇ ਚਾੜ੍ਹਦੇ ਹਨ। ਕਾਮਰੇਡ ਲਖਬੀਰ ਸਿੰਘ ਗੋਨੀ ਵੀ ਪਿੰਡ ਦੇ ਸਰਪੰਚ ਰਹੇ ਹਨ, ਜੋ ਜਥੇਦਾਰ ਜੀ ਦੇ ਪੋਤਰੇ ਹਨ।



ਫਗਵਾੜਾ ਕਪੂਰਥਲਾ ਜ਼ਿਲ੍ਹੇ ਦਾ ਸਨਅਤੀ ਸ਼ਹਿਰ ਹੈ, ਜਿੱਥੇ ਜਥੇਦਾਰ ਜੀ ਦੇ ਨਾਲ ਅਵਤਾਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਸਰਗਰਮੀਆਂ ਬਣੀਆਂ ਰਹਿੰਦੀਆਂ। ਗੰਨਾ ਮਿੱਲ ਅੱਗੇ ਕਿਸਾਨਾਂ ਦੀ ਲੁੱਟ ਨੂੰ ਰੋਕਣ ਦਾ ਕੰਮ ਕੀਤਾ ਜਾਂਦਾ ਅਤੇ ਕੱਪੜਾ ਮਿੱਲ ਦੇ ਮਜ਼ਦੂਰਾਂ ਦੀ ਲੁੱਟ ਰੋਕਣ ਦਾ ਕੰਮ ਕੀਤਾ ਜਾਂਦਾ। ਕਾ. ਰਾਮ ਸਹਾਏ, ਸਵਰਨ ਸਿੰਘ ਅਕਲਪੁਰੀ ਨੇ ਲੰਮਾ ਸਮਾਂ ਮਜ਼ਦੂਰਾਂ ਦੀਆਂ ਲੜਾਈਆਂ ਲੜੀਆਂ। ਜਥੇਦਾਰ ਜੀ ਅਤੇ ਅਵਤਾਰ ਸਿੰਘ ਜੀ ਨੇ ਗੰਨਾ ਸੁਸਾਇਟੀ ਵੀ ਬਣਾਈ।

ਅੱਜ 6 ਅਪ੍ਰੈਲ ਨੂੰ ਕਾਮਰੇਡ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ, ਜਿਸ ਬਾਰੇ ਕਾਮਰੇਡ ਜੈ ਪਾਲ ਸਿੰਘ ਜ਼ਿਲ੍ਹਾ ਸਕੱਤਰ ਅਤੇ ਰਾਜਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਕਾ. ਕੇ ਐੱਲ ਕੌਸ਼ਲ, ਕਾ. ਬਲਵੰਤ ਸਿੰਘ ਔਜਲਾ, ਕਾ. ਮਹਿੰਦਰ ਸਿੰਘ ਸੁਭਾਨਪੁਰ, ਕਾਮਰੇਡ ਜੀ ਦੇ ਪੁਰਾਣੇ ਸਾਥੀ ਰਹੇ ਹਨ, ਵੀ ਭਬਿਆਣਾ ਵਿਖੇ ਪਹੁੰਚ ਰਹੇ ਹਨ। ਕਾ. ਮੁਕੰਦ ਲਾਲ ਮੈਂਬਰ ਨੈਸ਼ਨਲ ਕੌਂਸਲ, ਕਾ. ਪ੍ਰੀਤਮ ਸਿੰਘ ਅਜ਼ਾਦ, ਪ੍ਰਿੰਸੀਪਲ ਸਰਵਣ ਸਿੰਘ ਵੀ ਪਹੁੰਚ ਰਹੇ ਹਨ। ਕਾਮਰੇਡ ਬੰਤ ਸਿੰਘ ਬਰਾੜ ਸੀ ਪੀ ਆਈ ਪੰਜਾਬ ਦੇ ਸੂਬਾ ਸਕੱਤਰ ਸਾਥੀ ਅਵਤਾਰ ਸਿੰਘ ਜੀ ਦੇ ਕੀਤੇ ਕੰਮਾਂ ਬਾਰੇ ਦੱਸਣਗੇ।

# ਸਿੱਧੂ ਦੇ ਆਉਣ ਨਾਲ ਪੰਜਾਬ ਦੀ ਰਾਜਨੀਤੀ 'ਚ ਹਲਚਲ

ਦਰਸ਼ਨ ਸਿੰਘ ਸ਼ੰਕਰ

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ 'ਰੋਡ ਰੇਜ' ਮਾਮਲੇ ਵਿੱਚ 10 ਮਹੀਨੇ ਦੀ ਜੇਲ੍ਹ ਕੱਟਣ ਤੋਂ ਬਾਅਦ 1 ਅਪ੍ਰੈਲ ਨੂੰ ਰਿਹਾਅ ਹੋਏ ਨੇ। ਪਟਿਆਲਾ ਜੇਲ੍ਹ ਤੋਂ ਬਾਹਰ ਆਉਣ 'ਤੇ ਸਿੱਧੂ ਦਾ ਸਮੱਰਥਕਾਂ ਨੇ ਢੋਲ-ਢਮੱਕੇ ਨਾਲ ਸੁਆਗਤ ਕੀਤਾ। ਸਿੱਧੂ 34 ਸਾਲ ਪੁਰਾਣੇ 'ਰੋਡ ਰੇਜ' ਦੇ ਕੇਸ ਵਿੱਚ ਮਾਣਯੋਗ ਸੁਪਰੀਮ ਕੋਰਟ ਵੱਲੋਂ ਸੁਣਾਈ ਇੱਕ ਸਾਲ ਦੀ ਸਜ਼ਾ ਕੱਟ ਕੇ ਪਟਿਆਲਾ ਜੇਲ੍ਹ ਤੋਂ ਬਾਹਰ ਆਏ ਨੇ। ਸਿੱਧੂ ਦੇ ਜੇਲ੍ਹ 'ਚੋਂ ਛੁੱਟਣ 'ਤੇ ਸੂਬੇ ਦੀ ਰਾਜਨੀਤੀ ਪੂਰੀ ਤਰ੍ਹਾਂ ਗਰਮਾ ਗਈ ਹੈ। ਅਕਸਰ ਸਜ਼ਾ ਕੱਟਣ ਪਿੱਛੋਂ ਵਿਅਕਤੀ ਦਾ ਮਜ਼ਾਜ ਠੰਢਾ ਹੁੰਦੈ, ਪਰ ਬਾਹਰ ਆਉਂਦੇ ਹੀ ਸਿੱਧੂ ਦੇ ਤੇਵਰ ਪਹਿਲਾਂ ਦੀ ਤਰ੍ਹਾਂ ਆਕਰਮਕ ਨਜ਼ਰ ਆਏ। ਉਨ੍ਹਾਂ ਆਪਣੇ ਤੇਜ਼-ਤਰਾਰ ਅੰਦਾਜ਼ ਵਿਚ ਆਪਣੀ ਰਾਜਨੀਤਕ ਦਿਸ਼ਾ ਦਾ ਸੰਕੇਤ ਦੇ ਦਿੱਤਾ। ਪਹਿਲੇ ਬਿਆਨ ਤੋਂ ਸਪੱਸ਼ਟ ਹੈ ਕਿ ਨਵੀਂ ਪਾਰਟੀ ਦੀ ਬਜਾਏ ਕਾਂਗਰਸ ਵਿਚ ਹੀ ਭਵਿੱਖ ਤਲਾਸ਼ਣਗੇ। ਉਨ੍ਹਾ ਦੀ ਰਿਹਾਈ 'ਤੇ ਪ੍ਰਮੁੱਖ ਕਾਂਗਰਸ ਨੇਤਾਵਾਂ ਨੇ ਫਿਲਹਾਲ ਚੁੱਪ ਰਹਿਣਾ ਹੀ ਬਿਹਤਰ ਸਮਝਿਐ। ਉਂਝ ਸੂਬਾ ਪ੍ਰਧਾਨ ਅਮਰਿੰਦਰ ਸਿੰਘ, ਰਾਜਾ ਵੜਿੰਗ ਅਤੇ ਰਾਜਿੰਦਰ ਕੌਰ ਭੱਠਲ ਨੇ ਰਿਹਾਈ 'ਤੇ ਖੁਸ਼ੀ ਜ਼ਾਹਰ ਕੀਤੀ ਹੈ। ਸਿੱਧੂ ਨੇ ਰਾਹੁਲ ਗਾਂਧੀ ਦੇ ਕਸੀਦੇ ਕੱਢਦੇ ਉਸ ਨੂੰ ਭਵਿੱਖ ਦੀ ਕ੍ਰਾਂਤੀ ਦੱਸਿਆ ਅਤੇ ਕਿਹਾ ਕਿ ਉਹ ਲੋਕਤੰਤਰ ਅਤੇ ਸੰਵਿਧਾਨਕ ਸੰਸਥਾਵਾਂ ਦੀ ਆਜ਼ਾਦੀ ਲਈ ਲੜ ਰਿਹੈ। ਭਾਜਪਾ ਸਰਕਾਰ ਦੀਆਂ ਨੀਤੀਆਂ ਨੂੰ ਦਮਨਕਾਰੀ ਦੱਸ ਕੇ ਤਿੱਖੇ ਹਮਲੇ ਕੀਤੇ। ਤਨਜ਼ ਕੱਸਿਆ ਕਿ ਭਾਜਪਾ ਰਾਜ ਵਿਚ ਇਨਸਾਫ ਦੀ ਆਸ ਖਤਮ ਹੋ ਚੁੱਕੀ ਹੈ ਅਤੇ ਲੋਕਾਂ ਦੀ ਤਾਕਤ ਲੋਕਾਂ ਕੋਲ ਨਹੀਂ ਰਹੀ। ਉਨ੍ਹਾ ਕਿਹਾ ਕਿ ਜੇ ਪੰਜਾਬ ਨੂੰ ਕਮਜ਼ੋਰ ਕਰੋਗੇ ਤਾਂ ਦੇਸ਼ ਕਮਜ਼ੋਰ ਹੋਵੇਗਾ। ਸਿੱਧੂ ਨੇ ਸਪੱਸ਼ਟ ਕੀਤਾ ਕਿ ਪੰਜਾਬ ਹੀ ਉਸ ਦੀ ਅਸਲ ਕਰਮ ਭੂਮੀ ਰਹੇਗਾ ਅਤੇ ਇਸ ਨੂੰ ਦਲਦਲ ਵਿਚੋਂ ਕੱਢਣਾ ਉਸ ਦਾ ਮਿਸ਼ਨ ਹੈ। ਸਿੱਧੂ ਨੇ ਦੂਜੇ ਹੀ ਦਿਨ ਉੱਘੇ ਗਾਇਕ ਸਿੱਧੂ ਮੂਸੇਵਾਲੇ ਦੇ ਪਿੰਡ ਪੁੱਜ ਕੇ ਉਸ ਦੇ ਮਾਤਾ-ਪਿਤਾ ਨਾਲ ਅਫਸੋਸ ਪ੍ਰਗਟਾਇਆ। ਉਨ੍ਹਾ ਕਿਹਾ ਕਿ ਪਿੱਛੋਂ ਸਾਲ ਲੰਘਣ ਦੇ ਬਾਵਜੂਦ ਪਰਵਾਰ ਇਨਸਾਫ ਲਈ ਭਟਕ ਰਿਹੈ। ਪੰਜਾਬ ਦੇ ਵਿਗੜੇ ਹਾਲਾਤ ਲਈ ਸੂਬਾ ਸਰਕਾਰ 'ਤੇ ਵੀ ਸਿੱਧੇ ਸਵਾਲ ਉਠਾਉਂਦਿਆਂ ਕਿਹਾ ਕਿ ਸਰਕਾਰ ਹਰ ਮੁਹਾਜ਼ 'ਤੇ ਫੇਲ੍ਹ ਹੈ। ਮੁੱਖ ਮੰਤਰੀ 'ਤੇ ਤਿੱਖੇ ਹਮਲੇ ਕਰਦੇ ਫੋਕੇ ਵਾਅਦਿਆਂ ਰਾਹੀਂ ਲੋਕਾਂ ਨਾਲ ਧੋਖਾ ਕਰਨ ਦਾ ਦੋਸ਼ ਲਗਾਇਆ। ਵਿਗੜੀ ਕਾਨੂੰਨ ਵਿਵਸਥਾ ਲਈ ਕੇਂਦਰ ਅਤੇ ਸੂਬਾ ਸਰਕਾਰ ਨੂੰ ਬਰਾਬਰ ਦੀ ਜ਼ਿੰਮੇਵਾਰ ਦੱਸਿਆ। ਪਤਨੀ ਦੇ ਕੈਂਸਰ ਨਾਲ ਪੀੜਤ ਹੋਣ ਦਾ ਦਰਦ ਵੀ ਚਿਹਰੇ 'ਤੇ ਝਲਕਦਾ ਦਿਖਾਈ ਦਿੱਤਾ।

**ਕਾਂਗਰਸ ਵਿਚ ਭੂਮਿਕਾ** : ਜਿੱਥੇ ਉਸ ਦੇ ਹਮਾਇਤੀ ਕਾਫੀ ਉਤਸ਼ਾਹਤ ਦਿਸਦੇ ਨੇ, ਉਥੇ ਪਾਰਟੀ ਦੇ ਵੱਡੇ ਲੀਡਰਾਂ ਵਿਚ ਚਿੰਤਾ ਉਭਰਦੀ ਦਿਸਦੀ ਹੈ। ਉਹ ਹਮੇਸ਼ਾ ਭ੍ਰਿਸ਼ਟ ਰਾਜਨੀਤੀ ਨੂੰ ਬਦਲ ਕੇ ਪੰਜਾਬ ਨੂੰ ਵਿੱਤੀ ਸੰਕਟ ਵਿਚੋਂ ਉਭਾਰਨ ਦੀ ਗੱਲ ਕਰਦੇ ਰਹੇ ਨੇ ਅਤੇ ਆਪਣਾ ਵਿਯਨ ਪੇਸ਼ ਕਰ ਚੁੱਕੇ ਨੇ। ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨਾਲ ਨੇੜਤਾ ਹੋਣ ਕਾਰਨ ਪਾਰਟੀ ਵਿਚ ਵੱਡੀ ਜ਼ਿੰਮੇਵਾਰੀ ਮਿਲਣੀ ਤੈਅ ਸਮਝੀ ਜਾ ਰਹੀ ਹੈ। ਇਸ ਸਮੇਂ ਸੂਬੇ ਵਿਚ ਕਾਂਗਰਸ ਕਈ ਧੜਿਆਂ ਵਿਚ ਵੰਡੀ ਹੋਈ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਮੌਜੂਦਾ ਪ੍ਰਧਾਨ ਰਾਜਾ ਵੜਿੰਗ, ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਗਲੇ ਮੁੱਖ ਮੰਤਰੀ ਬਣਨ ਦੇ ਸੁਪਨੇ ਲੈ ਰਹੇ ਨੇ। ਇਸੇ ਕਾਰਨ ਇਹ ਸਾਰੇ ਨੇਤਾ ਸਿੱਧੇ ਜਾਂ ਅਸਿੱਧੇ ਨਵਜੋਤ ਸਿੱਧੂ ਦੇ ਵਿਰੋਧ ਵਿਚ ਇਕੱਠੇ ਦਿਖਦੇ ਨੇ। ਸਿੱਧੂ ਦੇ ਉਭਾਰ ਵਿਚ ਇਹ ਆਗੂ ਆਪਣੀ ਰਾਜਨੀਤੀ ਦਾ ਅੰਤ ਮੰਨ ਕੇ ਚਲਦੇ ਨੇ ਅਤੇ ਕਿਸੇ ਵੀ ਹਾਲਤ ਵਿਚ ਇਹ ਸਿੱਧੂ ਦੀ ਅਗਵਾਈ ਲਈ ਰਾਜ਼ੀ ਹੁੰਦੇ ਨਹੀਂ ਜਾਪਦੇ। ਉਂਝ ਰਾਜਨੀਤੀ ਵਿਚ ਕੁਝ ਵੀ ਵਾਪਰਨ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਫਿਲਹਾਲ ਪੰਜਾਬ ਵਿਚ ਕਾਂਗਰਸ ਦੇ ਮੁੜ ਉਭਾਰ ਦੀ ਉਮੀਦ ਘੱਟ ਹੀ ਦਿਸਦੀ ਹੈ। ਸਿੱਧੂ ਭ੍ਰਿਸ਼ਟਾਚਾਰ ਵਿਰੁੱਧ ਬੇਬਾਕ ਬੋਲਦੇ ਰਹੇ ਨੇ। ਇਸੇ ਕਾਰਨ ਪਾਰਟੀ ਵਿਚ ਉਨ੍ਹਾ ਦੇ ਦੋਸਤ ਘੱਟ ਅਤੇ ਦੁਸ਼ਮਣ ਵਧੇਰੇ ਪੈਦਾ ਹੋ ਚੁੱਕੇ ਨੇ। ਇਸ ਸਮੇਂ ਪੰਜਾਬ ਵਿਚ ਜਲੰਧਰ ਲੋਕ ਸਭਾ ਹਲਕੇ ਜ਼ਿਮਨੀ ਚੋਣ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਇਹ ਸੀਟ ਕਾਂਗਰਸ ਦੀ ਵਕਾਰੀ ਸੀਟ ਹੈ, ਬਹੁਤੀ ਵਾਰ ਇੱਥੋਂ ਕਾਂਗਰਸੀ ਉਮੀਦਵਾਰ ਹੀ ਜਿੱਤੇ ਨੇ। ਚੋਣ ਪ੍ਰਚਾਰ ਲਈ ਪਾਰਟੀ ਆਗੂਆਂ ਦੀਆਂ ਡਿਊਟੀਆਂ ਲੱਗ ਚੁੱਕੀਆਂ ਨੇ, ਪਰ ਨਾਲ ਹੀ ਕਰਨਾਟਕ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਪ੍ਰਚਾਰ ਸ਼ੁਰੂ ਹੈ, ਜੋ ਪਾਰਟੀ ਲਈ ਬਹੁਤ ਅਹਿਮ ਹੈ। ਜਾਪਦੈ ਇਸ ਸਮੇਂ ਜਲੰਧਰ ਸੀਟ 'ਤੇ ਚੋਣ ਪ੍ਰਚਾਰ ਵਿਚ ਸਿੱਧੂ ਦਾ ਖਾਸ ਰੋਲ ਨਹੀਂ ਰਹੇਗਾ। ਪਾਰਟੀ ਸਿੱਧੂ ਨੂੰ ਕਰਨਾਟਕ ਚੋਣ ਪ੍ਰਚਾਰ ਲਈ ਹੀ ਵਰਤੇਗੀ। ਹਾਲਾਤ ਅਨੁਸਾਰ ਵਕਤੀ ਤੌਰ 'ਤੇ ਸਿੱਧੂ ਕੌਮੀ ਰਾਜਨੀਤੀ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਨਜ਼ਰ ਆ ਸਕਦੇ ਨੇ। ਸਿੱਧੂ ਕੌਮੀ ਪੱਧਰ 'ਤੇ ਚੰਗਾ ਅਕਸ ਰੱਖਦੇ ਹਨ, ਉਹ 2024 ਲੋਕ ਸਭਾ ਚੋਣਾਂ ਵਿਚ ਸਾਰੇ ਦੇਸ਼ ਅੰਦਰ ਕਾਂਗਰਸ ਲਈ ਸਟਾਰ ਪ੍ਰਚਾਰਕ ਤਾਂ ਹੋਣਗੇ ਹੀ। ਜਲੰਧਰ ਚੋਣ ਪਿੱਛੋਂ ਸਿੱਧੂ ਪੰਜਾਬ ਦੀ ਰਾਜਨੀਤੀ ਵਿਚ ਪੂਰੇ ਸਰਗਰਮ ਹੋਣਗੇ।

**ਸਿੱਧੂ ਦੀ ਕਾਰਜਸ਼ੈਲੀ**: ਪੰਜਾਬੀ ਇਮਾਨਦਾਰੀ ਅਤੇ ਬੇਬਾਕੀ ਕਾਰਨ ਸਿੱਧੂ 'ਤੇ ਵਿਸ਼ਵਾਸ ਕਰਦੇ ਨੇ ਅਤੇ ਸੂਬੇ ਦੀ ਦਸ਼ਾ ਸੁਧਾਰਨ ਦੀ ਆਸ ਵੀ ਰੱਖਦੇ ਨੇ। ਚੰਗੇ ਬੁਲਾਰੇ ਨੇ ਅਤੇ ਲੱਛੇਦਾਰ ਸ਼ਾਇਰੀ ਨਾਲ ਪ੍ਰਭਾਵਤ ਕਰਨ ਦੇ ਮਾਹਰ ਵੀ ਨੇ। ਬੀਤੇ ਵਿਚ ਉਨ੍ਹਾ ਭਾਜਪਾ ਅਤੇ ਕਾਂਗਰਸ ਲਈ ਸਟਾਰ ਪ੍ਰਚਾਰਕ ਵਜੋਂ ਆਪਣੀ ਨਿਵੇਕਲੀ ਛਾਪ ਛੱਡੀ ਹੈ, ਪਰ ਉਹ ਜਥੇਬੰਦੀ ਦੀ ਮਜ਼ਬੂਤੀ ਅਤੇ ਸਾਥੀਆਂ ਨੂੰ ਨਾਲ ਲੈ ਕੇ ਕੰਮ ਕਰਨ ਤੋਂ ਕੱਚੇ ਨੇ ਅਤੇ ਪਾਰਟੀ ਪ੍ਰਧਾਨ ਰਹਿਣ ਦੇ ਬਾਵਜੂਦ ਸਿੱਧੂ ਪਾਰਟੀ ਵਿਚ ਵੱਡਾ ਧੜਾ ਨਹੀਂ ਬਣਾ ਸਕੇ। ਪਹਿਲਾਂ ਤੱਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਹੁਦੇ ਤੋਂ ਲਾਹੁਣ ਵਿਚ ਮੁੱਖ ਭੂਮਿਕਾ ਰਹੀ, ਫਿਰ ਚਰਨਜੀਤ ਚੰਨੀ ਨਾਲ ਵੀ ਇੱਟ-ਖੜਿੱਕਾ ਚਲਦਾ ਰਿਹੈ। ਜਾਪਦੈ ਕਿ ਸੂਬੇ ਦੇ ਟਕਸਾਲੀ ਕਾਂਗਰਸੀ ਲੀਡਰ ਅਤੇ ਵਰਕਰ ਆਸਾਨੀ ਨਾਲ ਸਿੱਧੂ ਦੀ ਅਗਵਾਈ ਮੰਨਣ ਵਾਲੇ ਨਹੀਂ।

**ਸਿੱਧੂ ਦੀ ਅਸਲ ਪ੍ਰੀਖਿਆ** : ਇਸ ਸਮੇਂ ਪੰਜਾਬ ਰਾਜਨੀਤਕ ਖਲਾਅ ਦੇ ਦੌਰ 'ਚੋਂ ਲੰਘ ਰਿਹੈ। ਅਕਾਲੀ ਦਲ ਅਤੇ ਭਾਜਪਾ ਵਾਂਗ ਕਾਂਗਰਸ ਨੂੰ ਵੀ ਜਨਤਾ ਮੂੰਹ ਲਾਉਣ ਨੂੰ ਤਿਆਰ ਨਹੀਂ ਦਿਸਦੀ। ਬਦਲਾਅ ਦੀ ਲਹਿਰ ਨਾਲ ਸੱਤਾ ਵਿਚ ਆਈ 'ਆਪ' ਦਾ ਗਰਾਫ ਵੀ ਦਿਨੋਂ-ਦਿਨ ਹੇਠਾਂ ਡਿੱਗ ਰਿਹੈ। ਹਿਮਾਚਲ ਅਤੇ ਗੁਜਰਾਤ ਵਿਚ ਮਿਲੀਆਂ ਹਾਰਾਂ ਨਾਲ 'ਆਪ' ਵਰਕਰਾਂ ਵਿਚ ਨਮੋਸ਼ੀ ਦਾ ਮਹੌਲ ਹੈ। ਜਨਤਾ ਬਦਲਾਵ ਲਈ ਲਿਆਂਦੀ 'ਆਪ' ਸਰਕਾਰ ਤੋਂ ਖਫਾ ਹੈ। ਇਸ ਵਕਤ ਸਿੱਧੂ ਇਕੋ-ਇਕ ਇਮਾਨਦਾਰ ਅਕਸ ਵਾਲੇ ਲੀਡਰ ਦਿਖਾਈ ਦਿੰਦੇ ਨੇ, ਜੋ ਕਾਂਗਰਸ ਪਾਰਟੀ ਨੂੰ ਸੂਬੇ ਵਿਚ ਮੁੜ ਤੋਂ ਉਭਾਰਨ ਦੇ ਸਮਰੱਥ ਹੋ ਸਕਦੇ ਨੇ, ਪਰ ਬਹੁਤੇ ਲੀਡਰ ਉਨ੍ਹਾ ਦੀ ਅਗਵਾਈ ਕਬੂਲਣ ਲਈ ਤਿਆਰ ਨਹੀਂ ਹੋਣਗੇ। ਇਹ ਵੀ ਚਰਚਾਵਾਂ ਰਹੀਆਂ ਨੇ ਕਿ ਸਿੱਧੂ ਆਪਣੀ ਪਾਰਟੀ ਬਣਾ ਸਕਦੇ ਨੇ, ਪਰ ਨਵੀਂ ਪਾਰਟੀ ਖੜੀ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਜੇਲ੍ਹ ਜਾਣ ਤੋਂ ਪਹਿਲਾਂ ਨਵਜੋਤ ਸਿੱਧੂ ਨੇ ਵਿਗੜਦੀ ਕਾਨੂੰਨ ਵਿਵਸਥਾ ਨੂੰ ਪੰਜਾਬ 'ਚ ਵੱਡਾ ਮੁੱਦਾ ਬਣਾਇਆ ਸੀ, ਪਰ ਪੂਰਾ ਇਕ ਸਾਲ ਉਹ ਸੂਬੇ ਦੀ ਰਾਜਨੀਤੀ ਤੋਂ ਲਾਂਭੇ ਰਹੇ ਨੇ। ਇਸ ਸਮੇਂ ਗੈਂਗਸਟਰਾਂ ਦੀ ਸਰਗਰਮੀ ਅਤੇ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਕਾਰਨ ਸੂਬੇ ਦਾ ਮਹੌਲ ਕਾਫੀ ਖਰਾਬ ਚੱਲ ਰਿਹੈ। ਸਾਰੀਆਂ ਪਾਰਟੀਆਂ ਵੀ ਸਿੱਧੂ ਨੂੰ ਵੱਡਾ ਖਤਰਾ ਸਮਝ ਰਹੀਆਂ ਨੇ।

ਸੱਤਾਧਾਰੀ ਪਾਰਟੀ ਨੇ ਤਾਂ ਸਿੱਧੂ ਨੂੰ ਡਰਾਮੇਬਾਜ਼ ਦੱਸ ਕੇ ਹਮਲੇ ਸ਼ੁਰੂ ਵੀ ਕਰ ਦਿੱਤੈ। ਸਿੱਧੂ ਸਾਹਮਣੇ ਇਸ ਸਮੇਂ ਵਿਰੋਧੀਆਂ ਨਾਲ ਸਿੱਝਣ ਦੇ ਨਾਲ ਆਪਣੀ ਪਾਰਟੀ ਵਿੱਚੋਂ ਪੂਰੀ ਹਮਾਇਤ ਹਾਸਲ ਕਰਨ ਦਾ ਵੱਡਾ ਚੈਲਿੰਜ ਹੈ। ਸਿੱਧੂ ਦੇ ਅੱਖੜ ਵਰਤਾਰੇ ਅਤੇ ਬੇਬਾਕ ਭਾਸ਼ਾ ਕਾਰਨ ਦੂਜੇ ਲੀਡਰ ਉਸ ਤੋਂ ਪਾਸਾ ਵੱਟ ਜਾਂਦੇ ਨੇ। ਸਿੱਧੂ ਨੂੰ ਪਾਰਟੀ ਕੇਡਰ ਨਾਲ ਜੋੜਨ ਲਈ ਆਪਣੀ ਕਾਰਜਸ਼ੈਲੀ ਅਤੇ ਭਾਸ਼ਾ ਵਿਚ ਸੁਧਾਰ ਕਰਨਾ ਹੋਏਗਾ। ਆਉਂਦੇ ਦਿਨਾਂ ਵਿਚ ਪਤਾ ਲੱਗੇਗਾ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਕਿਸ ਤਰ੍ਹਾਂ ਅਤੇ ਕਿੰਨੇ ਖਰੇ ਉੱਤਰਦੇ ਨੇ।

**# ਸੰਪਰਕ : 99158-36543**

6-APRIL-PAGE-5.qxd 4/5/2023 10:28 PM Page 1



# ਬੇ-ਮੌਸਮੀ ਬਾਰਸ਼ ਤੇ ਗੜੇਮਾਰੀ ਨਾਲ ਨੁਕਸਾਨੀਆਂ ਫਸਲਾਂ ਦੇ ਮੁਆਵਜ਼ੇ ਲਈ ਕਿਸਾਨਾਂ ਵੱਲੋਂ ਧਰਨਾ



ਮਾਨਸਾ (ਮੁਨੀਸ਼ ਕੁਮਾਰ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਬੇ-ਮੌਸਮੀ ਬਾਰਿਸ਼ ਤੇ ਗੜੇਮਾਰੀ ਨਾਲ ਨੁਕਸਾਨੀਆਂ ਫਸਲਾਂ ਦੇ ਮੁਆਵਜ਼ੇ ਨੂੰ ਲੈ ਕੇ ਡਿਪਟੀ ਕਮਿਸ਼ਨਰ ਦਫ਼ਤਰ ਨੇੜੇ ਧਰਨਾ ਲਾ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ ਅਤੇ ਡੀ. ਸੀ. ਮਾਨਸਾ ਨੂੰ ਮੰਗ ਪੱਤਰ ਦਿੱਤਾ ਗਿਆ। ਸੰਬੋਧਨ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਭਾਰੀ ਬਾਰਿਸ਼, ਝੱਖੜ ਤੇ ਗੜੇਮਾਰੀ ਨਾਲ ਫਸਲਾਂ, ਸਬਜ਼ੀਆਂ, ਬਾਗਾਂ, ਘਰਾਂ ਤੇ ਹੋਰ ਜਾਇਦਾਦਾਂ ਦਾ ਭਾਰੀ ਨੁਕਸਾਨ ਹੋਇਆ ਹੈ, ਜਿਸ ਨਾਲ ਵੱਡੇ ਪੱਧਰ 'ਤੇ ਡਿੱਗੀ ਹੋਈ ਕਣਕ ਦੀ ਫਸਲ ਗਲਣੀ ਸ਼ੁਰੂ ਹੋ ਗਈ ਅਤੇ ਸਿੱਟਿਆਂ ਵਿੱਚ ਦਾਣੇ ਹਰੇ ਹੋਣ ਲੱਗ ਪਏ ਹਨ।

ਗੜੇਮਾਰੀ ਕਾਰਨ ਪੱਕਣ 'ਤੇ ਆਈ ਸਰ੍ਹੋਂ ਦੀਆਂ ਫਲੀਆਂ ਬਿਲਕੁਲ ਟੁੱਟ ਚੁੱਕੀਆਂ ਹਨ, ਜੋ ਬਚੀਆਂ ਹਨ, ਉਹ ਕਾਲੀਆਂ ਹੋ ਚੁੱਕੀਆਂ ਹਨ ਅਤੇ ਗੜੇਮਾਰੀ ਨਾਲ ਕਣਕ ਦੀਆਂ ਬੱਲੀਆਂ ਵੀ ਭੁਰ ਚੁੱਕੀਆਂ ਹਨ। ਬੱਲੀਆਂ ਵਿੱਚ ਬਣੇ ਦਾਣੇ ਬਦਰੰਗ ਹੋ ਗਏ ਹਨ। ਉਨ੍ਹਾਂ ਕਿਹਾ ਕਿ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਹੋਰ ਵੀ ਆਰਥਿਕ ਨੁਕਸਾਨ ਝਲਣਾ ਪਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਸਾਲ ਸੰਗਰੂਰ ਮੋਰਚੇ ਦੌਰਾਨ ਪੰਜਾਬ ਦੀ ਸਰਕਾਰ ਨੇ ਗੁਲਾਬੀ ਸੁੰਡੀ, ਚਿੱਟੇ ਤੇਲੇ ਤੇ ਬਾਰਸ਼ਾਂ ਨਾਲ ਮਰੀਆਂ ਫਸਲਾਂ ਦਾ ਮੁਆਵਜ਼ਾ ਦੇਣਾ ਮੰਨਿਆ ਸੀ, ਪਰ ਅਜੇ ਤੱਕ ਕਿਸੇ ਵੀ ਕਿਸਾਨ ਮਜ਼ਦੂਰ ਨੂੰ ਇੱਕ ਵੀ ਧੇਲਾ ਮੁਆਵਜ਼ਾ ਨਹੀਂ ਦਿੱਤਾ ਗਿਆ। ਉਨ੍ਹਾਂ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਨੁਕਸਾਨੀਆਂ ਫਸਲਾਂ ਦਾ ਤੁਰੰਤ ਗਿਰਦਾਵਰੀ ਕਰਵਾ ਕੇ ਪ੍ਰਤੀ ਏਕੜ 50 ਹਜ਼ਾਰ ਦੇ ਹਿਸਾਬ ਨਾਲ ਮੁਆਵਜ਼ਾ ਕਿਸਾਨਾਂ ਮਜ਼ਦੂਰਾਂ ਨੂੰ ਦਿੱਤਾ ਜਾਵੇ।

ਇਸ ਮੌਕੇ ਕਿਸਾਨ ਆਗੂ ਜੋਗਿੰਦਰ ਸਿੰਘ ਦਿਆਲਪੁਰਾ, ਸੁਖਪਾਲ ਸਿੰਘ ਗੋਰਖਨਾਥ, ਜਗਸੀਰ ਸਿੰਘ ਜਵਾਹਰਕੇ, ਭੋਲਾ ਸਿੰਘ ਮਾਖਾ, ਹਰਪਾਲ ਸਿੰਘ ਮੀਰਪੁਰ, ਕੁਲਦੀਪ ਸਿੰਘ ਚਚੋਹਰ, ਭਾਨ ਸਿੰਘ ਬਰਨਾਲਾ, ਕਾਲਾ ਸਿੰਘ ਮੰਡੇਰ, ਜਸਵਿੰਦਰ ਕੌਰ ਝੇਰਿਆਂਵਾਲੀ, ਸਰੋਜ ਰਾਣੀ ਦਿਆਲਪੁਰਾ ਆਦਿ ਆਗੂਆਂ ਨੇ ਧਰਨੇ ਨੂੰ ਸੰਬੋਧਨ ਕੀਤਾ।

# ਹਰਿਆਣਾ ਦੀ ਜਨਤਾ ਜਜਪਾ-ਭਾਜਪਾ ਦਾ ਪੱਤਾ ਕੱਟਣ ਲਈ ਕਾਹਲੀ : ਮੁਕੇਸ਼ ਰਾਜੌਰੀਆ

## ਹਰਿਆਣਾ 'ਚ ਆਪ ਪਾਰਟੀ ਦੀ ਮੈਂਬਰਿਸ਼ਪ ਮੁਹਿੰਮ ਜ਼ੋਰਾਂ 'ਤੇ

ਸਿਰਸਾ (ਸੁਰਿੰਦਰ ਪਾਲ ਸਿੰਘ) : ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਲਿਆਂਦੀਆਂ ਗਈਆਂ ਲੋਕ ਪੱਖੀ ਨੀਤੀਆਂ ਦਾ ਹਰਿਆਣਾ ਸੂਬੇ ਦੇ ਲੋਕ ਦਿਲੋਂ ਸਵਾਗਤ ਕਰ ਰਹੇ ਹਨ, ਕਿਉਂਕਿ ਹਰਿਆਣਾ ਦੀ ਜਨਤਾ ਭਾਜਪਾ-ਜਜਪਾ ਸਰਕਾਰ ਦੀਆਂ ਲੋਕ ਵਰੋਧੀ ਨੀਤੀਆਂ ਤੋਂ ਪ੍ਰੇਸ਼ਾਨ ਹੈ।ਇਹ ਗੱਲ ਆਮ ਆਦਮੀ ਪਾਰਟੀ ਦੇ ਬੁਲਾਰੇ ਮੁਕੇਸ਼ ਰਾਜੌਰੀਆ ਨੇ ਕਾਲਾਂਵਾਲੀ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕਹੀ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਹਰਿਆਣਾ ਵਿੱਚ ਸ਼ੁਰੂ ਕੀਤੀ ਗਈ ਮੈਂਬਰਿਸ਼ਪ ਮੁਹਿੰਮ ਨੇ ਲੋਕਾਂ ਵਿੱਚ ਉਮੀਦ ਦੀ ਕਿਰਨ ਜਗਾਈ ਹੈ।ਮੁਕੇਸ਼ ਰਾਜੌਰੀਆ ਨੇ ਕਿਹਾ ਕਿ ਦਿੱਲੀ ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ 'ਤੇ ਲੋਕਾਂ ਨੂੰ ਪੂਰਾ ਭਰੋਸਾ ਹੈ ਤੇ ਪਾਰਟੀ 2024 ਦੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾ ਕਿਹਾ ਕਿ ਹਰਿਆਣਾ ਦੀ ਜਨਤਾ ਜਜਪਾ-ਭਾਜਪਾ ਦਾ ਪੱਤਾ ਕੱਟਣ ਲਈ ਕਾਹਲੀ ਹੈ।

ਉਨ੍ਹਾਂ ਕਿਹਾ ਕਿ ਡਾ: ਸੰਦੀਪ ਪਾਠਕ, ਅਨੁਰਾਗ ਢਾਂਡਾ ਤੇ ਹਰਿਆਣਾ ਇੰਚਾਰਜ ਸੁਸ਼ੀਲ ਗੁਪਤਾ ਦੀ ਅਗਵਾਈ ਵਿੱਚ ਚੱਲ ਰਹੀ ਮੈਂਬਰਿਸ਼ਪ ਮੁਹਿੰਮ ਨੂੰ ਭਾਰੀ ਜਨ ਸਮਰਥਨ ਮਿਲ ਰਿਹਾ ਹੈ। ਉਨ੍ਹਾ ਕਿਹਾ ਕਿ ਵਿਧਾਨ ਸਭਾ ਕਾਲਾਂਵਾਲੀ ਤੇ ਡੱਬਵਾਲੀ ਵਿੱਚ ਮੈਂਬਰਿਸ਼ਪ ਮੁਹਿੰਮ ਪੂਰੇ ਜ਼ੋਰਾਂ 'ਤੇ ਚੱਲ ਰਹੀ ਹੈ। ਰਾਜੌਰੀਆ ਨੇ ਕਿਹਾ ਕਿ ਹਰਿਆਣਾ ਦੇ ਵੋਟਰ ਆਮ ਆਦਮੀ ਪਾਰਟੀ ਨੂੰ ਸੱਤਾ ਵਿੱਚ ਦੇਖਣਾ ਚਾਹੁੰਦੇ ਹਨ, ਕਿਉਂਕਿ ਦੇਸ਼ ਦੇ ਲੋਕ ਭਾਜਪਾ-ਜਜਪਾ ਸਰਕਾਰ ਦੀਆਂ ਲੋਕ ਵਿਰੋਧੀ ਤੇ ਫਿਰਕੂ ਨੀਤੀਆਂ ਤੋਂ ਪ੍ਰੇਸ਼ਾਨ ਹਨ।

# ਚੌਥਾ ਦਰਜਾ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਪ੍ਰਤੀ ਸਰਕਾਰ ਦੀ ਬੇਰੁਖੀ ਵਿਰੁੱਧ 26 ਨੂੰ ਜਲੰਧਰ 'ਚ ਰੋਸ ਮਾਰਚ : ਰਾਣਵਾਂ, ਲੁਬਾਣਾ



ਲੁਧਿਆਣਾ, (ਭਾਟੀਆ, ਕਬੂਰੀਆ) : ਇਥੇ ਈਸੜੂ ਭਵਨ ਵਿਖੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੀ ਸੂਬਾ ਕਾਰਜਕਾਰਨੀ ਦੀ ਮੀਟਿੰਗ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਨੇ ਦੱਸਿਆ ਕਿ ਭਗਵੰਤ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਤੇ ਵਾਅਦਾ ਖਿਲਾਫੀਆਂ ਵਿਰੁੱਧ ਦਰਜਾ ਚਾਰ ਮੁਲਾਜ਼ਮ 26 ਅਪ੍ਰੈਲ ਨੂੰ ਕਾਲੇ ਚੋਲੇ ਪਾ ਕੇ ਜਲੰਧਰ ਵਿਖੇ ਜ਼ੋਨਲ ਪੱਧਰ ਦਾ ਨੁਮਾਇੰਦਾ ਰੋਸ ਮਾਰਚ ਕਰਨਗੇ, ਕਿਓਂਕਿ ਸਮੂਹ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਅੰਦਰ ਪਿਛਲੀਆਂ ਸਰਕਾਰਾਂ ਦੀ ਤਰਜ਼ 'ਤੇ ਠੇਕਾ ਤੇ ਆਊਟ ਸੋਰਸ ਪ੍ਰਣਾਲੀ ਨੂੰ ਬੜ੍ਹਾਵਾ ਦਿੱਤਾ ਜਾ ਰਿਹਾ। ਕੱਚੇ, ਠੇਕਾ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਕੋਈ ਪਾਲੀਸੀ ਜਾਰੀ ਨਹੀਂ ਕੀਤੀ ਜਾ ਰਹੀ, ਪੁਨਰਗਠਨ ਦੇ ਨਾਮ 'ਤੇ ਲੱਖਾਂ ਅਸਾਮੀਆਂ, ਜਿਸ 'ਚ ਗਰੁੱਪ-ਡੀ ਦੀਆਂ ਅਸਾਮੀਆਂ ਵੱਡੀ ਪੱਧਰ 'ਤੇ ਸ਼ਾਮਲ ਹਨ, ਖਤਮ ਕਰ ਦਿੱਤੀਆਂ ਹਨ।

ਸੂਬਾ ਚੇਅਰਮੈਨ ਸੁਖਦੇਵ ਸਿੰਘ ਸੁਰਤਾਪੁਰੀ, ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਤੇ ਰਣਜੀਤ ਸਿੰਘ ਰਾਣਵਾਂ ਨੇ ਕਿਹਾ ਕਿ ਲੰਬੀ ਜੱਦੋ ਜਹਿਦ ਤੋਂ ਬਾਅਦ ਚੰਨੀ ਸਰਕਾਰ ਵੱਲੋਂ 18 ਅਕਤੂਬਰ 2021 ਨੂੰ ਅਪਣੀ ਕੈਬਨਿਟ ਮੀਟਿੰਗ ਵਿੱਚ ਪਾਸ ਕਰਨ ਉਪਰੰਤ ਇੱਕ ਪੱਤਰ ਜਾਰੀ ਕੀਤਾ ਸੀ ਕਿ ਭਵਿੱਖ ਵਿੱਚ ਗਰੁੱਪ-ਡੀ ਮੁਲਾਜ਼ਮਾਂ ਦੀ ਭਰਤੀ, ਠੇਕਾ/ਆਊਟ ਸੋਰਸ ਦੀ ਬਜਾਏ ਰੈਗੂਲਰ ਕੀਤੀ ਜਾਵੇਗੀ, ਇਸ ਫੈਸਲੇ ਨੂੰ ਭਗਵੰਤ ਮਾਨ ਸਰਕਾਰ ਵੱਲੋਂ ਲਾਗੂ ਤਾਂ ਕੀ ਕਰਨਾ ਸੀ, ਛੂਹਿਆ ਤੱਕ ਨਹੀਂ, ਤੀਜੇ ਦਰਜੇ ਵਿੱਚ ਤਰੱਕੀ ਲਈ ਰਸਤੇ ਬੰਦ ਕਰ ਦਿੱਤੇ ਹਨ, ਵਰਦੀਆਂ ਦੇ ਰੇਟਾਂ 'ਚ ਵਾਧਾ ਕਰਕੇ ਬਜਟ ਜਾਰੀ ਨਹੀਂ ਕੀਤਾ ਜਾ ਰਿਹਾ, ਮੁਲਾਜ਼ਮ ਵਿਰੋਧੀ ਪੱਤਰ 15-1-15 ਮਾਨਯੋਗ ਉੱਚ ਅਦਾਲਤਾਂ ਦੇ ਹੁਕਮਾਂ ਦੇ ਬਾਵਜੂਦ ਵਾਪਸ ਨਹੀਂ ਲਿਆ ਜਾ ਰਿਹਾ, ਕੇਂਦਰੀ ਤਨਖਾਹ ਸਕੇਲਾਂ ਵਿੱਚ ਭਰਤੀ ਕਰਨ ਦਾ ਪੱਤਰ 17 ਜੁਲਾਈ 2020 ਲਾਗੂ ਰੱਖਣ ਲਈ ਵਿੱਤ ਮੰਤਰੀ ਵੱਲੋਂ ਵਿਧਾਨ ਸਭਾ 'ਚ ਐਲਾਨ ਕਰ ਦਿੱਤਾ ਹੈ, ਜੁਲਾਈ 2015 ਤੋਂ 119% ਡੀ ਏ ਲਾਗੂ ਕਰਨ ਲਈ ਉੱਚ ਅਦਾਲਤਾਂ ਦੇ ਹੁਕਮਾਂ ਨੂੰ ਵੀ ਅੱਖੋਂ ਪਰੋਖੇ ਕੀਤਾ ਜਾ ਰਿਹਾ, ਸਰਕਾਰੀ ਵਿਭਾਗਾਂ ਨੂੰ ਤੋੜ ਕੇ ਨਿੱਜੀਕਰਨ ਵੱਲ ਤੇਜ਼ੀ ਨਾਲ ਵਧਿਆ ਜਾ ਰਿਹਾ, ਜਿਸ ਕਾਰਨ ਪੰਜਾਬ ਦਰਜਾ ਚਾਰ ਤੇ ਠੇਕਾ ਮੁਲਾਜ਼ਮਾਂ ਵਿੱਚ ਭਾਰੀ ਗੁੱਸਾ ਹੈ। ਇਸ ਲਈ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਸਾਂਝੇ ਫਰੰਟ ਵੱਲੋਂ ਤਿੰਨ ਵਿਧਾਨ ਸਭਾ ਹਲਕਿਆਂ 'ਚ ਉਲੀਕੇ ਝੰਡਾ ਮਾਰਚਾਂ ਵਿੱਚ ਵੀ ਲੱਗੇ ਕੋਟੇ ਮੁਤਾਬਕ ਸ਼ਮੂਲੀਅਤ ਕੀਤੀ ਜਾਵੇਗੀ।

ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਬਲਜਿੰਦਰ ਸਿੰਘ, ਪੈਨਸ਼ਨਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੇਲ ਮੈਲਡੇ, ਜਸਵਿੰਦਰ ਉੱਘੀ ਕਪੂਰਥਲਾ, ਹਰਭਗਵਾਨ ਮੁਕਤਸਰ, ਮੇਲਾ ਸਿੰਘ ਪੁੰਨਾਂਵਾਲ, ਸੁਰਿੰਦਰ ਬੈਂਸ ਲੁਧਿਆਣਾ, ਮਹਿੰਦਰ ਸਿੰਘ ਮੱਤੇਵਾੜਾ, ਸੀਤਾ ਰਾਮ ਸ਼ਰਮਾ, ਰਾਮ ਪ੍ਰਸਾਦ ਫਿਰੋਜ਼ਪੁਰ, ਨਛੱਤਰ ਭਾਣਾ ਫਰੀਦਕੋਟ, ਤਰਲੋਕ ਸਿੰਘ ਅਮ੍ਰਿਤਸਰ, ਸੰਜੀਵ ਕੁਮਾਰ ਬਠਿੰਡਾ, ਸੁਭਾਸ਼ ਮੱਟੂ ਜਲੰਧਰ, ਜਸਵਿੰਦਰ ਸਿੰਘ ਫਤਿਹਗੜ੍ਹ ਸਾਹਿਬ, ਦਰਸ਼ਨ ਘੱਗਾ ਪਨਸਪ, ਸੰਦੀਪ ਕੁਮਾਰ (ਸਕਿਉਰਟੀ ਗਾਰਡ), ਫਿਜੀਕਲ ਹੈਂਡੀਕੈਪਟ ਵੈੱਲਫੇਅਰ ਐਸੋਸੀਏਸ਼ਨ ਦੇ ਸੂਬਾ ਜਨਰਲ ਸਕੱਤਰ ਬਲਜਿੰਦਰ ਕੁਮਾਰ ਮੁਕਤਸਰ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਕਾਤਰਾਂ

### ਰਾਧਾ ਰਾਣੀ ਨਮਿੱਤ ਰਸਮ ਪਗੜੀ ਤੇ ਭੋਗ 9 ਨੂੰ



ਰਾਜਪੁਰਾ (ਰਮੇਸ਼ ਕਟਾਰੀਆ) : ਇਥੋਂ ਦੇ ਪ੍ਰਸਿੱਧ ਉਦਯੋਗਪਤੀ ਤੇ ਸਮਾਜ ਸੇਵਕ ਸ੍ਰੀ ਸ਼ਿਵ ਕੁਮਾਰ ਜਲਾਨ ਦੀ ਧਰਮ ਪਤਨੀ ਸ੍ਰੀਮਤੀ ਰਾਧਾ ਰਾਣੀ ਜਲਾਨ ਪਿਛਲੇ ਦਿਨੀਂ ਸਵਰਗ ਸਿਧਾਰ ਗਈ ਸੀ, ਉਨ੍ਹਾਂ ਨਮਿੱਤ ਰਸਮ ਪਗੜੀ ਤੇ ਭੋਗ 9 ਅਪ੍ਰੈਲ 2023 ਦਿਨ ਐਤਵਾਰ ਨੂੰ ਇਥੋਂ ਦੇ ਬਹਾਵਲਪੁਰ ਭਵਨ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।

### 7 ਕਿੱਲੋ ਅਫ਼ੀਮ ਸਮੇਤ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ 7 ਕਿੱਲੋ ਅਫ਼ੀਮ ਸਮੇਤ ਇੱਕ ਬਿਹਾਰੀ ਮੂਲ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਬਸੀ ਪਠਾਣਾਂ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿਮ ਦੇ ਮੱਦੇਨਜ਼ਰ ਐੱਸ.ਐੱਚ.ਓ. ਥਾਣਾ ਬਡਾਲੀ ਆਲਾ ਸਿੰਘ ਸਬ-ਇੰਸਪੈਕਟਰ ਨਰਪਿੰਦਰ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਦੀ ਭਾਲ 'ਚ ਬਡਾਲੀ ਆਲਾ ਸਿੰਘ ਤੋਂ ਹੰਸਾਲੀ ਸਾਈਡ ਵੱਲ ਗਸ਼ਤ ਕਰ ਰਹੇ ਸਨ, ਜਿਨ੍ਹਾਂ ਨੂੰ ਦੁਭਾਲੀ ਬੱਸ ਅੱਡੇ ਨਜ਼ਦੀਕ ਇੱਕ ਵਿਅਕਤੀ ਪਿੱਠੂ ਬੈਗ ਚੁੱਕ ਕੇ ਪੈਦਲ ਤੁਰਿਆ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਨਜ਼ਦੀਕ ਆਉਂਦੀ ਦੇਖ ਘਬਰਾ ਕੇ ਪਿੰਡ ਦੁਭਾਲੀ ਵੱਲ ਨੂੰ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਕਾਬੂ ਕਰਕੇ ਉਸ ਦਾ ਨਾਮ ਪਤਾ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਪਹਿਚਾਣ ਸੰਜੇ ਕੁਮਾਰ ਵਾਸੀ ਪਿੰਡ ਬਿੰਦ੍ਰਾਬਨ ਮੋਤਨਾਜੇ ਜ਼ਿਲ੍ਹਾ ਸਿਵਹਰ (ਬਿਹਾਰ) ਵਜੋਂ ਦੱਸ, ਜਦੋਂ ਉਸ ਦੇ ਪਿੱਠੂ ਬੈਗ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਵਿੱਚੋਂ 7 ਕਿੱਲੋ ਅਫ਼ੀਮ ਬਰਾਮਦ ਹੋਈ। ਡੀ.ਐੱਸ.ਪੀ. ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਥਾਣਾ ਬਡਾਲੀ ਆਲਾ ਸਿੰਘ ਵਿਖੇ ਮੁਕੱਦਮਾ ਦਰਜ ਕਰਕੇ ਸੰਜੇ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਹੈ।

### ਨਗਰ ਕੌਂਸਲ ਪ੍ਰਧਾਨ ਨੇ ਦਿੱਤਾ ਅਸਤੀਫਾ

ਤਪਾ ਮੰਡੀ (ਅਰੁਣ ਗੋਇਲ)-ਕਾਂਗਰਸ ਸਰਕਾਰ ਸਮੇਂ ਲਗਭਗ 2 ਸਾਲ ਪਹਿਲਾਂ ਬਣੇ ਨਗਰ ਕੌਂਸਲ ਤਪਾ ਦੇ ਪ੍ਰਧਾਨ ਅਨਿਲ ਕੁਮਾਰ ਭੂਤ ਨੇ ਅਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ, ਜਿਸ ਦੀ ਪੁਸ਼ਟੀ ਅਨਿਲ ਕੁਮਾਰ ਭੂਤ ਨੇ ਕਰਦਿਆਂ ਦੱਸਿਆ ਕਿ ਉਸ ਨੇ ਅਪਣਾ ਅਸਤੀਫਾ ਘਰੇਲੂ ਕਾਰਨਾਂ ਕਰਕੇ ਡਾਇਰੈਕਟਰ ਲੋਕਲ ਬਾਡੀਜ਼ ਪੰਜਾਬ ਨੂੰ ਮੇਲ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਕੌਂਸਲਰਾਂ ਨੇ ਬੇਭਰੋਸਗੀ ਦਾ ਮਤਾ ਲਿਆਉਣ ਲਈ ਕਾਰਜ ਸਾਧਕ ਅਫਸਰ ਨੂੰ ਪੱਤਰ ਦਿੱਤਾ ਸੀ ਕਿ ਪ੍ਰਧਾਨ ਹਾਊਸ ਵਿੱਚ ਅਪਣਾ ਬਹੁਮੱਤ ਸਾਬਿਤ ਕਰੇ, ਪ੍ਰਧਾਨ ਨੇ ਬਹੁਮੱਤ ਸਾਬਿਤ ਕਰਨ ਲਈ 17 ਮਾਰਚ ਨੂੰ ਮੀਟਿੰਗ ਸੱਦੀ ਸੀ, ਪਰ ਉਸ ਤੋਂ ਪਹਿਲਾਂ ਹੀ ਪ੍ਰਧਾਨ ਨੇ ਅਪਣਾ ਅਸਤੀਫਾ ਉੱਚ-ਅਧਿਕਾਰੀਆਂ ਪਾਸ ਭੇਜ ਦਿੱਤਾ ਹੈ। ਇਸ ਗੱਲ ਦੀ ਪੁਸ਼ਟੀ ਕਰਦਿਆਂ ਕਾਰਜਸਾਧਕ ਅਫਸਰ ਬਾਲਕ੍ਰਿਸ਼ਨ ਗੋਗੀਆ ਨੇ ਦੱਸਿਆ ਕਿ ਹਾਊਸ ਦੀ ਮੀਟਿੰਗ 10 ਅਪ੍ਰੈਲ ਦੀ ਰੱਖੀ ਗਈ ਹੈ। ਜੇਕਰ ਇਸ ਤੋਂ ਪਹਿਲਾਂ ਅਸਤੀਫਾ ਮਨਜ਼ੂਰ ਹੋ ਜਾਂਦਾ ਹੈ ਤਾਂ 17 ਅਪ੍ਰੈਲ ਦੀ ਮੀਟਿੰਗ ਕੈਂਸਲ ਹੋ ਸਕਦੀ ਹੈ।

# ਪ ਸ ਸ ਫ ਵੱਲੋਂ ਜਲੰਧਰ ਜ਼ਿਮਨੀ ਚੋਣ ਦੌਰਾਨ ਝੰਡਾ ਮਾਰਚ ਐਕਸ਼ਨ ਦੀਆਂ ਤਿਆਰੀਆਂ

ਮੁੱਲਾਂਪੁਰ ਦਾਖਾ, (ਗੁਰਮੇਲ ਸਿੰਘ ਮੈਲਡੇ)-ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680-22 ਬੀ ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਅਗਵਾਈ ਹੇਠ ਈਸੜੂ ਭਵਨ ਲੁਧਿਆਣਾ ਵਿਖੇ



ਹੋਈ, ਜਿਸ ਵਿੱਚ ਪੰਜਾਬ ਤੇ ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਕੀਤੇ ਜਾ ਰਹੇ ਝੰਡਾ ਮਾਰਚ ਦੀਆਂ ਤਿਆਰੀਆਂ ਤੇ ਡਿਊਟੀਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ। ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਲਾਹਕਾਰ ਚਰਨ ਸਿੰਘ ਸਰਾਭਾ, ਅਮਰੀਕ ਸਿੰਘ ਮਸੀਤਾਂ, ਮਨਜੀਤ ਸਿੰਘ ਗਿੱਲ, ਜਗਦੀਸ਼ ਸਿੰਘ ਚਾਹਲ, ਬਲਕਾਰ ਵਲਟੋਹਾ, ਪ੍ਰੇਮ ਚਾਵਲਾ, ਗੁਰਮੇਲ ਸਿੰਘ ਮੈਲਡੇ, ਸੁਰਿੰਦਰਪਾਲ ਲਹੌਰੀਆ, ਪ੍ਰਵੀਨ ਕੁਮਾਰ ਲੁਧਿਆਣਾ, ਜਗਮੇਲ ਪੱਖੋਵਾਲ, ਗੁਰਪ੍ਰੀਤ ਮਾੜੀ ਮੇਘਾ, ਸੰਜੀਵ ਸ਼ਰਮਾ ਲੁਧਿਆਣਾ, ਪ੍ਰਭਜੀਤ ਉੱਪਲ, ਰਣਦੀਪ ਸਿੰਘ ਫਤਹਿਗੜ੍ਹ ਸਾਹਿਬ, ਅਵਤਾਰ ਸਿੰਘ ਗਗੜਾ, ਨਵੀਨ ਸਚਦੇਵਾ, ਜਸਪਾਲ ਸੰਧੂ, ਅਜੇ ਕੁਮਾਰ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਵੱਲੋਂ ਦੱਸਿਆ ਗਿਆ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਲੋਕਾਂ ਨਾਲ ਉਨ੍ਹਾਂ ਦੀਆਂ ਜਾਇਜ਼ ਮੰਗਾਂ ਤੇ ਕੰਮਾਂ ਪ੍ਰਤੀ ਵੱਡੇ ਵੱਡੇ ਵਾਅਦੇ ਕੀਤੇ ਸਨ, ਪਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹੱਕੀ ਤੇ ਜਾਇਜ਼ ਮੰਗਾਂ ਦੇ ਨਿਪਟਾਰੇ ਲਈ ਲਗਾਤਾਰ ਸੰਘਰਸ਼ ਹੋਣ ਦੇ ਬਾਵਜੂਦ ਭਗਵੰਤ ਸਿੰਘ ਮਾਨ ਸਰਕਾਰ ਨੇ ਪਿਛਲੇ 10 ਮਹੀਨਿਆਂ ਦੇ ਕਾਰਜਕਾਲ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਦੀ ਅਣਦੇਖੀ ਕੀਤੀ ਹੈ, ਜਿਸ ਨਾਲ ਪੰਜਾਬ ਦੇ ਸਮੂਹ ਮੁਲਾਜ਼ਮ ਤੇ ਪੈਨਸ਼ਨਰ ਤਿੱਖੇ ਰੋਹ ਵਿੱਚ ਚੱਲ ਰਹੇ ਹਨ। ਪੰਜਾਬ ਸਰਕਾਰ ਦੀ ਇਸ ਤਰ੍ਹਾਂ ਦੇ ਨਾ-ਪੱਖੀ ਰਵੱਈਏ ਕਾਰਨ ਹੀ ਪੰਜਾਬ ਤੇ ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੇ 23 ਅਪ੍ਰੈਲ ਨੂੰ ਆਦਮਪੁਰ ਹਲਕਾ, 30 ਅਪ੍ਰੈਲ ਨੂੰ ਨਕੋਦਰ ਤੇ 7 ਮਈ ਨੂੰ ਜਲੰਧਰ ਦੇ ਵੱਖ ਵੱਖ ਝੰਡਾ ਮਾਰਚ ਪ੍ਰੋਗਰਾਮ ਵਿੱਚ ਫੈਡਰੇਸ਼ਨ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਸਰਕਾਰ ਜਨਤਕ ਭਲਾਈ ਨਾਲ ਸਬੰਧਤ ਮਹਿਕਮੇ ਜਿਵੇਂ ਸਿਹਤ ਵਿਭਾਗ, ਸਿੱਖਿਆ ਵਿਭਾਗ, ਬਿਜਲੀ ਬੋਰਡ, ਪੰਜਾਬ ਰੋਡਵੇਜ਼ ਆਦਿ ਦਾ ਨਿੱਜੀਕਰਨ ਤੇ ਵਪਾਰੀਕਰਨ ਕਰਨ ਦੀ ਬਜਾਏ ਸੰਪੂਰਨ ਰੂਪ ਵਿੱਚ ਸਰਕਾਰੀਕਰਨ ਕੀਤਾ ਜਾਵੇ ਤੇ ਇਨ੍ਹਾਂ ਮਹਿਕਮਿਆਂ ਵਿੱਚ ਖਾਲੀ ਪਈਆਂ ਲੱਖਾਂ ਅਸਾਮੀਆਂ ਨੂੰ ਰੈਗੂਲਰ ਭਰਤੀ ਰਾਹੀਂ ਭਰਿਆ ਜਾਵੇ ਅਤੇ ਵੱਖ ਵੱਖ ਤਰ੍ਹਾਂ ਦੇ ਠੇਕਾ ਕੱਚੇ ਕਾਮਿਆਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ। ਇਸ ਤੋਂ ਇਲਾਵਾ 01-01-2004 ਤੋਂ ਬਾਅਦ ਲਾਗੂ ਕੀਤੀ ਗਈ ਨਵੀਂ ਪੈਨਸ਼ਨ ਸਕੀਮ ਨੂੰ ਬੰਦ ਕਰਕੇ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ ਤੇ ਅਪ੍ਰੈਲ 2023 ਦੀ ਤਨਖਾਹ ਨਾਲ ਸੀ.ਪੀ.ਐੱਫ. ਦੀ ਕਟੌਤੀ ਬੰਦ ਕਰਕੇ ਜੀ ਪੀ ਐੱਫ ਦੀ ਕਟੌਤੀ ਤੁਰੰਤ ਸ਼ੁਰੂ ਕੀਤੀ ਜਾਵੇ ਆਦਿ। ਮੀਟਿੰਗ ਦੌਰਾਨ ਸੁਖਦੇਵ ਸਿੰਘ ਸੁਰਤਾਪੁਰੀ, ਸੁਰਿੰਦਰ ਸਿੰਘ ਬੈਂਸ, ਮਨੀਸ਼ ਸ਼ਰਮਾ, ਹਰਭਗਵਾਨ ਮੁਕਤਸਰ, ਰਾਮ ਪ੍ਰਸਾਦ ਫਿਰੋਜ਼ਪੁਰ, ਨਛੱਤਰ ਭਾਣਾ ਫਰੀਦਕੋਟ, ਜਸਵਿੰਦਰ ਸਿੰਘ ਫਤਿਹਗੜ੍ਹ, ਸੰਜੀਵ ਬਠਿੰਡਾ, ਮੇਲਾ ਸਿੰਘ ਪੁੰਨਾਂਵਾਲ, ਸੀਤਾ ਰਾਮ ਸੰਗਰੂਰ, ਤਰਲੋਕ ਸਿੰਘ ਅਮ੍ਰਿਤਸਰ, ਬਲਜਿੰਦਰ ਸਿੰਘ ਪਟਿਆਲਾ, ਜ਼ੋਰਾ ਸਿੰਘ ਬੱਸੀਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਸੀਨੀਅਰ ਸਿਟੀਜ਼ਨਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਮਹਿੰਗਾਈ ਸਮੇਤ ਹੋਰ ਮਸਲਿਆਂ 'ਤੇ ਵਿਸ਼ਾਲ ਰੈਲੀ



ਧੂਰੀ ( ਸੁਖਦੇਵ ਧੂਰੀ )- ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਰਜਿ. ਧੂਰੀ ਦੇ ਬੈਨਰ ਹੇਠਾਂ ਪ੍ਰਧਾਨਗੀ ਮੰਡਲ 'ਚ ਸ਼ਾਮਲ ਚੇਅਰਮੈਨ ਪੂਰਨ ਰਾਮ, ਪ੍ਰਧਾਨ ਜਗਦੀਸ਼ ਸ਼ਰਮਾ, ਹਰਜਿੰਦਰ ਸਿੰਘ, ਪ੍ਰੇਮ ਸਿੰਘ ਅਤੇ ਜਸਪਾਲ ਸਿੰਘ ਭੱਟੀ ਦੀ ਅਗਵਾਈ 'ਚ ਸੈਂਕੜੇ ਸੀਨੀਅਰ ਸਿਟੀਜ਼ਨਾਂ ਵੱਲੋਂ ਵਧ ਰਹੀ ਮਹਿੰਗਾਈ ਅਤੇ ਬਜ਼ੁਰਗਾਂ ਦੀ ਰਾਖੀ ਖਾਤਰ ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਸਿਟੀ ਪਾਰਕ ਧੂਰੀ ਵਿਖੇ ਵਿਸ਼ਾਲ ਰੈਲੀ ਕੀਤੀ ਗਈ ਅਤੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਰੋਸ ਪ੍ਰਗਟਾਵਾ ਕੀਤਾ। ਰੈਲੀ ਨੂੰ ਸੰਬੋਧਨ ਕਰਦਿਆਂ ਜਗਦੀਸ਼ ਸ਼ਰਮਾ, ਹਰਜਿੰਦਰ ਸਿੰਘ ਅਤੇ ਗੁਰਦੀਪ ਸਿੰਘ ਨੇ ਦੱਸਿਆ ਕਿ ਸੀਨੀਅਰ ਸਿਟੀਜ਼ਨਾਂ ਨੂੰ ਕਾਨੂੰਨਨ ਮਿਲੀਆਂ ਸਹੂਲਤਾਂ ਸਰਕਾਰ ਖੋਹ ਰਹੀ ਹੈ। ਬਜ਼ੁਰਗਾਂ ਦੀ ਸਿਹਤ ਸਹੂਲਤ, ਸਮਾਜਕ ਅਤੇ ਆਰਥਕ ਸੁਰੱਖਿਆ ਦੇ ਬਣੇ ਕਾਨੂੰਨਾਂ ਨੂੰ ਅਣਗੌਲਿਆ ਕਰਕੇ ਉਨ੍ਹਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਵੱਲੋਂ ਬਜ਼ੁਰਗਾਂ ਨੂੰ ਰੇਲਵੇ ਰਿਆਇਤੀ ਸਫਰ ਬੰਦ ਕਰ ਦਿੱਤਾ ਹੈ, ਜਦਕਿ ਉਨ੍ਹਾਂ ਦੇ ਮੰਤਰੀ ਅਤੇ ਸਾਂਸਦ ਮੈਂਬਰ ਸਾਰੇ ਉੱਚ ਅਧਿਕਾਰੀ ਕੋਚਾਂ 'ਚ ਪਰਵਾਰਾਂ ਸਮੇਤ ਸਹੂਲਤ ਮੁਫਤ ਲੈ ਰਹੇ ਹਨ। ਘਰੇਲੂ ਗੈਸ ਸਿਲੰਡਰ 450 ਰੁਪਏ ਤੋਂ ਵਧਾ ਕੇ 1250 ਰੁਪਏ ਹੋ ਗਿਆ ਹੈ। 1 ਅਪ੍ਰੈਲ ਤੋਂ ਦਵਾਈਆਂ ਦੀਆਂ ਕੀਮਤਾਂ 'ਚ ਕੀਤਾ ਜਾ ਰਿਹਾ ਅਥਾਹ ਵਾਧਾ ਕਰਕੇ ਬਜ਼ੁਰਗਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਗਿਆ ਹੈ। ਖਾਣ ਪੀਣ ਦੀਆਂ ਵਸਤਾਂ, ਦੁੱਧ, ਦਹੀਂ, ਤੇਲ, ਘੀ ਆਦਿ ਉਪਰ ਟੈਕਸ ਲਗਾ ਕੇ ਪਰਵਾਰਾਂ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਹੈ। ਰੇਲਵੇ ਸਟੇਸ਼ਨ ਧੂਰੀ ਉਪਰ ਸੀ ਸੀ ਟੀ ਵੀ ਕੈਮਰੇ ਨਾ ਹੋਣ, ਸਾਫ ਸਫਾਈ ਦਾ ਮੰਦਾ ਹਾਲ, ਖਾਣ ਪੀਣ ਦੀਆਂ ਚੀਜ਼ਾਂ ਘਟੀਆਂ ਤੋਂ ਇਲਾਵਾ ਬਜ਼ੁਰਗਾਂ ਲਈ ਐਕਲੀਲੇਟਰਾਂ ਦਾ ਪ੍ਰਬੰਧ ਨਹੀਂ ਹੈ। ਸ਼ਹਿਰ ਵਿੱਚ ਚੋਰੀਆਂ ਦੀ ਬਹੁਤ ਭਰਮਾਰ ਹੈ। ਲੋਕ ਡਰ ਅਤੇ ਭੈਅ ਦਾ ਜੀਵਨ ਬਤੀਤ ਕਰਦੇ ਹਨ। ਪ੍ਰਾਈਵੇਟ ਹਸਪਤਾਲਾਂ 'ਚ ਮਨਮਰਜ਼ੀ ਨਾਲ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਮਹਿੰਗਾਈ ਨੂੰ ਰੋਕਿਆ ਜਾਵੇ, ਰੇਲਵੇ ਸਹੂਲਤਾਂ ਬਹਾਲ ਕੀਤੀਆਂ ਜਾਣ। ਗੈਸ ਸਿਲੰਡਰ ਦੀ ਕੀਮਤ 500 ਰੁਪਏ ਫੀ ਸਿਲੰਡਰ ਘਟਾਈ ਜਾਵੇ। ਦਵਾਈਆਂ ਦੀਆਂ ਕੀਮਤਾਂ ਕੰਟਰੋਲ ਕੀਤੀਆਂ ਜਾਣ। ਇਸ ਮੌਕੇ ਅਪ੍ਰੈਲ ਮਹੀਨੇ 'ਚ ਜਨਮ ਦਿਨ ਵਾਲੇ ਸੀਨੀਅਰ ਸਿਟੀਜ਼ਨਾਂ ਨਰਿੰਦਰ ਬਖਸ਼ੀ, ਜਗਦੀਸ਼ ਸਿੰਘ ਖੀਪਲ , ਰਾਜਿੰਦਰ ਸ਼ਰਮਾ, ਜਸਵੰਤ ਰਾਏ ਗੁਪਤਾ , ਜੋਗਿੰਦਰ ਸਿੰਘ ਸਮੇਤ ਅਨੇਕਾਂ ਸ਼ਖਸੀਅਤਾਂ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਹਾਰ ਪਾ ਕੇ ਉਨ੍ਹਾਂ ਦਾ ਸਨਮਾਨ ਕਰਕੇ ਲੰਮੇਰੀ ਤੇ ਤੰਦਰੁਸਤ ਉਮਰ ਦੀ ਕਾਮਨਾ ਕੀਤੀ ਗਈ। ਇਸ ਮੌਕੇ ਪ੍ਰਲਾਦ ਰਾਏ, ਗੁਰਦਿਆਲ ਨਿਰਮਾਣ, ਚਰਨਜੀਤ ਸਿੰਘ, ਗਿਰਧਾਰੀ ਲਾਲ, ਸੁਰੇਸ਼ ਅੱਗਰਵਾਲ, ਰਘਵੀਰ ਸਿੰਘ, ਮਹਿੰਦਰ ਸਿੰਘ ਚਹਿਲ, ਅਵਤਾਰ ਸਿੰਘ ਮੁੱਕਰ, ਸੁਰਿੰਦਰ ਨਾਗਰਾ, ਤਰਸੇਮ ਮਿੱਤਲ, ਜਗਦੇਵ ਸਿੰਘ ਆਦਿ ਵੀ ਹਾਜ਼ਰ ਸਨ।

### ਨਰਮੇ ਦੀ ਫਸਲ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਕਿਸਾਨਾਂ ਨੂੰ ਮੂੰਗੀ ਦੀ ਕਾਸ਼ਤ ਤੋਂ ਗੁਰੇਜ਼ ਕਰਨ ਦੀ ਅਪੀਲ

ਬਠਿੰਡਾ (ਬਖਤੌਰ ਢਿੱਲੋਂ, ਪਰਵਿੰਦਰ ਜੀਤ ਸਿੰਘ)-ਅਗਾਮੀ ਸਾਉਣੀ ਦੌਰਾਨ ਜ਼ਿਲ੍ਹੇ ਵਿੱਚ ਨਰਮੇ ਦੀ ਕਾਸ਼ਤ ਨੂੰ ਪ੍ਰਫੁਲਤ ਕਰਨ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਠਿੰਡਾ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਅਧੀਨ ਜ਼ਿਲ੍ਹਾ ਬਠਿੰਡਾ ਦੇ ਮੁੱਖ ਖੇਤੀਬਾੜੀ ਅਫਸਰ ਡਾ. ਦਿਲਬਾਗ ਸਿੰਘ ਵੱਲੋਂ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਹੈ ਕਿ ਨਰਮੇ ਦੀ ਕਾਸ਼ਤ ਨੂੰ ਵੱਡੇ ਪੱਧਰ 'ਤੇ ਕਾਮਯਾਬ ਕਰਨ ਲਈ ਚਿੱਟੀ ਮੱਖੀ ਤੋਂ ਬਚਾਉਣ ਲਈ ਚਲਾਈ ਗਈ ਨਦੀਨ-ਨਸ਼ਟ ਮੁਹਿੰਮ ਦੇ ਨਾਲ-ਨਾਲ ਨਰਮਾ ਬੀਜਣ ਵਾਲੇ ਖਿੱਤੇ ਵਿੱਚ ਮੂੰਗੀ ਦੀ ਕਾਸ਼ਤ ਨਾ ਕੀਤੀ ਜਾਵੇ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਮੂੰਗੀ ਦੀ ਫਸਲ 'ਤੇ ਚਿੱਟੀ ਮੱਖੀ ਬਹੁਤ ਜ਼ਿਆਦਾ ਮਾਤਰਾ ਵਿੱਚ ਪਲਦੀ ਹੈ ਤੇ ਇਸ ਉਪਰੰਤ ਨਰਮੇ ਦੀ ਫਸਲ 'ਤੇ ਆ ਜਾਂਦੀ ਹੈ, ਜਿਸ ਕਾਰਨ ਨਰਮੇ ਦੀ ਫਸਲ 'ਤੇ ਇਸ ਨੂੰ ਕਾਬੂ ਕਰਨ ਵਿੱਚ ਕੀਟਨਾਸ਼ਕਾਂ ਦੇ ਖਰਚੇ ਵੱਧ ਜਾਂਦੇ ਹਨ ਅਤੇ ਨਰਮੇ ਦੇ ਝਾੜ 'ਤੇ ਵੀ ਅਸਰ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਠਿੰਡਾ ਦੇ ਮਾਹਰਾਂ ਦੀਆਂ ਟੀਮਾਂ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਇਸ ਸਬੰਧੀ ਜਾਗਰੂਕ ਕਰ ਰਹੀਆਂ ਹਨ ਤੇ ਨਰਮੇ ਦੀ ਕਾਸ਼ਤ ਨੂੰ ਕਾਮਯਾਬ ਕਰਨ ਲਈ ਹਰ ਉਪਰਾਲਾ ਕੀਤਾ ਜਾ ਰਿਹਾ ਹੈ।

# ਕੇਂਦਰ ਤੇ ਸੂਬਾ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਕਿਤਾਬ ਲੋਕ ਅਰਪਣ

## ਹੁਣ ਸਰਕਾਰੀ ਸਕੀਮਾਂ ਤੱਕ ਹੋਵੇਗੀ ਹਰ ਵਿਅਕਤੀ ਦੀ 'ਪਹੁੰਚ'-ਮੀਤ ਹੇਅਰ



ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)- ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਪੰਜਾਬ ਭਰ 'ਚੋਂ ਨਿਵੇਕਲੀ ਪਹਿਲਕਦਮੀ ਕਰਦੇ ਹੋਏ ਪ੍ਰਾਜੈਕਟ 'ਪਹੁੰਚ' ਦਾ ਆਗਾਜ਼ ਕੀਤਾ ਗਿਆ ਹੈ, ਜਿਸ ਵਿੱਚ ਦਰਜ ਸਰਕਾਰੀ ਸਕੀਮਾਂ ਦੀ ਵਿਸਥਾਰਤ ਜਾਣਕਾਰੀ ਬਰਨਾਲਾ ਦੇ ਨਾਲ ਨਾਲ ਪੂਰੇ ਸੂਬੇ ਦੇ ਲੋਕਾਂ ਲਈ ਲਾਹੇਵੰਦ ਸਿੱਧ ਹੋਵੇਗੀ, ਜਿਸ ਲਈ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਵਧਾਈ ਦੇ ਪਾਤਰ ਹਨ। ਇਨ੍ਹਾਂ ਸ਼ਬਦਾਂ ਪ੍ਰਗਟਾਵਾ ਕੈਬਨਿਟ ਮੰਤਰੀ ਸ੍ਰ. ਗੁਰਮੀਤ ਸਿੰਘ ਮੀਤ ਹੇਅਰ ਨੇ ਇਥੇ ਵਾਈ ਐੱਸ ਕਾਲਜ ਵਿਖੇ ਪ੍ਰਾਜੈਕਟ 'ਪਹੁੰਚ' ਤਹਿਤ ਕਿਤਾਬ ਲੋਕ ਅਰਪਣ ਕਰਨ ਮੌਕੇ ਕੀਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਉਨ੍ਹਾ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਸੈਂਕੜੇ ਸਕੀਮਾਂ ਚੱਲ ਰਹੀਆਂ ਹਨ, ਜੋ ਲੋਕਾਂ ਦੀ ਭਲਾਈ ਲਈ ਹਨ, ਪਰ ਸਹੀ ਜਾਣਕਾਰੀ ਨਾ ਹੋਣ ਕਾਰਨ ਯੋਗ ਲੋਕ ਸਕੀਮਾਂ ਦਾ ਲਾਭ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਕਿਤਾਬ 'ਚ ਆਮ ਸਕੀਮਾਂ ਦੇ ਨਾਲ ਨਾਲ ਸਰਹੱਦੀ ਜ਼ਿਲ੍ਹਿਆਂ ਤੇ ਕੰਢੀ ਖੇਤਰਾਂ ਦੇ ਲੋਕਾਂ ਲਈ ਲਾਹੇਵੰਦ ਸਕੀਮਾਂ ਵੀ ਦਰਜ ਹਨ, ਜਿਸ ਲਈ ਇਹ ਕਿਤਾਬ ਪੂਰੇ ਸੂਬੇ ਦੇ ਲੋਕਾਂ ਲਈ ਲਾਹੇਵੰਦ ਹੈ। ਇਸ ਤੋਂ ਇਲਾਵਾ ਇਨ੍ਹਾਂ ਸਕੀਮਾਂ ਦੀ ਜਾਣਕਾਰੀ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਦੀ ਵੈੱਬਸਾਈਟ 'ਤੇ ਵੀ ਉਪਲੱਬਧ ਕਰਾਈ ਜਾਵੇਗੀ। ਇਸ ਮੌਕੇ ਵਿਧਾਇਕ ਮਹਿਲ ਕਲਾਂ ਕੁਲਵੰਤ ਸਿੰਘ ਪੰਡੋਰੀ ਨੇ ਆਖਿਆ ਕਿ ਪਿੰਡਾਂ ਵਿੱਚ ਵੱਸਦੇ ਲੋਕਾਂ ਨੂੰ ਸਚਮੁੱਚ ਹੀ ਅਜਿਹੇ ਪ੍ਰਾਜੈਕਟ ਦੀ ਲੋੜ ਸੀ, ਜੋ ਕਿ ਆਏ ਦਿਨ ਸਰਕਾਰੀ ਦਫਤਰਾਂ ਦੇ ਗੇੜੇ ਨਹੀਂ ਮਾਰ ਸਕਦੇ। ਇਹ ਕਿਤਾਬ ਉਨ੍ਹਾਂ ਲੋਕਾਂ ਦੇ ਪਿੰਡਾਂ ਵਿੱਚ ਪੁੱਜੇਗੀ ਤਾਂ ਜੋ ਉਹ ਆਪਣਾ ਹੱਕ ਪ੍ਰਾਪਤ ਕਰ ਸਕਣਗੇ।

ਇਸ ਮੌਕੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਆਖਿਆ ਕਿ ਅੱਜ ਇਸ ਪ੍ਰਾਜੈਕਟ ਦੇ ਪਹਿਲੇ ਪੜਾਅ ਦਾ ਆਗਾਜ਼ ਕੀਤਾ ਗਿਆ ਹੈ, ਇਸ ਤੋਂ ਮਗਰੋਂ ਅਗਲੇ ਪੜਾਅ ਤਹਿਤ ਜਿੱਥੇ ਪਿੰਡ-ਪਿੰਡ ਇਹ ਕਿਤਾਬਾਂ ਮੁਫ਼ਤ ਵੰਡੀਆ ਜਾਣਗੀਆਂ, ਉਥੇ ਡਿਜੀਟਲ ਸਾਧਨਾਂ ਨਾਲ ਜੁੜੀ ਅਵਾਮ ਦੀ ਸੌਖ ਲਈ ਡਿਜੀਟਲ ਰੂਪ 'ਚ ਵੀ ਇਸ ਦੀ ਪਹੁੰਚ ਕੀਤੀ ਜਾਵੇਗੀ। ਉਨ੍ਹਾ ਦੱਸਿਆ ਕਿ ਸਾਰੇ ਵਿਭਾਗਾਂ ਦੀਆਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਸਕੀਮਾਂ ਤੋਂ ਇਲਾਵਾ ਸਾਂਝ ਕੇਂਦਰ ਤੇ ਸੇਵਾ ਕੇਂਦਰ ਦੀਆਂ 400 ਤੋਂ ਵੱਧ ਸੇਵਾਵਾਂ ਦੀ ਜਾਣਕਾਰੀ ਇਸ ਕਿਤਾਬ 'ਚ ਦਰਜ ਹੈ।

ਇਸ ਮੌਕੇ ਮਹਿਮਾਨਾਂ ਵੱਲੋਂ ਪ੍ਰਾਜੈਕਟ 'ਪਹੁੰਚ' ਨੂੰ ਨੇਪਰੇ ਚੜ੍ਹਾਉਣ ਲਈ ਸਹਿਯੋਗ ਦੇਣ ਵਾਸਤੇ ਟ੍ਰਾਈਡੈਂਟ ਗਰੁੱਪ ਤੋਂ ਜਰਮਨਜੀਤ ਸਿੰਘ, ਆਈ ਓ ਐੱਲ ਫਾਰਮਾਸੂਟੀਕਲਜ਼ ਤੋਂ ਬਸੰਤ ਸਿੰਘ, ਸਹਾਇਕ ਲੋਕ ਸੰਪਰਕ ਅਫਸਰ ਜਗਬੀਰ ਕੌਰ, ਜੂਨੀਅਰ ਸਹਾਇਕ ਹਰਪ੍ਰੀਤ ਸਿੰਘ, ਫੋਟੋਗ੍ਰਾਫਰ ਅਰਮਾਨਜੋਤ ਸਿੰਘ ਗੈਰੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਵੱਲੋਂ ਸਮਾਗਮ 'ਚ ਪੁੱਜੇ ਮਹਿਮਾਨਾਂ ਨੂੰ ਕਿਤਾਬਾਂ ਦੇ ਸੈੱਟ ਭੇਟ ਕੀਤੇ ਗਏ।

### ਪੰਜਾਬੀ ਲਿਖਾਰੀ ਸਭਾ ਪੀਰ ਮੁਹੰਮਦ ਵੱਲੋਂ 9 ਅਪ੍ਰੈਲ ਨੂੰ ਸਾਹਿਤਕ ਸਮਾਗਮ



ਮੱਖੂ, (ਰਛਪਾਲ ਸਿੰਘ ਸੰਧੂ): ਪਿਛਲੇ ਲੰਮੇ ਸਮੇਂ ਤੋਂ ਆਪਣੇ ਸਾਹਿਤਕ ਅਤੇ ਸਮਾਜਕ ਕੰਮਾਂ ਕਰਕੇ ਵੱਖਰੀ ਪਛਾਣ ਬਣਾਉਣ ਵਾਲੀ ਪੰਜਾਬੀ ਲਿਖਾਰੀ ਸਭਾ ਪੀਰ ਮੁਹੰਮਦ ਵੱਲੋਂ 9 ਅਪ੍ਰੈਲ ਨੂੰ ਸੀਨੀਅਰ ਸੈਕੰਡਰੀ ਸਕੂਲ ਪੀਰ ਮੁਹੰਮਦ ਵਿਖੇ ਕਰਵਾਏ ਜਾ ਰਹੇ ਸਾਹਿਤਕ ਸਮਾਗਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਹਰਬਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਸ ਸਾਹਿਤਕ ਸਮਾਗਮ 'ਚ ਬਹੁਤ ਸਾਰੇ ਸਾਹਿਤਕਾਰ, ਲੇਖਕ, ਕਵੀ, ਬੁੱਧੀਜੀਵੀ ਅਤੇ ਸਮਾਜ ਸੇਵਕਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਸਭਾ ਵੱਲੋਂ ਉੱਘੇ ਸਾਹਿਤਕਾਰ ਅਤੇ ਕਾਲਮਨਵੀਸ ਗੁਰਚਰਨ ਸਿੰਘ ਨੂਰਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਸਮਾਗਮ 'ਚ ਸਤਨਾਮ ਸਿੰਘ ਏ ਡੀ ਓ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਨ੍ਹਾ ਕਿਹਾ ਕਿ ਇਸ ਮੌਕੇ ਸਭਾ ਦੇ ਕਿਤਾਬ ਘਰ 'ਚੋਂ ਕਿਤਾਬਾਂ ਦਾ ਸਟਾਲ ਲਗਾਉਣ ਤੋਂ ਇਲਾਵਾ ਅਤੇ ਆਪਣੀ ਤਿਆਰ ਕੀਤੀ ਹਰਿਆਵਲ ਸੱਥ 'ਚੋਂ ਤਿਆਰ ਕੀਤੇ ਪੌਦੇ ਵੀ ਵੰਡੇ ਜਾਣਗੇ।

ਇਸ ਮੌਕੇ ਉਨ੍ਹਾ ਸਾਰਿਆਂ ਨੂੰ ਆਪਣੇ ਬੱਚਿਆਂ ਸਮੇਤ ਇਸ ਸਮਾਗਮ 'ਚ ਪਹੁੰਚਣ ਦੀ ਅਪੀਲ ਵੀ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੇਵ ਸਿੰਘ ਭੁੱਲਰ ਸੀਨੀਅਰ ਮੀਤ ਪ੍ਰਧਾਨ, ਮਾਸਟਰ ਹਰਪਾਲ ਸਿੰਘ ਮਨੇਸ ਮੀਤ ਪ੍ਰਧਾਨ, ਜਸਵੰਤ ਗੋਗੀਆ ਜਰਨਲ ਸਕੱਤਰ, ਸਿੰਘ ਦੀਪ ਸਕੱਤਰ, ਲਖਵੀਰ ਸਿੰਘ ਰਸੂਲਪੁਰੀ ਖਜ਼ਾਨਚੀ, ਪਿਆਰਾ ਘਾਰੂ, ਕੋਆਰਡੀਨੇਟਰ ਸਾਰਜ ਸਿੰਘ ਭੁੱਲਰ ਅਤੇ ਪ੍ਰੋ: ਬਲਜਿੰਦਰ ਸਿੰਘ ਮੁੱਖ ਸਲਾਹਕਾਰ, ਨਸੀਬ ਦਿਵਾਨਾ, ਸੁਰਿੰਦਰ ਸਿੰਘ ਸੰਧੂ ਸਲਾਹਕਾਰ, ਗੁਰਮੀਤ ਸਿੰਘ ਭੁੱਲਰ ਪ੍ਰੈੱਸ ਸਕੱਤਰ, ਗਾਇਕ ਕੁਲਦੀਪ ਸੰਧੂ, ਰਾਜਾ ਮਨੇਸ, ਗਾਇਕ ਨਰਿੰਦਰ ਸੰਧੂ ਪ੍ਰਚਾਰ ਸਕੱਤਰ, ਬਾਜ ਸਿੰਘ ਭੁੱਲਰ, ਰਣਜੀਤ ਸਿੰਘ ਰੰਧਾਵਾ, ਮਲਕੀਤ ਸਿੰਘ, ਵੀਰ ਸਿੰਘ ਵੀਰਾ, ਜੋਗਾ ਸਿੰਘ ਟੇਲਰ, ਗੁਰਸਰਨ ਸਿੰਘ ਕਾਰਜਕਾਰੀ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹਿਣਗੇ।

### ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ 11 ਅਪ੍ਰੈਲ ਨੂੰ ਜ਼ਿਲ੍ਹਾ ਪੱਧਰ 'ਤੇ ਦਿੱਤੇ ਜਾਣਗੇ ਮੰਗ ਪੱਤਰ

ਕੋਟਕਪੂਰਾ, (ਰਛਪਾਲ ਭੁੱਲਰ) - ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਯੂਨੀਅਨ ਦੇ ਸੂਬਾਈ ਪ੍ਰਧਾਨ ਹਰਗੋਬਿੰਦ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 11 ਅਪ੍ਰੈਲ ਨੂੰ ਡਿਪਟੀ ਕਮਿਸ਼ਨਰ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਮੰਗ ਪੱਤਰ ਭੇਜਿਆ ਜਾਵੇਗਾ।

ਉਪਰੋਕਤ ਜਾਣਕਾਰੀ ਦਿੰਦਿਆਂ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਗੁਰਮੀਤ ਕੌਰ ਦਬੜੀਖਾਨਾ, ਬਲਾਕ ਫਰੀਦਕੋਟ ਦੀ ਪ੍ਰਧਾਨ ਖੁਸ਼ਪਾਲ ਕੌਰ ਭਾਗਥਲਾ, ਜਸਵਿੰਦਰ ਕੌਰ ਹਰੀਨੌਂ, ਅੰਮ੍ਰਿਤਪਾਲ ਕੌਰ ਹਰੀਨੌਂ, ਕਰਮਜੀਤ ਕੌਰ ਗੁਰੂ ਕੀ ਢਾਬ, ਰਾਜਵੀਰ ਕੌਰ ਨੰਗਲ, ਰਵਿੰਦਰ ਕੌਰ ਕੋਟਕਪੂਰਾ, ਕਿਰਨਾ ਰਾਣੀ ਗੋਨੇਆਣਾ, ਹਰਵਿੰਦਰ ਕੌਰ ਸੇਵੇਵਾਲਾ, ਮਨਜੀਤ ਕੌਰ ਡੋਡ, ਸੰਤੋਸ਼ ਬਰਗਾੜੀ, ਬਲਜੀਤ ਕੌਰ ਕੋਟਕਪੂਰਾ ਅਤੇ ਸਰਬਜੀਤ ਕੌਰ ਜੈਤੋ ਆਦਿ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਕੇਂਦਰ ਸਰਕਾਰ ਦੀ ਸਕੀਮ ਆਈ ਸੀ ਡੀ ਐੱਸ ਤਹਿਤ 2 ਅਕਤੂਬਰ 1975 ਨੂੰ ਕੰਮ ਸ਼ੁਰੂ ਕੀਤਾ ਸੀ ਤੇ ਉਨ੍ਹਾਂ ਨੂੰ ਕੰਮ ਕਰਦਿਆਂ 47 ਸਾਲ ਬੀਤ ਗਏ ਹਨ ਪਰ ਐਨੇ ਲੰਮੇ ਸਮੇਂ ਵਿੱਚ ਵੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਸਰਕਾਰੀ ਮੁਲਾਜ਼ਮ ਤਾਂ ਕੀ ਬਣਾਉਣਾ ਸੀ, ਪਿਛਲੇ ਪੰਜ ਸਾਲਾਂ ਤੋਂ ਉਨ੍ਹਾਂ ਦੇ ਮਾਣਭੱਤੇ 'ਚ ਵੀ ਕੋਈ ਵਾਧਾ ਨਹੀਂ ਕੀਤਾ, ਜਦਕਿ ਇਸ ਸਮੇਂ 'ਚ ਮਹਿੰਗਾਈ ਕਈ ਗੁਣਾ ਵਧ ਚੁੱਕੀ ਹੈ। ਉਨ੍ਹਾਂ ਆਖਿਆ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

# ਮਾਤਾ ਸ਼ੀਲਾ ਵੰਤੀ ਨਮਿੱਤ ਸ਼ਰਧਾਂਜਲੀ ਸਮਾਗਮ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਲੌਂਗੋਵਾਲ ਨਿਵਾਸੀ ਸਵਰਗੀ ਸ੍ਰੀ ਫਕੀਰ ਚੰਦ ਪਟਵਾਰੀ ਦੀ ਧਰਮਪਤਨੀ ਸ੍ਰੀਮਤੀ ਸ਼ੀਲਾ ਵੰਤੀ ਗੋਇਲ, ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਨਮਿੱਤ ਸ਼ਰਧਾਂਜਲੀ ਸਮਾਗਮ ਮੰਦਰ ਮਾਤਾ ਕਾਲੀ ਦੇਵੀ ਦੇ ਸ਼ਕਤੀ ਹਾਲ ਸੰਗਰੂਰ ਵਿਖੇ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਸ਼ਹਿਰ ਸੰਗਰੂਰ ਤੇ ਪਿੰਡ ਲੌਂਗੋਵਾਲ ਦੇ ਸਿਆਸੀ, ਧਾਰਮਿਕ ਤੇ ਸਮਾਜਿਕ ਸ਼ਖਸੀਅਤਾਂ ਅਤੇ ਨਿਵਾਸੀਆਂ ਨੇ ਮਾਤਾ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਮੰਚ ਸੰਚਾਲਨ ਕਰਦਿਆਂ ਦਵਿੰਦਰ ਵਸ਼ਿਸ਼ਟ ਨੇ ਮਾਤਾ ਜੀ ਦੇ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਇਆ ਤੇ ਉਨ੍ਹਾਂ ਵੱਲੋਂ ਪਰਿਵਾਰ ਨੂੰ ਦਿੱਤੀ ਹੱਲਾਸ਼ੇਰੀ ਤੇ ਹੌਸਲੇ ਦਾ ਜ਼ਿਕਰ ਕੀਤਾ, ਜਿਸ ਦੀ ਬਦੌਲਤ ਪਰਿਵਾਰ ਨੇ ਸਮਾਜ ਵਿੱਚ ਖਾਸ ਸਥਾਨ ਬਣਾਇਆ ਹੈ। ਸ਼ਰਧਾਂਜਲੀ ਸਮਾਗਮ ਦੌਰਾਨ ਬੋਲਦਿਆਂ ਆਮ ਆਦਮੀ ਪਾਰਟੀ ਦੇ ਬੁੱਧੀਜੀਵੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਈਲਵਾਲ ਨੇ ਕਿਹਾ ਕਿ ਮਾਤਾ ਜੀ ਦੀ ਸਮਾਜ ਸੇਵੀ ਸੋਚ ਦੇ ਦਰਸ਼ਨ ਉਨ੍ਹਾਂ ਦੇ ਪਰਿਵਾਰ ਵੱਲੋਂ ਕੀਤੀ ਜਾ ਰਹੀ ਸਮਾਜ ਸੇਵਾ ਵਿੱਚੋਂ ਕੀਤੇ ਜਾ ਸਕਦੇ ਹਨ।

ਬਾਬੂ ਪ੍ਰਕਾਸ਼ ਚੰਦ ਗਰਗ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਨੇ ਕਿਹਾ ਕਿ ਮਾਤਾ ਜੀ ਦੇ ਪੰਜਾਂ ਪੁੱਤਰਾਂ ਨੇ ਆਪਣੇ ਨਿੱਜੀ ਸਵਾਰਥਾਂ ਤੋਂ ਪਰੇ ਹੋ ਕੇ ਜਿਹੜੇ ਲੋਕ ਹਿਤੈਸ਼ੀ ਕਾਰਜ ਕੀਤੇ ਜਾ ਰਹੇ ਹਨ, ਉਨ੍ਹਾਂ ਪਿੱਛੇ ਮਾਤਾ ਸ਼ੀਲਾ ਵੰਤੀ ਤੇ ਸਵਰਗੀ ਪਟਵਾਰੀ ਸਾਹਿਬ ਦੇ ਦਿੱਤੇ ਹੋਏ ਚੰਗੇ ਸੰਸਕਾਰ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੁਨਾਮ ਹਲਕੇ ਦੇ ਇੰਚਾਰਜ ਅੰਮ੍ਰਿਤ ਪਾਲ ਸਿੰਘ ਸਿੱਧੂ ਨੇ ਵੀ ਮਾਤਾ ਜੀ ਚੰਗੇ ਸੁਭਾਅ ਬਾਰੇ ਚਾਨਣਾ ਪਾਇਆ ਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੱਲੋਂ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਰਜਿੰਦਰ ਦੀਪਾ, ਦਿੱਲੀ ਮਿਉਂਸਪਲ ਕਾਰਪੋਰੇਸ਼ਨ ਦੇ ਕੌਂਸਲਰ ਪ੍ਰਦੀਪ ਮਿੱਤਲ ਨੇ ਵੀ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮਾਤਾ ਸ਼ੀਲਾ ਵੰਤੀ ਦੇ ਸਪੁੱਤਰਾਂ ਤੇ ਪੋਤਰਿਆਂ ਕੇਵਲ ਕ੍ਰਿਸ਼ਨ ਗੋਇਲ, ਵੇਦ ਪ੍ਰਕਾਸ਼ ਦਿੜ੍ਹਬਾ, ਵਿਜੈ ਕੁਮਾਰ ਗੋਇਲ, ਪਰਮਿੰਦਰ ਕੁਮਾਰ ਲੌਂਗੋਵਾਲ, ਅਰਵਿੰਦ ਗੋਇਲ, ਕਮਲਕਾਂਤ ਗੋਇਲ, ਪੰਕਜ, ਮੋਹਿਤ, ਮੈਡਮ ਰਿਤੂ ਗੋਇਲ ਸਾਬਕਾ ਪ੍ਰਧਾਨ ਨਗਰ ਕੌਂਸਲ ਲੌਂਗੋਵਾਲ ਵੱਲੋਂ ਵੱਖ ਵੱਖ ਖੇਤਰਾਂ 'ਚ ਕੀਤੀ ਜਾ ਰਹੀ ਸਮਾਜ ਸੇਵਾ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਇਹ ਗੋਇਲ ਪਰਿਵਾਰ ਕਹਿਣੀ ਤੇ ਕਰਨੀ ਦਾ ਪੱਕਾ ਹੈ, ਜਿਸ ਨਾਲ ਵੀ ਖੜਦਾ ਹੈ, ਚਟਾਨ ਵਾਂਗ ਅਡੋਲ ਰਹਿੰਦਾ ਹੈ ਤੇ ਘਾਟੇ ਵਾਧਿਆਂ ਦੀ ਚਿੰਤਾ ਨਹੀਂ ਕਰਦਾ।

ਇਸ ਮੌਕੇ ਕਾਂਗਰਸੀ ਆਗੂ ਜਸਵਿੰਦਰ ਧੀਮਾਨ, ਵਿਨਰਜੀਤ ਗੋਲਡੀ, ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ, ਰਜਿੰਦਰ ਸਿੰਘ ਰਾਜਾ ਬੀਰਕਲਾਂ, ਬਿੰਦਰ ਬਾਂਸਲ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ, ਪਰਮਿੰਦਰ ਸ਼ਰਮਾ ਸੀਨੀਅਰ ਕਾਂਗਰਸੀ ਆਗੂ, ਸਾਬਕਾ ਕੌਂਸਲ ਪ੍ਰਧਾਨ ਮੇਲਾ ਸਿੰਘ ਸੂਬੇਦਾਰ, ਜੀਤ ਸਿੰਘ ਸਿੱਧੂ ਸਾਬਕਾ ਚੇਅਰਮੈਨ, ਪਰਮਿੰਦਰ ਕੌਰ ਬਰਾੜ ਪ੍ਰਧਾਨ ਨਗਰ ਕੌਂਸਲ ਲੌਂਗੋਵਾਲ ਤੋਂ ਇਲਾਵਾ ਸੀਨੀਅਰ ਪ੍ਰੈੱਸ ਕਲੱਬ ਦੇ ਸਮੁੱਚੇ ਪੱਤਰਕਾਰਾਂ ਤੇ ਹੋਰ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਮਾਤਾ ਸ਼ੀਲਾ ਵੰਤੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# ਚਾਰਜਸ਼ੀਟ ਮਾਮਲਾ : ਡੀ ਟੀ ਐੱਫ ਦਾ ਵਫਦ ਡੀ ਈ ਓ ਐਲੀਮੈਂਟਰੀ ਨੂੰ ਮਿਲਿਆ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ) -ਡੀ ਟੀ ਐੱਫ ਦੇ ਬਲਾਕ ਚੀਮਾ ਦੇ ਪ੍ਰਧਾਨ ਜਸਬੀਰ ਨਮੋਲ ਤੇ ਬੀ ਪੀ ਈ ਓ ਚੀਮਾ ਸੱਤਪਾਲ ਸਿੰਘ ਵੱਲੋਂ ਅਚਨਚੇਤ ਛੁੱਟੀ ਦਾ ਸੁਨੇਹਾ ਲਗਾਏ ਹੋਣ ਦੇ ਬਾਵਜੂਦ ਮੰਦਭਾਵਨਾ ਤਹਿਤ ਗੈਰ-ਹਾਜ਼ਰੀ ਦੀ ਕਾਰਵਾਈ ਅਰੰਭਣ ਅਤੇ ਇਸੇ ਕੜੀ 'ਚ ਡੀ ਈ ਓ ਐਲੀਮੈਂਟਰੀ ਸੰਗਰੂਰ ਸ਼ਿਵ ਰਾਜ ਕਪੂਰ ਵੱਲੋਂ ਤੱਥਾਂ ਨੂੰ ਨਜ਼ਰਅੰਦਾਜ਼ ਕਰਕੇ ਚਾਰਜਸ਼ੀਟ ਜਾਰੀ ਕਰਨ ਦੇ ਮਾਮਲੇ 'ਤੇ ਡੀ ਟੀ ਐੱਫ ਦਾ ਇੱਕ ਵੱਡਾ ਵਫਦ ਡੀ ਈ ਓ ਐਲੀਮੈਂਟਰੀ ਸੰਗਰੂਰ ਨੂੰ ਮਿਲਿਆ। ਵਫਦ ਨੇ ਇਸ ਮਾਮਲੇ 'ਚ ਛੁੱਟੀ ਦਾ ਸੁਨੇਹਾ ਲਾਏ ਹੋਣ ਦੇ ਠੋਸ ਸਬੂਤਾਂ ਦਾ ਹਵਾਲਾ ਦਿੰਦਿਆਂ ਬੀ ਪੀ ਈ ਓ ਵੱਲੋਂ ਮੰਦਭਾਵਨਾ ਤਹਿਤ ਕਾਰਵਾਈ ਕੀਤੇ ਜਾਣ ਦੀ ਗੱਲ ਜ਼ੋਰ ਦੇ ਕੇ ਕਹੀ। ਵਫਦ ਨੇ ਇਸ ਮਾਮਲੇ 'ਚ ਵੱਡੀਆਂ ਕਾਨੂੰਨੀ ਅਤੇ ਤਕਨੀਕੀ ਖਾਮੀਆਂ ਵੱਲ ਡੀ ਈ ਓ ਦਾ ਧਿਆਨ ਦਿਵਾਇਆ ਅਤੇ ਇਸ 'ਚ ਅਧਿਕਾਰੀਆਂ ਵੱਲੋਂ ਪੱਖਪਾਤ ਕਰਨ ਦੀ ਗੱਲ ਵੀ ਕਹੀ। ਜਥੇਬੰਦੀ ਨੇ ਇਸ ਮਾਮਲੇ ਵਿੱਚ ਡੀ ਈ ਓ ਦਫਤਰ ਦੇ ਅਮਲੇ ਵੱਲੋਂ ਪਿਛਲੇ ਸੋਮਵਾਰ ਜਸਬੀਰ ਨਮੋਲ ਦੇ ਸਕੂਲ ਸਪਸ ਸ਼ੇਰੋਂ 'ਚ ਜਾ ਕੇ ਜਥੇਬੰਦੀ ਪ੍ਰਤੀ ਅਪਮਾਨਜਨਕ ਟਿੱਪਣੀਆਂ ਕਰਨ ਦਾ ਸਖਤ ਰੋਸ ਡੀ ਈ ਓ ਅੱਗੇ ਪ੍ਰਗਟਾਇਆ। ਡੀ ਈ ਓ ਨੇ ਭਰੋਸਾ ਦਿਵਾਇਆ ਕਿ ਇਸ ਮਾਮਲੇ 'ਚ ਜਸਬੀਰ ਨਮੋਲ ਦਾ ਜਵਾਬ ਆਉਣ 'ਤੇ ਉਹ ਇਸ ਨੂੰ ਦਾਖਲ ਦਫਤਰ ਕਰ ਦੇਣਗੇ। ਇਸ ਤੋਂ ਬਾਅਦ ਵਫਦ ਨੇ ਡੀ ਈ ਓ ਅੱਗੇ ਰੋਸ ਪ੍ਰਗਟ ਕੀਤਾ ਕਿ ਉਨ੍ਹਾ ਨੇ ਪਿਛਲੇ 4-5 ਮਹੀਨਿਆਂ 'ਚ ਜਥੇਬੰਦੀ ਵੱਲੋਂ ਦਿੱਤੇ ਅਧਿਆਪਕਾਂ ਦੇ ਕਿਸੇ ਵੀ ਮਸਲੇ ਨੂੰ ਹੱਲ ਨਹੀਂ ਕੀਤਾ ਤੇ ਹੁਣ ਉਹ ਜਥੇਬੰਦੀ ਨੂੰ ਇੱਕ ਨਿਸ਼ਚਿਤ ਤਾਰੀਖ ਦੇਣ। ਡੀ ਈ ਓ ਨੇ 12 ਅਪ੍ਰੈਲ ਤੱਕ ਸਾਰੇ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ। ਵਫਦ ਵੱਲੋਂ ਕਿਹਾ ਗਿਆ ਕਿ ਜੇਕਰ 12 ਅਪ੍ਰੈਲ ਤੱਕ ਸਾਰੇ ਮਸਲੇ ਹੱਲ ਨਹੀਂ ਹੁੰਦੇ ਤਾਂ ਜਥੇਬੰਦੀ ਸਖਤ ਐਕਸ਼ਨ ਕਰਨ ਲਈ ਮਜਬੂਰ ਹੋਵੇਗੀ। ਵਫਦ 'ਚ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਆਗੂ ਪ੍ਰਧਾਨ ਦਾਤਾ ਸਿੰਘ ਨਮੋਲ, ਸਕੱਤਰ ਹਰਭਗਵਾਨ ਗੁਰਨੇ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਮੀਤ ਪ੍ਰਧਾਨ ਪਰਵਿੰਦਰ ਉਭਾਵਾਲ, ਜਥੇਬੰਦਕ ਸਕੱਤਰ ਪਵਨ ਕੁਮਾਰ ਸੰਗਰੂਰ, ਪ੍ਰੈੱਸ ਸਕੱਤਰ ਜਸਬੀਰ ਨਮੋਲ, ਜ਼ਿਲ੍ਹਾ ਕਮੇਟੀ ਮੈਂਬਰ ਗਗਨਦੀਪ ਧੂਰੀ, ਸੁਖਪਾਲ ਧੂਰੀ, ਰਾਜਵੀਰ ਨਾਗਰਾ, ਬਿੱਕਰ ਸਿੰਘ, ਬਲਾਕਾਂ ਦੇ ਆਗੂ ਹਰਵੇਲ ਸਿੰਘ ਸੁਨਾਮ, ਸਤਨਾਮ ਉਭਾਵਾਲ,ਚੰਦਰ ਸ਼ੇਖਰ, ਰਾਮ ਕ੍ਰਿਸ਼ਨ, ਭੀਮ ਸਿੰਘ ਖੋਖਰ, ਕੁਲਵਿੰਦਰ ਸਿੰਘ ਲਹਿਰਾ, ਅੰਮ੍ਰਿਤਪਾਲ ਸਿੰਘ ਅਤੇ ਅਸ਼ੋਕ ਦੀਨ ਸ਼ਾਮਲ ਸਨ।

# ਬਾਰਸ਼ ਕਾਰਨ ਕਣਕ ਦੀ ਫਸਲ ਬਰਬਾਦ, ਮਕਾਨਾਂ ਨੂੰ ਵੀ ਪਹੁੰਚਾ ਨੁਕਸਾਨ

*** ਤੇਜਾ ਰੁਹੇਲਾ 'ਚ ਇੱਕ ਮਕਾਨ ਦੀ ਛੱਤ ਡਿੱਗੀ, ਦਰਜਨ ਤੋਂ ਵੱਧ ਦਾ ਨੁਕਸਾਨ * ਅਜੇ ਤੱਕ ਫਸਲਾਂ ਤੇ ਮਕਾਨਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੋਈ ਅਧਿਕਾਰੀ ਨਹੀਂ ਬਹੁੜਿਆ**



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਪਿਛਲੇ ਕਈ ਦਿਨਾਂ ਤੋਂ ਹੋ ਰਹੀ ਬਾਰਿਸ਼ ਤੇ ਹਨੇਰੀ ਝੱਖੜ ਨਾਲ ਜਿੱਥੇ ਕਣਕ ਦੀ ਫਸਲ ਬਰਬਾਦ ਹੋ ਗਈ ਹੈ, ਉੱਥੇ ਹੀ ਇਸ ਨਾਲ ਕਈ ਲੋਕਾਂ ਦੇ ਘਰਾਂ ਨੂੰ ਵੀ ਕਾਫੀ ਨੁਕਸਾਨ ਪਹੁੰਚਾ ਹੈ। ਇਸੇ ਤਰ੍ਹਾਂ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ 'ਚ ਵੀ ਬਾਰਿਸ਼ ਤੇ ਹਨੇਰੀ ਝੱਖੜ ਨੇ ਕਣਕ ਦੀ ਫਸਲ ਤੋਂ ਇਲਾਵਾ ਕਈ ਲੋਕਾਂ ਦੇ ਮਕਾਨਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਜਾਣਕਾਰੀ ਮੁਤਾਬਿਕ ਪਿਛਲੇ ਕਈ ਦਿਨਾਂ ਤੋਂ ਹੋ ਰਹੀ ਬਾਰਿਸ਼ ਕਾਰਨ ਪਿੰਡ ਤੇਜਾ ਰੁਹੇਲਾ 'ਚ ਅੱਧੀ ਦਰਜਨ ਤੋਂ ਵੀ ਵੱਧ ਮਕਾਨਾਂ ਨੂੰ ਨੁਕਸਾਨ ਪਹੁੰਚਿਆ ਹੈ। ਸਾਰੇ ਹੀ ਪੀੜਤ ਪਰਿਵਾਰ ਮਿਹਨਤ ਮਜ਼ਦੂਰੀ ਕਰਕੇ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ।

ਇਸੇ ਤਰ੍ਹਾਂ ਬਾਰਿਸ਼ ਕਾਰਨ ਪਿੰਡ ਦੇ ਇਕੋ ਹੀ ਪਰਿਵਾਰ ਦੇ ਦੋ ਮਕਾਨਾਂ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਗੁਰਦੀਪ ਸਿੰਘ ਤੇ ਦੀਵਾਨ ਸਿੰਘ ਨਿਵਾਸੀ ਪਿੰਡ ਤੇਜਾ ਰੁਹੇਲਾ ਨੇ ਦੱਸਿਆ ਕਿ ਸੋਮਵਾਰ ਨੂੰ ਆਈ ਬਾਰਿਸ਼ ਕਾਰਨ ਉਨ੍ਹਾਂ ਦੇ ਇੱਕ ਮਕਾਨ ਦੀ ਛੱਤ ਡਿੱਗ ਗਈ ਤੇ ਇੱਕ ਦੀ ਛੱਤ ਥੱਲੇ ਧਸ ਗਈ, ਜੋ ਕਦੇ ਵੀ ਡਿੱਗ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਹਾਦਸੇ ਸਮੇਂ ਮਕਾਨ ਅੰਦਰੋਂ ਬਾਹਰ ਨਿਕਲ ਜਾਣ ਕਾਰਨ ਉਹ ਵਾਲ ਵਾਲ ਬਚ ਗਏ, ਪਰ ਮਕਾਨ ਅੰਦਰ ਪਏ ਉਨ੍ਹਾਂ ਦੇ ਮੰਜੇ, ਪਲੰਘ ਵਗੈਰਾ ਕੀਮਤੀ ਸਾਮਾਨ ਦਾ ਕਾਫੀ ਨੁਕਸਾਨ ਹੋ ਗਿਆ।

ਇਸੇ ਤਰ੍ਹਾਂ ਸੀਮਾ ਰਾਣੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਹੋ ਰਹੀ ਬਾਰਿਸ਼ ਕਾਰਨ ਉਨ੍ਹਾਂ ਦੇ ਮਕਾਨ ਦੀ ਛੱਤ ਨੂੰ ਵੱਡੀਆਂ ਵੱਡੀਆਂ ਦਰਾੜਾਂ ਪੈ ਗਈਆਂ ਹਨ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਸਾਮਾਨ ਕੱਢ ਕੇ ਗੁਆਂਢੀਆਂ ਦੇ ਘਰ ਰੱਖਣਾ ਪਿਆ ਹੈ।

ਇਸੇ ਤਰ੍ਹਾਂ ਕੰਤੋ ਬਾਈ ਨੇ ਦੱਸਿਆ ਕਿ ਬਾਰਿਸ਼ ਕਾਰਨ ਉਨ੍ਹਾਂ ਦੇ ਮਕਾਨ ਦੀ ਦੀਵਾਰ ਨੂੰ ਕਾਫੀ ਨੁਕਸਾਨ ਪਹੁੰਚਾ ਹੈ ਤੇ ਛੱਤ ਨੂੰ ਵੀ ਦਰਾੜਾਂ ਪੈ ਗਈਆਂ ਹਨ। ਉਨ੍ਹਾਂ ਦੀ ਛੱਤ ਤੋਂ ਪਾਣੀ ਟਪਕ ਰਿਹਾ ਹੈ ਤੇ ਕਦੇ ਵੀ ਡਿੱਗ ਸਕਦੀ ਹੈ। ਇਸ ਲਈ ਉਨ੍ਹਾਂ ਨੂੰ ਹਰ ਸਮੇਂ ਇਸ ਨਾਲ ਕਿਸੇ ਕਿਸਮ ਦਾ ਹਾਦਸਾ ਹੋਣ ਦਾ ਡਰ ਬਣਿਆ ਹੋਇਆ ਹੈ। ਪੀੜਤ ਪਰਿਵਾਰਾਂ ਨੇ ਸਰਕਾਰ ਤੋਂ ਉੱਚਿਤ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।

ਬਾਰਿਸ਼ ਨੇ ਮਕਾਨਾਂ ਤੋਂ ਇਲਾਵਾ ਫਸਲਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ ਹੈ। ਕਿਸਾਨ ਜੱਟੂ ਸਿੰਘ ਨਿਵਾਸੀ ਪਿੰਡ ਤੇਜਾ ਰੁਹੇਲਾ ਨੇ ਦੱਸਿਆ ਕਿ ਉਨ੍ਹਾਂ ਦੀ ਕਰੀਬ 15 ਏਕੜ ਕਣਕ ਦੀ ਫਸਲ ਵਿੱਚੋਂ 60 ਪ੍ਰਤੀਸ਼ਤ ਕਣਕ ਦਾ ਨੁਕਸਾਨ ਹੋ ਗਿਆ ਹੈ। ਪੀੜਤ ਕਿਸਾਨ ਨੇ ਕਿਹਾ ਕਿ ਕੁਝ ਸਾਲ ਪਹਿਲਾਂ ਸਰਕਾਰ ਵੱਲੋਂ ਉਨ੍ਹਾਂ ਦੀਆਂ ਜ਼ਮੀਨਾਂ ਕੱਚੀਆਂ ਕਰ ਦਿੱਤੀਆਂ ਗਈਆਂ ਸਨ ਤੇ ਜ਼ਮੀਨਾਂ ਕੱਚੀਆਂ ਹੋਣ ਕਾਰਨ ਉਨ੍ਹਾਂ ਨੂੰ ਸਰਕਾਰ ਵੱਲੋਂ ਉਨ੍ਹਾਂ ਦੀ ਫਸਲ ਦੇ ਨੁਕਸਾਨ ਦਾ ਕੋਈ ਮੁਆਵਜ਼ਾ ਵੀ ਨਹੀਂ ਦਿੱਤਾ ਜਾਂਦਾ। ਮੁਆਵਜ਼ਾ ਨਾ ਮਿਲਣ ਕਾਰਨ ਉਨ੍ਹਾਂ ਨੂੰ ਕਾਫੀ ਆਰਥਿਕ ਨੁਕਸਾਨ ਉਠਾਉਣਾ ਪੈਂਦਾ ਹੈ। ਉਨ੍ਹਾਂ ਸਰਕਾਰ ਤੋਂ ਪਿਛਲੇ ਸਮੇਂ 'ਚ ਨੁਕਸਾਨ ਹੋਈਆਂ ਫਸਲਾਂ ਤੇ ਹੁਣ ਹੋਏ ਨੁਕਸਾਨ ਲਈ ਉੱਚਿਤ ਮੁਆਵਜ਼ੇ ਦੀ ਮੰਗ ਕੀਤੀ ਹੈ।

ਪਿੰਡ ਦੇ ਸਰਪੰਚ ਬੱਗੂ ਸਿੰਘ ਨੇ ਦੱਸਿਆ ਕਿ ਬਾਰਿਸ਼ ਨੇ ਉਨ੍ਹਾਂ ਦੇ ਪਿੰਡ ਦੇ 12-13 ਮਕਾਨਾਂ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਕੁੱਝ ਮਕਾਨਾਂ ਦੀਆਂ ਛੱਤਾਂ ਤੇ ਕੁੱਝ ਦੀਆਂ ਦੀਵਾਰਾਂ ਨੂੰ ਕਾਫੀ ਨੁਕਸਾਨ ਪਹੁੰਚਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਪਿੰਡ ਤੇ ਆਸ-ਪਾਸ ਦੇ ਇਲਾਕੇ ਦੀ ਸੈਂਕੜੇ ਏਕੜ ਫਸਲ ਵੀ ਕਾਫੀ ਨੁਕਸਾਨੀ ਗਈ ਹੈ। ਉਨ੍ਹਾ ਕਿਹਾ ਕਿ ਪਿੰਡ ਤੇਜਾ ਰੁਹੇਲਾ ਦਾ ਕੁੱਲ ਰਕਬਾ 1700 ਏਕੜ ਦੇ ਕਰੀਬ ਹੈ, ਜਿਸ ਵਿੱਚੋਂ 50 ਪ੍ਰਤੀਸ਼ਤ ਤੋਂ ਵੱਧ ਫਸਲ ਨੁਕਸਾਨੀ ਗਈ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੁਆਵਜ਼ੇ ਦੇ ਐਲਾਨ ਤੋਂ ਬਾਅਦ ਵੀ ਅਜੇ ਤੱਕ ਉਨ੍ਹਾਂ ਦੇ ਪਿੰਡ ਖਰਾਬ ਫਸਲ ਤੇ ਮਕਾਨਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੋਈ ਅਧਿਕਾਰੀ ਮੌਕੇ 'ਤੇ ਨਹੀਂ ਆਇਆ। ਉਨ੍ਹਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪਿੰਡ ਦੇ ਮਕਾਨਾਂ ਦੇ ਨੁਕਸਾਨ ਤੋਂ ਇਲਾਵਾ ਫਸਲਾਂ ਦੇ ਹੋਏ ਨੁਕਸਾਨ ਦਾ ਉੱਚਿਤ ਮੁਆਵਜ਼ਾ ਦਿੱਤਾ ਜਾਵੇ।

ਜਦੋਂ ਇਸ ਬਾਰੇ ਇਲਾਕੇ ਦੇ ਪਟਵਾਰੀ ਬਲੌਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਉਹ ਇਕ ਵਾਰ ਪਿੰਡ ਆਏ ਸਨ। ਉਨ੍ਹਾ ਕਿਹਾ ਕਿ ਉਹ ਦੋਬਾਰਾ ਖੇਤੀਬਾੜੀ ਅਧਿਕਾਰੀਆਂ ਨਾਲ ਮੌਕੇ 'ਤੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਆਉਣਗੇ। ਮਕਾਨਾਂ ਦੇ ਨੁਕਸਾਨ ਬਾਰੇ ਗੱਲ ਕਰਨ 'ਤੇ ਉਨ੍ਹਾ ਕਿਹਾ ਕਿ ਇਸ ਬਾਰੇ ਨਹਿਰੀ ਵਿਭਾਗ ਦੇ ਪਟਵਾਰੀ ਦੀ ਡਿਊਟੀ ਲੱਗੀ ਹੈ।

## ਆਈਲੈਟਸ, ਇਮੀਗ੍ਰੇਸ਼ਨ ਦਾ ਕਾਰੋਬਾਰ ਕਰਨ ਵਾਲੇ ਕਈ, ਪ੍ਰੰਤੂ ਐੱਨ.ਓ.ਸੀ. ਸਿਰਫ਼ 11 ਕੋਲ

**ਕਾਨੂੰਨ ਦੀ ਪਾਲਣਾ ਨਾ ਕਰਨ ਵਾਲਿਆਂ 'ਤੇ ਹੋਵੇ ਸਖਤ ਕਾਰਵਾਈ : ਸੰਦੀਪ ਕੁਮਾਰ**



**ਮਲੋਟ (ਗੁਰਮੀਤ ਸਿੰਘ ਮੱਕੜ)** : ਨੌਜਵਾਨਾਂ ਵਿੱਚ ਵਿਦੇਸ਼ 'ਚ ਜਾਣ ਦੀ ਇੰਨੀ ਵੱਡੀ ਚਾਹਤ ਹੈ, ਜਿਸ ਕਰਕੇ ਸ਼ਹਿਰ ਵਿੱਚ ਕਈ ਆਈਲਟਸ, ਇਮੀਗ੍ਰੇਸ਼ਨ ਦਾ ਕਾਰੋਬਾਰ ਕਰਨ ਵਾਲੇ ਵੱਡੇ ਵੱਡੇ ਸੈਂਟਰ ਖੁੱਲ੍ਹ ਗਏ ਹਨ, ਪ੍ਰੰਤੂ ਇਨ੍ਹਾਂ ਵਿੱਚੋਂ ਆਈਲਟਸ, ਇਮੀਗ੍ਰੇਸ਼ਨ ਦੇ ਕਾਰੋਬਾਰ ਨਾਲ ਜੁੜੇ ਸੈਂਟਰ ਚਲਾਉਣ ਵਾਲਿਆਂ ਕੋਲ ਫਾਇਰ ਬ੍ਰਿਗੇਡ ਤੋਂ ਐੱਨ.ਓ.ਸੀ. ਨਹੀਂ ਹੈ। ਜੇਕਰ ਬਦਕਿਸਮਤੀ ਨਾਲ ਆਈਲੈਟਸ, ਇਮੀਗ੍ਰੇਸ਼ਨ ਦਾ ਕਾਰੋਬਾਰ ਵਾਲੇ ਇਨ੍ਹਾਂ ਸੈਂਟਰਾਂ 'ਤੇ ਕੋਈ ਘਟਨਾ ਵਾਪਰ ਜਾਵੇ ਤਾਂ ਜ਼ਿੰਮੇਵਾਰ ਕੌਣ ਹੋਵੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਆਰ.ਟੀ.ਆਈ. ਕਾਰਕੁਨ ਸੰਦੀਪ ਮਲੂਜਾ ਨੇ ਦੱਸਿਆ ਕਿ ਪਿਛਲੇ ਕੁੱਝ ਸਮੇਂ ਵਿਚ ਹੀ ਆਈਲਟਸ, ਇਮੀਗ੍ਰੇਸ਼ਨ ਦਾ ਕਾਰੋਬਾਰ ਕਰਨ ਵਾਲੇ ਸੈਂਟਰ ਖੁੱਲ੍ਹ ਰਹੇ ਹਨ। ਇਨ੍ਹਾਂ ਨਾਲ ਹਵਾਈ ਟਿਕਟਾਂ ਵੇਚਣ ਵਾਲੇ, ਹੋਰ ਵੱਖ-ਵੱਖ ਤਰ੍ਹਾਂ ਦੇ ਕੋਰਸ ਤੇ ਹੋਰ ਸਰਕਾਰੀ ਨੌਕਰੀਆਂ ਸਬੰਧੀ ਤਿਆਰੀ ਕਰਵਾਉਂਦੇ ਹਨ, ਜਿੱਥੇ ਵੱਡੀ ਗਿਣਤੀ ਵਿੱਚ ਨੌਜਵਾਨ ਆ ਕੇ ਆਪਣੀ ਆਪਣੀ ਤਿਆਰੀ ਕਰਦੇ ਹਨ। ਆਰ.ਟੀ.ਆਈ. ਕਾਰਕੁਨ ਸੰਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਨਗਰ ਕੌਂਸਲ ਦਫ਼ਤਰ ਮਲੋਟ ਤੋਂ ਆਰ.ਟੀ.ਆਈ. ਐਕਟ ਤਹਿਤ ਜਾਣਕਾਰੀ ਮੰਗੀ ਸੀ, ਜਿਸ ਤੋਂ ਬਾਅਦ ਨਗਰ ਕੌਂਸਲ ਮਲੋਟ ਵੱਲੋਂ ਭੇਜੀ ਗਈ ਜਾਣਕਾਰੀ ਮੁਤਾਬਿਕ ਆਈਲਟਸ, ਇਮੀਗ੍ਰੇਸ਼ਨ ਦਾ ਕਾਰੋਬਾਰ ਕਰਨ ਵਾਲੇ ਸਿਰਫ 11 ਲੋਕਾਂ ਕੋਲ ਹੀ ਫਾਇਰ ਬ੍ਰਿਗੇਡ ਦੀ ਐੱਨ.ਓ.ਸੀ. ਹੈ। ਉਨ੍ਹਾ ਕਿਹਾ ਕਿ ਭਾਵੇਂ ਕਿ ਸ਼ਹਿਰ ਵਿੱਚ 2 ਦਰਜਨ ਦੇ ਕਰੀਬ ਆਈਲਟਸ, ਇਮੀਗ੍ਰੇਸ਼ਨ ਦਾ ਕਾਰੋਬਾਰ ਕਰਨ ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਕੋਲ ਫਾਇਰ ਬ੍ਰਿਗੇਡ ਦੀ ਐੱਨ.ਓ.ਸੀ. ਨਹੀਂ ਹੈ, ਉਹ ਵੀ ਆਪਣਾ ਆਪਣਾ ਕਾਰੋਬਾਰ ਕਰ ਰਹੇ ਹਨ। ਸੰਦੀਪ ਕੁਮਾਰ ਨੇ ਕਿਹਾ ਕਿ ਜੇਕਰ ਬਦਕਿਸਮਤੀ ਨਾਲ ਇਨ੍ਹਾਂ ਸੈਂਟਰਾਂ ਵਿੱਚ ਅਗਜ਼ਨੀ ਦੀ ਕੋਈ ਘਟਨਾ ਵਾਪਰ ਜਾਵੇ ਤਾਂ ਇਸ ਘਟਨਾ ਲਈ ਜ਼ਿੰਮੇਵਾਰ ਕੌਣ ਹੋਵੇਗਾ, ਸੈਂਟਰ ਚਲਾਉਣ ਵਾਲੇ ਸੰਚਾਲਕ ਜਾਂ ਫਿਰ ਪ੍ਰਸ਼ਾਸਨ? ਉਨ੍ਹਾ ਕਿਹਾ ਕਿ ਭਾਵੇਂ ਨੌਜਵਾਨ ਬੱਚਿਆਂ ਦੇ ਮਾਪੇ ਬੜੇ ਚਾਅ ਨਾਲ ਆਪਣੇ ਬੱਚਿਆਂ ਨੂੰ ਸੈਂਟਰਾਂ ਵਿੱਚ ਪੜ੍ਹਾਈ ਲਈ ਭੇਜ ਰਹੇ ਹਨ, ਪ੍ਰੰਤੂ ਆਈਲਟਸ, ਇਮੀਗ੍ਰੇਸ਼ਨ ਦਾ ਕਾਰੋਬਾਰ ਕਰਨ ਵਾਲੇ ਸੰਚਾਲਕ ਦੀ ਛੋਟੀ ਜਿਹੀ ਲਾਹਪ੍ਰਵਾਹੀ ਕਿਸੇ ਦੀ ਜਾਨ 'ਤੇ ਭਾਰੀ ਪੈ ਸਕਦੀ ਹੈ। ਆਰ.ਟੀ.ਆਈ. ਕਾਰਕੁਨ ਸੰਦੀਪ ਕੁਮਾਰ ਨੇ ਕਿਹਾ ਕਿ ਜ਼ਰੂਰਤ ਹੈ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।

## ਕਾਤਰਾਂ

### ਸਰਕਾਰੀ ਮਿਡਲ ਸਕੂਲ ਗੰਗੋਹਰ ਵਿਖੇ ਦਾਨੀ ਸੱਜਣਾਂ ਦਾ ਸਨਮਾਨ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਮਿਡਲ ਸਕੂਲ ਗੰਗੋਹਰ ਵਿਖੇ ਦਾਨੀ ਸੱਜਣਾਂ ਦਾ ਸਨਮਾਨ ਕੀਤਾ ਗਿਆ। ਸਕੂਲ ਇੰਚਾਰਜ ਨੇ ਦੱਸਿਆ ਕਿ ਸਵ. ਸਵਰਨ ਸਿੰਘ ਸਾਬਕਾ ਸਰਪੰਚ ਦੀ ਯਾਦ ਵਿੱਚ ਉਨ੍ਹਾਂ ਦੇ ਪੁੱਤਰ ਨਰਿੰਦਰ ਸਿੰਘ ਆਸਟ੍ਰੇਲੀਆ ਤੇ ਪਰਿਵਾਰ ਵੱਲੋਂ ਵਿਦਿਆਰਥੀਆਂ ਦੀ ਲੋੜ ਨੂੰ ਦੇਖਦੇ ਹੋਏ ਬਿਜਲੀ ਇਨਵਰਟਰ ਦਾਨ ਦਿੱਤਾ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਸਕੂਲ ਦੇ ਵਿਕਾਸ ਲਈ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਪਰਿਵਾਰ ਦਾ ਧੰਨਵਾਦ ਕਰਦੇ ਹੋਏ ਪਰਿਵਾਰਕ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਤੋਂ ਇਲਾਵਾ ਸਕੂਲ ਦੀ ਬਿਹਤਰੀ ਲਈ ਹਰ ਸਮੇਂ ਤਤਪਰ ਰਹਿਣ ਵਾਲੇ ਦਾਨੀ ਸੱਜਣ ਗੁਰਮੇਲ ਸਿੰਘ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਤੋਂ ਇਲਾਵਾ ਅਵਤਾਰ ਸਿੰਘ, ਨਵੀਨ ਕੁਮਾਰ, ਸਤੀਸ਼ ਕੁਮਾਰ, ਹਰਬੰਸ ਕੌਰ, ਸੁਖਜੀਤ ਕੌਰ ਆਦਿ ਹਾਜ਼ਰ ਸਨ।

### ਕਾਨਿਆਂ ਵਾਲੀ 'ਚ ਨਰੇਗਾ ਮਜ਼ਦੂਰਾਂ ਵੱਲੋਂ ਰੈਲੀ

**ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਦਿਹਾਤੀ ਮਜ਼ਦੂਰ ਸਭਾ ਪਿੰਡ ਇਕਾਈ ਕਾਨਿਆਂ ਵਾਲੀ ਮੁਕਤਸਰ ਸਾਹਿਬ ਵਿਖੇ ਨਰੇਗਾ ਮਜ਼ਦੂਰਾਂ ਦੀ ਵਿਸ਼ਾਲ ਰੈਲੀ ਨੂੰ ਇਕਾਈ ਪ੍ਰਧਾਨ ਜਗਰਾਜ ਸਿੰਘ, ਮੀਤ ਪ੍ਰਧਾਨ ਰੰਗ ਰੂਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਨਰੇਗਾ ਦੀ ਦਿਹਾੜੀ ਵਿੱਚ ਨਿਗੂਣਾ ਵਾਧਾ ਕੀਤਾ ਹੈ, ਜਦੋਂ ਕਿ ਅੱਜ ਮਹਿੰਗਾਈ ਦੇ ਦੌਰ ਵਿੱਚ ਦਿਹਾੜੀ 700 ਰੁਪਏ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਰੇਗਾ ਕਾਨੂੰਨ ਅਧੀਨ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦੇਣ ਦੀ ਵੀ ਮੰਗ ਕੀਤੀ। ਇਸ ਸਮੇਂ ਪਿੰਡ ਇਕਾਈ ਨੇ ਫੈਸਲਾ ਕੀਤਾ ਕਿ ਉਹ ਦਿਹਾਤੀ ਮਜ਼ਦੂਰ ਸਭਾ ਨੂੰ ਮਜ਼ਬੂਤ ਕਰਨ ਲਈ ਪੂਰੀ ਵਾਹ ਲਾਉਣਗੇ। ਇਸ ਵਿਸ਼ਾਲ ਇਕੱਠ ਨੂੰ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਜਗਜੀਤ ਸਿੰਘ ਜੱਸੇਆਣਾ ਨੇ ਸੰਬੋਧਨ ਕੀਤਾ।

### ਸੀ.ਜੇ.ਐੱਮ. ਮਿਸ ਏਕਤਾ ਉੱਪਲ ਵੱਲੋਂ ਅੰਧ ਵਿਦਿਆਲੇ ਦਾ ਨਰੀਖਣ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ. ਏ. ਐੱਸ. ਨਗਰ ਮੁਹਾਲੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਮਿਸ ਏਕਤਾ ਉੱਪਲ ਵੱਲੋਂ ਅਚਾਨਕ ਅੰਧ ਵਿਦਿਆਲੇ ਦਾ ਦੌਰਾ ਕੀਤਾ ਗਿਆ। ਇਸ ਮੌਕੇ ਮਿਸ ਏਕਤਾ ਉੱਪਲ ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਨੇ ਅੰਧ ਵਿਦਿਆਲੇ ਵਿੱਚ ਮਿਲਣ ਵਾਲੀਆਂ ਸਹੂਲਤਾਂ ਦਾ ਨਰੀਖਣ ਕਰਦੇ ਹੋਏ ਅੰਧ ਵਿਦਿਆਲੇ ਵਿੱਚ ਰਹਿਣ ਵਾਲਿਆਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਪ੍ਰਬੰਧਕਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਜੱਜ ਸਾਹਿਬ ਨੇ ਆਪਣੀ ਹੱਥੀਂ ਅੰਧ ਵਿਦਿਆਲਾ ਵਿੱਚ ਰਹਿਣ ਵਾਲਿਆਂ ਨੂੰ ਖਾਣਾ ਖਵਾਇਆ। ਇਸ ਮੌਕੇ ਵਕੀਲ ਜਸਦੀਪ ਬਜਾਜ ਆਦਿ ਹਾਜ਼ਰ ਸਨ।

### ਡਾ. ਅੰਬੇਡਕਰ ਦੀ ਵਿਚਾਰਧਾਰਾ 'ਤੇ ਲਿਖਤੀ ਪ੍ਰਤੀਯੋਗਤਾ 14 ਨੂੰ

**ਮਾਨਸਾ, ਬੁਢਲਾਡਾ (ਆਤਮਾ ਸਿੰਘ ਪਮਾਰ)**-ਪਿੰਡ ਕਲੀਪੁਰ ਦੀ ਡਾ. ਭੀਮ ਰਾਓ ਅੰਬੇਡਕਰ ਸਾਹਿਬ ਵੈੱਲਫੇਅਰ ਕਮੇਟੀ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਤ ਉਨ੍ਹਾਂ ਦੀ ਜੀਵਨ, ਵਿਚਾਰਧਾਰਾ ਤੇ ਦਲਿਤ ਉਥਾਨ ਸਬੰਧੀ ਪਾਏ ਗਏ ਯੋਗਦਾਨ ਬਾਰੇ ਲਿਖਤੀ ਪ੍ਰਤੀਯੋਗਤਾ 14 ਅਪ੍ਰੈਲ ਨੂੰ ਕਰਵਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਪਟਨ ਭੋਲਾ ਸਿੰਘ, ਕਰਮਜੀਤ ਸਿੰਘ ਤੇ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਇਹ ਪ੍ਰੋਗਰਾਮ ਪਿੰਡ ਦੇ ਸਰਕਾਰੀ ਹਾਈ ਸਕੂਲ 'ਚ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾ ਵਰਗ ਦਸਵੀਂ ਤੱਕ ਹੋਵੇਗਾ, ਜਿਸ ਦੀ ਰਜਿਸਟ੍ਰੇਸ਼ਨ ਫੀਸ ਵੀਹ ਰੁਪਏ ਹੈ ਤੇ ਦੂਸਰਾ ਵਰਗ ਗਿਆਰਵੀਂ ਤੋਂ ਬੀ ਏ ਤੱਕ ਹੋਵੇਗਾ, ਜਿਸ ਦੀ ਰਜਿਸਟ੍ਰੇਸ਼ਨ ਫੀਸ ਤੀਹ ਰੁਪਏ ਹੋਵੇਗੀ। ਜੇਤੂ ਪ੍ਰਤੀਯੋਗੀਆਂ ਨੂੰ ਪਹਿਲਾ ਇਨਾਮ 1500 ਰੁਪਏ, ਦੂਸਰਾ 1000 ਤੇ ਤੀਸਰਾ ਇਨਾਮ 800 ਰੁਪਏ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਧਰਮ ਸਿੰਘ, ਬੀਰੂ ਸਿੰਘ, ਰੁਪਿੰਦਰ ਸਿੰਘ ਤੇ ਸਮੂਹ ਕਮੇਟੀ ਮੈਂਬਰ ਹਾਜ਼ਰ ਸਨ।

### ਪੰਜਾਬ ਪੁਲਸ ਪੈਨਸ਼ਨਰਜ਼ ਦੀ ਮੀਟਿੰਗ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਪੁਲਸ ਪੈਨਸ਼ਨਰਜ਼ ਜ਼ਿਲ੍ਹਾ ਸੰਗਰੂਰ ਦੀ ਮਹੀਨਾਵਾਰ ਮੀਟਿੰਗ ਅਜਮੇਰ ਸਿੰਘ ਡੀ ਐੱਸ ਪੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਹੁਤ ਸਾਰੇ ਮੈਂਬਰਾਂ ਨੇ ਹਿੱਸਾ ਲਿਆ। ਸਭ ਤੋਂ ਪਹਿਲਾਂ ਵਿੱਛੜੇ ਸਾਥੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਵਿੱਚ ਵੱਖ ਵੱਖ ਮੈਂਬਰਾਂ ਨੇ ਆਪਣੇ ਸੁਝਾਅ ਰੱਖੇ ਤੇ ਉਨ੍ਹਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪੰਜਾਬ ਸਰਕਾਰ ਦੀ ਮੰਗਾਂ ਨਾ ਮੰਨਣ ਤੇ ਟਾਲ ਮਟੋਲ ਦੀ ਨੀਤੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮੀਟਿੰਗ ਨੂੰ ਗੁਰਦਿਆਲ ਸਿੰਘ ਜਰਨਲ ਸਕੱਤਰ, ਸ਼ਿਵ ਕੁਮਾਰ, ਜਗਦੀਸ਼ ਸ਼ਰਮਾ ਸਰਪ੍ਰਸਤ ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਗਿਆਨੀ ਗੁਰਬਚਨ ਸਿੰਘ ਐੱਸ ਪੀ ਨੇ ਸੰਬੋਧਨ ਕੀਤਾ।

## ਸਿੱਖਿਆ ਵਿਭਾਗ ਬਦਲੀਆਂ ਸਬੰਧੀ ਸਟੇਅ ਦੀ ਸ਼ਰਤ ਨੂੰ ਮੁੜ ਤੋਂ ਵਿਚਾਰੇ : ਡੀ ਟੀ ਐੱਫ



**ਸੰਗਰੂਰ, 4 ਅਪ੍ਰੈਲ (ਪ੍ਰਵੀਨ ਸਿੰਘ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਆਨਲਾਈਨ ਬਦਲੀਆਂ ਸਬੰਧੀ ਲਾਈਆਂ ਗਈਆਂ ਸ਼ਰਤਾਂ ਬਾਰੇ ਇਤਰਾਜ਼ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਦੱਸਿਆ ਕਿ ਵਿਭਾਗ ਵੱਲੋਂ ਸੈਸ਼ਨ 2021-22 ਦੀਆਂ ਦੀਆਂ ਬਦਲੀਆਂ ਦੇਰੀ ਨਾਲ ਲਾਗੂ ਕੀਤੀਆਂ ਗਈਆਂ ਸਨ, ਜਿਸ ਕਾਰਨ ਦੋ ਸੈਸ਼ਨ ਬੀਤਣ ਦੇ ਬਾਵਜੂਦ 2023-24 ਦੇ ਸੈਸ਼ਨ ਵਿੱਚ ਉਹ ਅਧਿਆਪਕ ਬਦਲੀ ਨਹੀਂ ਕਰਵਾ ਸਕਣਗੇ। ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਹੋਈ ਜਾਨਲੇਵਾ ਦੁਰਘਟਨਾ ਦੇ ਮੱਦੇਨਜ਼ਰ ਬਾਹਰਲੇ ਜ਼ਿਲ੍ਹਿਆਂ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਬਿਨਾਂ ਸ਼ਰਤ ਬਦਲੀ ਦਾ ਮੌਕਾ ਦੇਣਾ ਸਮੇਂ ਦੀ ਲੋੜ ਹੈ, ਇਸੇ ਤਰ੍ਹਾਂ ਆਪਣੀ ਸੇਵਾ ਦਾ ਲੰਮਾ ਸਮਾਂ ਪਿਛਲੇ ਕਾਡਰ ਵਿੱਚ ਦੇਣ ਉਪਰੰਤ ਤਰੱਕੀ ਹਾਸਲ ਕਰਨ ਵਾਲੇ ਅਧਿਆਪਕਾਂ ਨੂੰ ਦੂਰ ਮਿਲੇ ਸਟੇਸ਼ਨ ਤੋਂ ਬਦਲੀ ਕਰਵਾਉਣ ਲਈ ਸਟੇਅ ਤੋਂ ਛੋਟ ਮਿਲਣੀ ਚਾਹੀਦੀ ਹੈ।

ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲ ਸਿੱਖਿਆ ਵਿਭਾਗ ਵੱਲੋਂ ਵੱਖ-ਵੱਖ ਜਥੇਬੰਦੀਆਂ ਵੱਲੋਂ ਦਿੱਤੇ ਗਏ ਸੁਝਾਵਾਂ ਜਿਵੇਂ ਪਹਿਲਾਂ ਹੋਈਆਂ ਬਦਲੀਆਂ ਬਿਨਾਂ ਕਿਸੇ ਵੀ ਤੋਂ ਸ਼ਰਤ ਲਾਗੂ ਕਰਨ, ਪਰਖ ਸਮਾਂ ਜਾਂ ਦੋ ਸਾਲ ਦਾ ਸਮਾਂ ਪੂਰਾ ਹੋਣ ਦੀ ਸ਼ਰਤ ਵਾਪਸ ਲੈ ਕੇ ਸਭ ਨੂੰ ਮੈਰਿਟ ਅੰਕਾਂ ਅਨੁਸਾਰ ਬਦਲੀ ਕਰਵਾਉਣ ਦਾ ਬਰਾਬਰ ਮੌਕਾ ਦੇਣ, ਆਪਣੀ ਜਾਂ ਆਸ਼ਰਿਤ ਦੀ ਕਰੋਨਿਕ ਬਿਮਾਰੀ, 40% ਅੰਗਹੀਣਤਾ, ਵਿਧਵਾ, ਕੁਆਰੀ, ਤਲਾਕਸ਼ੁਦਾ ਨੂੰ ਪਹਿਲ ਦੇਣ, ਸਕੂਲ ਮੁਖੀਆਂ ਨੂੰ ਬਦਲੀ ਨੀਤੀ ਅਨੁਸਾਰ ਬਦਲੀ ਕਰਵਾਉਣ ਦਾ ਮੌਕਾ ਦੇਣ।

## ਨੌਜਵਾਨ ਦੇ ਅੰਨ੍ਹੇ ਕਤਲ ਨੂੰ ਪੁਲਸ ਨੇ 24 ਘੰਟਿਆਂ 'ਚ ਸੁਲਝਾਇਆ

*** ਮ੍ਰਿਤਕ ਨੌਜਵਾਨ ਦੇ ਆਪਣੇ ਦੋਸਤ ਹੀ ਨਿਕਲੇ ਕਾਤਲ, 3 ਮੁਲਜ਼ਮ ਗ੍ਰਿਫਤਾਰ**

**ਨਾਭਾ (ਵਰਿੰਦਰ ਵਰਮਾ)**-ਨਾਭਾ ਪੁਲਸ ਵੱਲੋਂ ਨੌਜਵਾਨ ਦੇ ਅੰਨ੍ਹੇ ਕਤਲ ਦਾ ਮਾਮਲਾ 24 ਘੰਟਿਆਂ 'ਚ ਹੀ ਹੱਲ ਕਰ ਕਰਨ ਦਾ ਦਾਅਵਾ ਕੀਤਾ ਗਿਆ। ਨਾਭਾ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਖੁਲਾਸਾ ਕਰਦਿਆਂ ਡੀ ਐੱਸ ਪੀ ਨਾਭਾ ਦਵਿੰਦਰ ਅੱਤਰੀ ਤੇ ਸਦਰ ਥਾਣਾ ਇੰਚਾਰਜ ਇੰਸ. ਗੁਰਪ੍ਰੀਤ ਸਿੰਘ ਭਿੰਡਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮ੍ਰਿਤਕ ਨੌਜਵਾਨ ਕਮਲਪ੍ਰੀਤ ਦਾ ਕਤਲ ਉਸ ਦੇ ਆਪਣੇ ਦੋਸਤਾਂ ਨੇ ਕੀਤਾ ਸੀ। ਉਨ੍ਹਾਂ ਦੱਸਿਆ ਕਿ ਨੌਜਵਾਨ ਦੇ ਅੰਨ੍ਹੇ ਕਤਲ ਦੇ ਮਾਮਲੇ ਦੀ ਤੇਜ਼ੀ ਨਾਲ ਤਫਤੀਸ਼ ਕਰਦਿਆਂ ਨਾਭਾ ਪੁਲਸ ਵੱਲੋਂ 24 ਘੰਟਿਆਂ 'ਚ ਮ੍ਰਿਤਕ ਨੌਜਵਾਨ ਦੇ ਤਿੰਨ ਦੋਸਤਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਦੋਵੇਂ ਹੋਣਹਾਰ ਪੁਲਸ ਅਧਿਕਾਰੀਆਂ ਦੱਸਿਆ ਕਿ ਥਾਣਾ ਸਦਰ ਨਾਭਾ ਵਿਖੇ ਕਤਲ ਸੰਬੰਧੀ ਮਸੂਲ ਹੋਈ ਇਤਲਾਹ ਅਨੁਸਾਰ ਪਿੰਡ ਕੋਟਕਲਾ ਦੀ ਸੂਆ ਪੁਲੀ 'ਤੇ ਇੱਕ ਨੌਜਵਾਨ ਵਿਅਕਤੀ ਦੀ ਲਾਸ਼ ਦੀ ਜਾਣਕਾਰੀ ਮਿਲੀ। ਮ੍ਰਿਤਕ ਨੂੰ ਕਾਫੀ ਬੁਰੀ ਤਰ੍ਹਾਂ ਨਾਲ ਮਾਰਿਆ ਗਿਆ ਹੈ ਤੇ ਜੋ ਪਹਿਲੀ ਨਜ਼ਰੇ ਕਤਲ ਦਾ ਮਾਮਲਾ ਜਾਪਦਾ ਸੀ। ਇਸ ਵਾਰਦਾਤ ਨੂੰ ਜ਼ਿਲ੍ਹਾ ਪੁਲਸ ਮੁਖੀ ਵਰੁਣ ਸ਼ਰਮਾ ਵੱਲੋਂ ਕਾਫੀ ਗੰਭੀਰਤਾ ਨਾਲ ਲੈਂਦੇ ਹੋਏ ਦਿੱਤੇ ਦਿਸ਼ਾ ਨਿਰਦੇਸ਼ ਤਹਿਤ ਹਰਬੀਰ ਸਿੰਘ ਪੀ.ਪੀ.ਐੱਸ. ਕਪਤਾਨ ਪੁਲਸ (ਇੰਨਵੈ.) ਪਟਿਆਲਾ ਦੀ ਨਿਗਰਾਨੀ ਹੇਠ ਦਵਿੰਦਰ ਕੁਮਾਰ ਡੀ.ਐੱਸ.ਪੀ. ਨਾਭਾ ਦੀ ਅਗਵਾਈ ਹੇਠ ਇੰਸਪੈਕਟਰ ਗੁਰਪ੍ਰੀਤ ਸਿੰਘ ਮੁੱਖ ਅਫਸਰ ਥਾਣਾ ਸਦਰ ਨਾਭਾ ਦੀ ਟੀਮ ਦਾ ਗਠਨ ਕੀਤਾ ਗਿਆ ਤੇ ਮ੍ਰਿਤਕ ਦੇ ਪਿਤਾ ਸੁਖਵਿੰਦਰ ਸਿੰਘ ਪੁੱਤਰ ਸ਼ਾਮ ਸਿੰਘ ਦੇ ਬਿਆਨਾਂ 'ਤੇ ਮਾਮਲਾ ਦਰਜ ਕੀਤਾ ਗਿਆ।



ਪੁਲਸ ਅਧਿਕਾਰੀਆਂ ਅਨੁਸਾਰ ਤਫਤੀਸ਼ ਦੌਰਾਨ ਕਥਿਤ ਦੋਸ਼ੀਆਨ ਪਵਿੱਤਰ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਹਿੰਮਤਪੁਰਾ ਸੁੱਖੀ ਪੁੱਤਰ ਭਗਵਾਨ ਸਿੰਘ ਵਾਸੀ ਬੀਨਾੜੀ ਤੇ ਅਵਤਾਰ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਕੋਟ ਖੁਰਦ ਨੂੰ ਇੰਸ. ਗੁਰਪ੍ਰੀਤ ਸਿੰਘ ਭਿੰਡਰ ਮੁੱਖ ਅਫਸਰ ਥਾਣਾ ਸਦਰ ਨਾਭਾ ਤੇ ਉਨ੍ਹਾਂ ਦੀ ਟੀਮ ਵੱਲੋਂ 24 ਘੰਟਿਆਂ ਅੰਦਰ ਗ੍ਰਿਫਤਾਰ ਕਰਕੇ ਕਤਲ ਦੀ ਗੁੱਥੀ ਨੂੰ ਸੁਲਝਾਇਆ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਪੁੱਛ-ਗਿੱਛ ਦੌਰਾਨ ਕਥਿਤ ਦੋਸ਼ੀਆਂ ਨੇ ਮੰਨਿਆ ਕਿ ਉਨ੍ਹਾਂ ਦੀ ਦੂਜੇ ਗਰੁੱਪ ਦੇ ਕਿਸੇ ਵਿਅਕਤੀ ਨਾਲ ਲਾਗ-ਡਾਂਟ ਸੀ, ਜਿਸ ਨੂੰ ਮਿਤਕ ਕਮਲ ਪ੍ਰਿੰਸ ਜਾਣਦਾ ਸੀ ਤੇ ਮ੍ਰਿਤਕ ਨੂੰ ਅਸੀਂ ਵੀ ਜਾਣਦੇ ਸੀ, ਜਿਸ ਕਰਕੇ ਅਸੀਂ ਕਮਲ ਪ੍ਰਿੰਸ ਨੂੰ ਫੋਨ ਕਰਕੇ ਪਿੰਡ ਛੀਟਾਵਾਲਾ ਅਹਾਤੇ 'ਤੇ ਬੁਲਾਇਆ ਜਿੱਥੇ ਸਾਡੀ ਕਮਲ ਪ੍ਰਿੰਸ ਨਾਲ ਕਾਫੀ ਤਕਰਾਰ ਹੋ ਗਈ। ਉਨ੍ਹਾਂ ਮੰਨਿਆ ਕਿ ਉਨ੍ਹਾਂ ਮ੍ਰਿਤਕ ਨੂੰ ਪਿੰਡ ਕੋਟਕਲਾ ਸੂਆ ਪੁਲੀ ਵਿਖੇ ਲਿਆ ਕੇ ਕਾਫੀ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਪੁਲਸ ਅਧਿਕਾਰੀਆਂ ਅਨੁਸਾਰ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਿਸ ਦੌਰਾਨੇ ਕਾਤਲਾਂ ਵੱਲੋਂ ਵਾਰਦਾਤ ਵਿੱਚ ਵਰਤੇ ਹਥਿਆਰ ਬ੍ਰਾਮਦ ਕਰਵਾਏ ਜਾਣਗੇ। ਡੀ ਐੱਸ ਪੀ ਦਵਿੰਦਰ ਅੱਤਰੀ ਨੇ ਮੁੱਖ ਅਫਸਰ ਥਾਣਾ ਸਦਰ ਨਾਭਾ ਇੰਸ. ਗੁਰਪ੍ਰੀਤ ਸਿੰਘ ਭਿੰਡਰ ਦੀ ਕਾਰਜਸ਼ੈਲੀ ਦੀ ਭਰਪੂਰ ਸ਼ਲਾਘਾ ਕਰਦਿਆਂ ਹੌਸਲਾ ਅਫਜ਼ਾਈ ਕੀਤੀ, ਜਿਨਾਂ ਵੱਲੋਂ 24 ਘੰਟਿਆਂ ਅੰਦਰ-ਅੰਦਰ ਕਾਤਲਾਂ ਨੂੰ ਗ੍ਰਿਫ਼ਤਾਰ ਕਰ ਅੰਨ੍ਹੇ ਕਤਲ ਦੇ ਮਾਮਲੇ ਨੂੰ ਸੁਲਝਾਇਆ ਹੈ।

## ਗੁਰਦੁਆਰਾ ਗੁਰੂਸਰ ਕਾਉਂਕੇ ਵਿਖੇ ਵਿਸਾਖੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਜਾਵੇਗਾ : ਭਾਈ ਗਰੇਵਾਲ

**ਵਿਸਾਖੀ ਵਾਲੇ ਦਿਨ ਹੋਵੇਗਾ ਅੰਮ੍ਰਿਤ ਸੰਚਾਰ**

**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਖਾਲਸਾ ਪੰਥ ਦੀ ਚੜ੍ਹਦੀ ਕਲਾਂ ਦਾ ਪ੍ਰਤੀਕ ਵਿਸਾਖੀ ਦਾ ਤਿਉਹਾਰ ਗੁਰਦੁਆਰਾ ਗੁਰੂਸਰ ਕਾਉਂਕੇ ਪਾਤਸ਼ਾਹੀ ਛੇਵੀਂ ਵਿਖੇ ਸ਼ਰਧਾ-ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਗੁਰਦੁਆਰਾ ਗੁਰੂਸਰ ਕਾਉਂਕੇ ਦੀ ਮੈਨੇਜਮੈਂਟ ਕਮੇਟੀ ਨਾਲ ਮੀਟਿੰਗ ਕੀਤੀ ਤੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਮੌਕੇ ਭਾਈ ਗਰੇਵਾਲ ਨੇ ਦੱਸਿਆ ਕਿ ਖਾਲਸਾ ਪੰਥ ਦਾ ਸਾਜਨਾ ਦਿਵਸ ਵਿਸਾਖੀ ਦਾ ਤਿਉਹਾਰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਉਨ੍ਹਾ ਦੱਸਿਆ ਕਿ 12 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 14 ਅਪ੍ਰੈਲ ਨੂੰ ਪਾਏ ਜਾਣਗੇ। ਉਪਰੰਤ ਮਹਾਨ ਢਾਡੀ, ਕਵੀਸ਼ਰੀ ਤੇ ਕਥਾ ਵਾਚਕ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਉਣਗੇ। ਭਾਈ ਗਰੇਵਾਲ ਨੇ ਦੱਸਿਆ ਕਿ ਵਿਸਾਖੀ ਵਾਲੇ ਦਿਨ ਅੰਮ੍ਰਿਤ ਸੰਚਾਰ ਵੀ ਹੋਵੇਗਾ, ਜਿਸ 'ਚ ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਜਾਣਗੇ। ਇਸ ਮੌਕੇ ਮੈਨੇਜਰ ਜਰਨੈਲ ਸਿੰਘ ਚੌਕੀਮਾਨ, ਮੈਂਬਰ ਜਗਦੀਸ਼ ਸਿੰਘ, ਸਾਬਕਾ ਸਰਪੰਚ ਬਲਜਿੰਦਰ ਸਿੰਘ, ਮਨਜਿੰਦਰ ਸਿੰਘ, ਗੁਰਚਰਨ ਸਿੰਘ, ਗੁਰਜੀਤ ਸਿੰਘ, ਪ੍ਰਧਾਨ ਕਰਮ ਸਿੰਘ, ਅਵਤਾਰ ਸਿੰਘ, ਕਮਲਜੀਤ ਸਿੰਘ, ਇਕਬਾਲ ਸਿੰਘ, ਗੁਰਪ੍ਰੀਤ ਸਿੰਘ ਤੇ ਗੁਰਪ੍ਰੀਤ ਸਿੰਘ ਗੋਪੀ ਆਦਿ ਹਾਜ਼ਰ ਸਨ।

## ਕੋ-ਆਪ੍ਰੇਟਿਵ ਸੁਸਾਇਟੀ ਪਿੰਡ ਠੁੱਲੀਵਾਲ ਦਾ ਸਾਲਾਨਾ ਅਜਲਾਸ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਦੀ ਠੁੱਲੀਵਾਲ ਕੋ-ਆਪ੍ਰੇਟਿਵ ਸੁਸਾਇਟੀ ਪਿੰਡ ਠੁੱਲੀਵਾਲ ਵਿਖੇ ਸੁਸਾਇਟੀ ਦੇ ਪ੍ਰਧਾਨ ਹਰਤੇਜ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਸਮੂਹ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਭਾ ਦੇ ਸਕੱਤਰ ਜੰਗ ਸਿੰਘ ਦੀਵਾਨਾ ਦੀ ਹਾਜ਼ਰੀ 'ਚ ਸੁਸਾਇਟੀ ਦਾ ਆਮ ਅਜਲਾਸ ਕਰਵਾਇਆ ਗਿਆ। ਇਸ ਮੌਕੇ ਸੁਸਾਇਟੀ ਨਾਲ ਜੁੜੇ 300 ਦੇ ਕਰੀਬ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਸਾਲਾਨਾ ਗਤੀਵਿਧੀਆਂ ਦੀ ਰਿਪੋਰਟ ਸੁਸਾਇਟੀ ਪ੍ਰਧਾਨ ਹਰਤੇਜ ਸਿੰਘ ਸਿੱਧੂ ਨੇ ਕਿਹਾ ਕਿ ਜੋ ਕਿ ਸੁਸਾਇਟੀ ਪਿਛਲੇ ਕਈ ਸਾਲਾਂ ਤੋਂ ਘਾਟੇ 'ਚ ਜਾ ਰਹੀ ਸੀ, ਉਹ ਇਸ ਵਾਰ 2023 ਦੇ ਸਾਲਾਨਾ ਅਜਲਾਸ ਸਮੇਂ 5 ਲੱਖ ਦਾ ਮੁਨਾਫ਼ਾ ਹੋਇਆ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸੁਸਾਇਟੀ ਠੁੱਲੀਵਾਲ ਦੇ ਬਕਾਇਆਂ ਵਾਲੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇ ਤੇ ਕਿਸਾਨਾਂ ਨੂੰ ਵਧੀਆਂ ਤਕਨੀਕ ਨਾਲ ਖੇਤੀਬਾੜੀ ਕਰਨ ਲਈ ਆਧੁਨਿਕ ਸੰਦ ਦਿੱਤੇ ਜਾਣ। ਸੁਸਾਇਟੀਆਂ ਨੂੰ ਹੋਰ ਵਧੇਰੇ ਵਧੀਆਂ ਬਣਾਉਣ ਦੇ ਲਈ ਸਰਕਾਰ ਤੁਰੰਤ ਫੰਡ ਜਾਰੀ ਕਰੇ। ਉਨ੍ਹਾਂ ਕਿਹਾ ਕਿ ਉਕਤ ਮੰਗਾਂ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੂੰ ਜਾਣੂੰ ਕਰਵਾ ਕੇ ਮੰਗ ਪੱਤਰ ਦਿੱਤਾ ਜਾਵੇਗਾ। ਇਸ ਮੌਕੇ ਹਾਜ਼ਰ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਉਕਤ ਸਬੰਧੀ ਹੱਥ ਖੜੇ ਕਰ ਪ੍ਰਵਾਨਗੀ ਦਿੰਦਿਆਂ ਮੌਜੂਦਾ ਕਮੇਟੀ ਵਧਾਈ ਦੀ ਪਾਤਰ ਹੈ, ਜਿਨ੍ਹਾਂ ਨੇ ਘਾਟੇ 'ਚ ਜਾ ਰਹੀ ਸੁਸਾਇਟੀ ਨੂੰ ਮੁਨਾਫ਼ੇ ਵਿੱਚ ਲਿਆਂਦਾ ਹੈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਸ਼ੇਰਪੁਰ ਇਕਾਈ ਦੇ ਪ੍ਰਧਾਨ ਨਾਜ਼ਰ ਸਿੰਘ ਠੁੱਲੀਵਾਲ ਤੇ ਇਕਾਈ ਪ੍ਰਧਾਨ ਮੇਵਾ ਸਿੰਘ ਭੱਟੀ, ਖਜ਼ਾਨਚੀ ਅਮਰੀਕ ਸਿੰਘ, ਮੱਘਰ ਸਿੰਘ ਨੇ ਕਮੇਟੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਿਛਲੇ ਸਮੇਂ ਤੋਂ ਘਾਟੇ ਵਿੱਚ ਚੱਲ ਰਹੀ ਸੁਸਾਇਟੀ ਨੂੰ ਪਾਰਦਰਸ਼ੀ ਢੰਗ ਨਾਲ ਚਲਾਉਂਦਿਆਂ ਮੁਨਾਫ਼ੇ ਵਿੱਚ ਲਿਆਂਦਾ ਹੈ, ਜਿਸ ਨਾਲ ਕਿਸਾਨਾਂ ਨੂੰ ਹੋਰ ਵਧੇਰੇ ਵਧੀਆ ਸਹੂਲਤਾਂ ਉਕਤ ਸੁਸਾਇਟੀ ਤੋਂ ਮਿਲਣਗੀਆਂ।

ਇਸ ਮੌਕੇ ਸਾਬਕਾ ਮੈਨੇਜਰ ਪ੍ਰੀਤਮ ਸਿੰਘ ਵੱਲੋਂ ਸੁਸਾਇਟੀ ਲਈ ਇੱਕ ਨਵਾਂ ਏ ਸੀ (ਏਅਰ ਕਡੀਸ਼ਨਰ) ਦੇਣ ਤੋਂ ਇਲਾਵਾ ਹੋਰ ਦਾਨੀ ਸੱਜਣਾਂ ਨੇ ਸੁਸਾਇਟੀ ਨੂੰ ਨਗਦ ਰਾਸ਼ੀ ਸਹਾਇਤਾ ਦਿੱਤੀ ਗਈ, ਜਿਨ੍ਹਾਂ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

## ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਅੱਜ

**ਜਗਰਾਉਂ, (ਸੰਜੀਵ ਅਰੋੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਕਮੇਟੀ ਲੁਧਿਆਣਾ ਦੀ ਅਗਵਾਈ 'ਚ ਸੈਂਕੜੇ ਕਿਸਾਨ ਵੱਖ-ਵੱਖ ਬਲਾਕਾਂ 'ਚੋਂ ਸੂਬਾ ਕਮੇਟੀ ਦੇ ਸੱਦੇ 'ਤੇ 6 ਅਪ੍ਰੈਲ ਨੂੰ ਸੰਗਰੂਰ ਪਹੁੰਚਣਗੇ। ਇਸ ਮੌਕੇ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਪੰਜਾਬ ਸਰਕਾਰ ਵੱਲੋਂ ਐਲਾਨੀ ਕਣਕ ਤੇ ਦੂਜੀਆਂ ਫ਼ਸਲਾਂ ਲਈ ਪ੍ਰਤੀ ਏਕੜ ਮੁਆਵਜ਼ਾ ਰਾਸ਼ੀ ਨਿਗੂਣੀ ਕਰਾਰ ਦਿੰਦਿਆਂ ਇਹ ਸਹਾਇਤਾ ਘੱਟੋ-ਘੱਟ ਪੰਜਾਹ ਹਜ਼ਾਰ ਦੇਣ ਦੀ ਮੰਗ ਕੀਤੀ ਹੈ। ਇਸ ਸਮੇਂ ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਨੇ ਐੱਸ. ਡੀ. ਐੱਮ. ਮੋਹਾਲੀ ਦੇ ਅਖ਼ਬਾਰੀ ਬਿਆਨ ਕਿ ਮੁਆਵਜ਼ਾ ਰਾਸ਼ੀ ਸਿਰਫ ਪੰਜ ਏਕੜ ਤੱਕ ਦੇ ਨੁਕਸਾਨ ਲਈ ਹੀ ਦਿੱਤੀ ਜਾਵੇਗੀ, ਦੀ ਵੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਅਧਿਕਾਰੀ ਦੇ ਬਿਆਨ ਦਾ ਤੁਰੰਤ ਨੋਟਿਸ ਲਵੇ। ਉਨ੍ਹਾਂ ਕਿਹਾ ਕਿ ਮੁਆਵਜ਼ਾ ਰਾਸ਼ੀ 'ਚ ਵਾਧੇ ਦੀ ਮੰਗ ਨੂੰ ਲੈ ਕੇ 6 ਅਪ੍ਰੈਲ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਘਿਰਾਓ ਦੌਰਾਨ ਪੰਜਾਬ ਸਰਕਾਰ ਤੋਂ ਪੰਜਾਬ 'ਚ ਪੈਦਾ ਕੀਤੇ ਦਹਿਸ਼ਤ ਦੇ ਮਾਹੌਲ ਨੂੰ ਕੰਟਰੋਲ ਕਰਨ ਲਈ ਐੱਨ. ਐੱਸ. ਏ. ਕਾਨੂੰਨ ਰੱਦ ਕਰਨ, ਪੰਜਾਬ 'ਚ ਬੁਲਾਏ ਨੀਮ ਫ਼ੌਜੀ ਬਲ ਤੁਰੰਤ ਵਾਪਸ ਭੇਜਣ, ਗ੍ਰਿਫਤਾਰ ਕੀਤੇ ਬੇਕਸੂਰ ਨੌਜਵਾਨ ਰਿਹਾਅ ਕਰਨ, ਗ੍ਰਿਫ਼ਤਾਰ ਨੌਜਵਾਨਾਂ ਤੋਂ ਐੱਨ. ਐੱਸ. ਏ. ਹਟਾ ਕੇ ਚਲਦੇ ਕਾਨੂੰਨ ਤਹਿਤ ਕਾਰਵਾਈ ਕਰਨ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਸਮੂਹ ਕਿਸਾਨਾਂ ਨੂੰ ਇਨ੍ਹਾਂ ਦੋਹਾਂ ਮੁੱਦਿਆਂ 'ਤੇ ਜ਼ੋਰ ਦੇਣ ਲਈ 6 ਅਪ੍ਰੈਲ ਨੂੰ ਸਵੇਰੇ ਗਿਆਰਾਂ ਵਜੇ ਤੱਕ ਸੰਗਰੂਰ ਵਿਖੇ ਘਿਰਾਓ ਦੇ ਐਕਸ਼ਨ 'ਚ ਪਹੁੰਚਣ ਦੀ ਅਪੀਲ ਕੀਤੀ।

## ਪੁਲਸ ਵੱਲੋਂ ਨਵੇਂ ਤੇ ਪੁਰਾਣੇ ਬੱਸ ਸਟੈਂਡ 'ਤੇ ਚੈਕਿੰਗ



**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਦੇ ਹਲਾਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਸ਼ਹਿਰ ਦੇ ਨਵੇਂ ਤੇ ਪੁਰਾਣੇ ਬੱਸ ਸਟੈਂਡ 'ਤੇ ਆਉਣ-ਜਾਣ ਵਾਲੇ ਸਾਧਨ ਤੇ ਲੋਕਾਂ ਦੀ ਚੈਕਿੰਗ ਕੀਤੀ ਗਈ। ਇਹ ਚੈਕਿੰਗ ਜ਼ਿਲ੍ਹਾ ਪੁਲਸ ਮੁਖੀ ਦੇ ਅਦੇਸ਼ਾਂ ਅਨੁਸਾਰ ਡੀ ਐੱਸ ਪੀ ਮਨੋਜ ਗੋਰਸੀ ਦੀ ਅਗਵਾਈ ਹੇਠ ਐੱਸ ਐੱਚ ਓ ਸੁਰਿੰਦਰ ਸਿੰਘ ਭੱਲਾ ਦੀ ਪੂਰੀ ਟੀਮ ਵੱਲੋਂ ਮੂਨਕ ਦੇ ਨਵੇਂ ਤੇ ਪੁਰਾਣੇ ਬੱਸ ਸਟੈਂਡ 'ਤੇ ਨਸ਼ੇ ਤੇ ਗਲਤ ਅਨਸਰਾਂ ਖਿਲਾਫ ਚੈਕਿੰਗ ਮੁਹਿੰਮ ਦੌਰਾਨ ਆਉਣ-ਜਾਣ ਵਾਲੇ ਸਾਧਨ ਤੇ ਲੋਕਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਲੋਕਾਂ ਨੂੰ ਜਾਗਰੂਕ ਵੀ ਕੀਤਾ ਗਿਆ ਕਿ ਸ਼ੱਕੀ ਵਿਅਕਤੀ, ਸ਼ੱਕੀ ਸਾਮਾਨ ਤੇ ਸ਼ੱਕੀ ਸਾਧਨਾਂ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ। ਪੁਲਸ ਉਸੇ ਸਮੇਂ ਮੌਕੇ 'ਤੇ ਪਹੁੰਚ ਕੇ ਅਜਿਹੇ ਅਨਸਰਾਂ ਖਿਲਾਫ ਸਖਤ ਕਾਰਵਾਈ ਕਰੇਗੀ ਤਾਂ ਕਿ ਸ਼ਹਿਰ ਨੂੰ ਭੈੜੇ ਅਨਸਰਾਂ ਦੀ ਮਾਰ ਤੋਂ ਬਚਾਅ ਕੀਤਾ ਜਾਵੇ।

## ਈ ਜੀ ਐੱਸ/ਏ ਆਈ ਈ/ਐੱਸ ਟੀ ਆਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਦਾ ਐਲਾਨ : ਆਜ਼ਾਦ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਨਿਗੁਣੀਆਂ ਤਨਖਾਹਾਂ ਉੱਪਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਪੰਜਾਬ ਦੇ ਸਮੂਹ ਈ ਜੀ ਐੱਸ, ਏ ਆਈ ਈ, ਐੱਸ ਟੀ ਆਰ ਅਧਿਆਪਕਾਂ ਵੱਲੋਂ ਸੰਗਰੂਰ ਵਿਖੇ 7 ਅਪ੍ਰੈਲ ਤੋਂ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਦਾ ਅਣਮਿੱਥੇ ਸਮੇਂ ਲਈ ਘਿਰਾਓ ਕੀਤਾ ਜਾਵੇਗਾ। ਫਾਜ਼ਿਲਕਾ ਪ੍ਰਤਾਪ ਬਾਗ ਵਿਖੇ ਆਪਣੇ ਵਿਚਾਰ ਪੇਸ਼ ਕਰਦਿਆਂ ਸਟੇਟ ਕਮੇਟੀ ਮੈਂਬਰ ਮੰਗਾ ਸਿੰਘ ਆਜ਼ਾਦ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਡੇ ਵੱਡੇ ਬੋਰਡ ਲਗਾ ਕੇ ਝੂਠ ਪ੍ਰਚਾਰ ਕਰ ਰਹੀ ਹੈ ਕਿ ਕੱਚੇ ਅਧਿਆਪਕ ਪੱਕੇ ਕਰ ਦਿੱਤੇ ਗਏ ਹਨ, ਪਰ 6000-6000 'ਤੇ ਲੰਮੇ ਸਮੇਂ ਤੋਂ ਨਿਗੁਣੀਆਂ ਤਨਖਾਹਾਂ ਤੇ ਰੁਲਣ ਵਾਲੇ ਅਧਿਆਪਕਾਂ ਨੂੰ ਪੱਕਾ ਨਹੀਂ ਕੀਤਾ ਗਿਆ। ਸਰਕਾਰ ਇਨ੍ਹਾਂ ਅਧਿਆਪਕਾਂ ਨਾਲ ਮੀਟਿੰਗ ਕਰਨਾ ਵੀ ਜ਼ਰੂਰੀ ਨਹੀਂ ਸਮਝਦੀ। ਉਨ੍ਹਾਂ ਵੋਟਾਂ ਬਟੋਰਨ ਲਈ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਝੂਠੇ ਵਾਅਦੇ ਜਨਤਕ ਕਰਨ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਜੇਕਰ ਲੋੜ ਪਈ ਤਾਂ ਮੁੱਖ ਮੰਤਰੀ ਵੱਲੋਂ ਕੱਚੇ ਅਧਿਆਪਕਾਂ ਦੇ ਮੁਹਾਲੀ ਵਿਖੇ ਚਲਦੇ ਧਰਨੇ ਦੌਰਾਨ ਕੀਤੇ ਵਾਅਦਿਆਂ ਦੀ ਵੀਡੀਓਗਰਾਫੀਆਂ ਨੂੰ ਵੀ ਜਨਤਕ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੱਖਣ ਸਿੰਘ ਗੁਲਾਬਾ, ਸਤਨਾਮ ਸਿੰਘ ਝੰਗੜ ਭੈਣੀ, ਸਤਨਾਮ ਸਿੰਘ ਮੂੰਬੇਕੇ, ਬਲਜਿੰਦਰ ਕੌਰ ਮੀਰਾਂ ਫਾਜ਼ਿਲਕਾ, ਸੁਨੀਤਾ ਰਾਣੀ ਨੂਰਸਮੰਦ, ਪਰਮਜੀਤ ਕੌਰ, ਮਮਤਾ ਫਾਜ਼ਿਲਕਾ, ਨਿਰਮਲ ਸਿੰਘ ਮਹਿੰਦਰ ਸਿੰਘ ਗੁਰਦੀਪ ਸਿੰਘ ਹਸਤਾ, ਕਸ਼ਮੀਰ ਸਿੰਘ ਆਦਿ ਹਾਜ਼ਰ ਸਨ।

## ਐੱਸ ਡੀ ਕਾਲਜ ਵਿਖੇ ਆਨਲਾਈਨ ਲੇਖ ਰਚਨਾ ਮੁਕਾਬਲੇ ਕਰਵਾਏ

**ਮੋਗਾ (ਅਮਰਜੀਤ ਬੱਬਰੀ)**-ਐੱਸ. ਡੀ. ਕਾਲਜ ਫਾਰ ਵੋਮੈਨ ਮੋਗਾ ਵਿਖੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਕਾਲਜ ਭਾਸ਼ਾ ਮੰਚ, ਸਾਹਿਤ ਸਭਾ ਤੇ ਹਿਸਟਰੀ ਵਿਭਾਗ ਨੇ ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਕਾਲਜ ਸੁਖਾਨੰਦ ਨਾਲ ਵਿਦਿਆਰਥਣਾਂ ਦੀ ਯੋਗਤਾ ਤੇ ਗਿਆਨ ਵਿੱਚ ਵਾਧਾ ਕਰਨ ਲਈ ਆਪਸੀ ਸਮਝੌਤੇ ਦੇ ਆਧਾਰ 'ਤੇ 'ਪੰਜਾਬੀ ਸੱਭਿਆਚਾਰ ਤੇ ਇਤਿਹਾਸ ਵਿੱਚ ਵਿਸਾਖੀ ਦਾ ਮਹੱਤਵ' ਤੇ 'ਜਲ੍ਹਿਆਂ ਵਾਲੇ ਬਾਗ ਦਾ ਹੱਤਿਆ ਕਾਂਡ' ਵਿਸ਼ੇ ਤਹਿਤ ਆਨਲਾਈਨ ਲੇਖ ਰਚਨਾ ਮੁਕਾਬਲੇ ਕਰਵਾਏ ਗਏ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਭਾਗੀਦਾਰ ਵਿਦਿਆਰਥਣਾਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਵਿਸਾਖੀ ਦਾ ਤਿਉਹਾਰ ਭਾਰਤੀਆਂ ਤੇ ਖਾਸ ਤੌਰ 'ਤੇ ਪੰਜਾਬੀਆਂ ਲਈ ਧਾਰਮਿਕ, ਸੱਭਿਆਚਾਰਕ ਤੇ ਇਤਿਹਾਸਕ ਤੌਰ 'ਤੇ ਵਿਸ਼ੇਸ਼ ਮਹੱਤਵ ਰੱਖਦਾ ਹੈ। ਪੰਜਾਬੀ ਵਿਭਾਗ ਵੱਲੋਂ ਕਰਵਾਏ ਲੇਖ ਰਚਨਾ ਮੁਕਾਬਲੇ ਵਿੱਚ ਪਹਿਲਾ ਸਥਾਨ ਮਿਸ ਗੁਰਮੀਤ ਕੌਰ (ਐੱਸ. ਡੀ. ਕਾਲਜ ਫਾਰ ਵੋਮੈਨ ਮੋਗਾ) ਤੇ ਮਿਸ ਸੁਖਪ੍ਰੀਤ ਕੌਰ (ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਕਾਲਜ ਸੁਖਾਨੰਦ), ਦੂਸਰਾ ਸਥਾਨ ਮਿਸ ਗ੍ਰੇਸੀ (ਐੱਸ ਡੀ ਕਾਲਜ ਫਾਰ ਵੋਮੈਨ ਮੋਗਾ) ਤੇ ਮਿਸ ਪਵਨਦੀਪ ਕੌਰ (ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਕਾਲਜ ਸੁਖਾਨੰਦ) ਅਤੇ ਤੀਸਰਾ ਸਥਾਨ ਮਿਸ ਬਿਊਟੀ ਕੁਮਾਰੀ (ਐੱਸ ਡੀ ਕਾਲਜ ਫਾਰ ਵੋਮੈਨ ਮੋਗਾ) ਨੇ ਪ੍ਰਾਪਤ ਕੀਤਾ। ਜੱਜਮੈਂਟ ਡਾ. ਪਲਵਿੰਦਰ ਕੌਰ (ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ), ਮਿਸਿਜ਼ ਰਮਨਪ੍ਰੀਤ ਕੌਰ ਤੇ ਮਿਸਿਜ਼ ਊਸ਼ਾ ਰਾਣੀ ਵੱਲੋਂ ਕੀਤੀ ਗਈ। ਹਿਸਟਰੀ ਵਿਭਾਗ ਦੇ ਲੇਖ ਰਚਨਾ ਮੁਕਾਬਲੇ ਵਿੱਚ ਪਹਿਲਾ ਸਥਾਨ ਮਿਸ ਪ੍ਰੀਤੀ (ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ ਕਾਲਜ ਸੁਖਾਨੰਦ), ਦੂਸਰਾ ਸਥਾਨ ਮਿਸ ਗੁਰਜੀਤ ਕੌਰ (ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ ਕਾਲਜ ਸੁਖਾਨੰਦ) ਤੇ ਮਿਸ ਊਸ਼ਾ (ਐੱਸ ਡੀ ਕਾਲਜ ਫਾਰ ਵੋਮੈਨ ਮੋਗਾ) ਤੇ ਤੀਸਰਾ ਸਥਾਨ ਮਿਸ ਸੋਨਾਲੀ (ਐੱਸ ਡੀ ਕਾਲਜ ਫਾਰ ਵੋਮੈਨ ਮੋਗਾ) ਨੇ ਪ੍ਰਾਪਤ ਕੀਤਾ ਅਤੇ ਜੱਜਮੈਂਟ ਡਾ. ਬਲਜੀਤ ਕੌਰ (ਮੁਖੀ ਹਿਸਟਰੀ ਵਿਭਾਗ) ਨੇ ਕੀਤੀ।

## ਪੰਜਾਬ ਸਰਕਾਰ ਫਸਲਾਂ ਦੇ ਖਰਾਬੇ ਦਾ ਤੁਰੰਤ ਮੁਆਵਜ਼ਾ ਦੇਵੇ : ਭਾਕਿਯੂ ਬਹਿਰਾਮਕੇ



**ਕੋਟ ਈਸੇ ਖਾਂ (ਅਰੋੜਾ)**-ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਵਿਖੇ ਮਹੀਨਾਵਾਰ ਮੀਟਿੰਗ ਕੀਤੀ ਗਈ, ਜਿਸ ਵਿੱਚ ਬਲਵੰਤ ਸਿੰਘ ਬਹਿਰਾਮਕੇ ਸੂਬਾ ਪ੍ਰਧਾਨ, ਮਲਕੀਤ ਸਿੰਘ ਅਮੀਵਾਲਾ ਸੂਬਾ ਸਕੱਤਰ, ਸ਼ੇਰ ਸਿੰਘ ਖੰਭੇ ਸੂਬਾ ਸਕੱਤਰ, ਮਲੂਕ ਸਿੰਘ ਨੰਬਰਦਾਰ ਐਗਜ਼ੈਕਟਿਵ ਮੈਂਬਰ, ਰਛਪਾਲ ਸਿੰਘ ਭਿੰਡਰ, ਬਾਜ ਸਿੰਘ ਸੰਗਲਾਂ, ਬੰਤਾ ਸਿੰਘ ਸਾਹਵਾਲਾ ਬਲਾਕ ਪ੍ਰਧਾਨ, ਸਵਰਨ ਸਿੰਘ ਬਲਾਕ ਪ੍ਰਧਾਨ, ਤੋਤਾ ਸਿੰਘ ਕਿਸਾਨ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਦੀ ਕਾਰਵਾਈ ਜਗਰੂਪ ਸਿੰਘ ਰੰਡਿਆਲਾ ਜ਼ਿਲ੍ਹਾ ਪ੍ਰਧਾਨ ਮੋਗਾ ਨੇ ਚਲਾਈ ਤੇ ਸਰਬ ਸੰਮਤੀ ਨਾਲ ਏਜੰਡੇ ਪਾਸ ਕੀਤੇ ਗਏ। ਬੁਲਾਰਿਆ ਨੇ ਬੋਲਦਿਆਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਦੇਸ਼ ਤੇ ਪੰਜਾਬ ਅੰਦਰ ਬੇਮੌਸਮੀ ਭਾਰੀ ਬਾਰਸ਼, ਗੜੇਮਾਰੀ ਤੇ ਝੱਖੜ ਆਉਣ ਨਾਲ ਕਣਕਾਂ, ਹਰਾ ਚਾਰਾ, ਬਾਗਬਾਨੀ, ਮੱਕੀ ਆਦਿ ਦਾ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ। ਪੰਜਾਬ ਸਰਕਾਰ ਤੁਰੰਤ ਪੂਰੇ ਪੰਜਾਬ ਅੰਦਰ ਫਸਲਾਂ ਦੇ ਹੋਏ ਨਕਸਾਨ ਦੀ ਸਪੈਸ਼ਲ ਗਿਰਦਾਵਰੀ ਕਰਵਾ ਕੇ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ। 76 ਸਾਲ ਤੋਂ ਹੱਥੀਂ ਕਿਰਤ ਕਰਨ ਵਾਲਾ ਕਿਸਾਨ ਅੱਜ ਵੀ ਕਰਜ਼ਾਈ ਹੈ। ਪੰਜਾਬ ਤੇ ਕੇਂਦਰ ਸਰਕਾਰ ਕੀਤੇ ਵਾਅਦਿਆਂ ਅਨੁਸਾਰ ਕਰਜ਼ੇ ਤੇ ਲਕੀਰ ਮਾਰੇ। ਪੰਜਾਬ ਦੇ ਹਲਾਤਾਂ ਨੂੰ ਮੱਦੇਨਜ਼ਰ ਰੱਖਦਿਆਂ ਬਾਹਰੀ ਫੋਰਸ ਵਾਪਿਸ ਭੇਜੀ ਜਾਵੇ ਪੰਜਾਬ ਅੰਦਰ ਨੌਜਵਾਨਾਂ ਦੀ ਫੜੋ ਫੜੀ ਬੰਦ ਕੀਤੀ ਜਾਵੇ। ਆਗੂਆਂ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਦੁੱਧ ਦਾ ਭਾਅ ਬਹੁਤ ਹੀ ਘੱਟ ਹੈ, ਅਸੀਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕਰਦੇ ਹਾਂ ਕਿ ਪਸ਼ੂਆਂ ਦੇ ਲਾਗਤ ਖਰਚਿਆਂ ਨੂੰ ਧਿਆਨ 'ਚ ਰੱਖਦਿਆਂ ਦੁੱਧ ਦਾ ਭਾਅ ਘੱਟੋ ਘੱਟ 13 ਰੁਪਏ ਪ੍ਰਤੀ ਫੈਟ ਦਿੱਤਾ ਜਾਵੇ ਤਾਂ ਜੋ ਦੁੱਧ ਪੈਦਾ ਕਰਨ ਵਾਲਿਆਂ ਦੇ ਲਾਗਤ ਖਰਚੇ ਪੂਰੇ ਹੋ ਸਕਣ। ਬਹਿਰਾਮਕੇ ਨੇ ਕਿਹਾ ਕਿ ਅਸਲਾ ਲਾਇਸੈਂਸ ਰੀਨਿਊ ਕਰਾਉਣ ਵੇਲੇ ਅਸਲਾਂ ਧਾਰਕਾਂ ਦੀ ਡੋਪ ਟੈਸਟ ਸਮੇਤ ਸਰਕਾਰੀ ਫੀਸ ਬਹੁਤ ਜ਼ਿਆਦਾ ਹੈ, ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪਹਿਲਾਂ ਦੀ ਤਰਾਂ ਵਾਜਿਬ ਫੀਸ ਰੱਖੀ ਜਾਵੇ। ਇਸ ਮੌਕੇ ਸਵਰਨ ਸਿੰਘ ਨਿਹਾਲਗੜ੍ਹ, ਤਰਸੇਮ ਸਿੰਘ ਜੰਗ, ਬੋਹੜ ਸਿੰਘ ਸੈਦੇਸ਼ਾਹ, ਮੁਖਤਿਆਰ ਸਿੰਘ, ਤ੍ਰਿਲੋਕ ਸਿੰਘ ਚੱਕ ਸਿੰਘ ਪੁਰਾ, ਮੇਜਰ ਸਿੰਘ ਜ਼ਿਲ੍ਹਾ ਸਕੱਤਰ, ਨਰਿੰਦਰ ਸਿੰਘ ਦੌਲੇਵਾਲਾ ਕਲਾਂ, ਗੁਰਪ੍ਰੀਤ ਸਿੰਘ ਰੰਡਿਆਲਾ, ਗੁਰਮੇਲ ਸਿੰਘ ਬੱਡੂਵਾਲਾ, ਜਾਗੀਰ ਸਿੰਘ ਫੌਜੀ, ਜੀਤ ਸਿੰਘ ਅਮੀਵਾਲਾ, ਨਿਰਭੈ ਸਿੰਘ, ਭਗਵੰਤ ਸਿੰਘ ਭਿੰਡਰ, ਗੁਰਮੇਲ ਸਿੰਘ ਗਿੱਲ ਧਰਮਕੋਟ, ਗੁਰਚਰਨ ਸਿੰਘ ਚਰਾਗਸਾਸਵਾਲਾ, ਕੁਲਦੀਪ ਸਿੰਘ ਫਤਹਿਪੁਰ ਝੁੱਗੀਆਂ, ਲਖਵਿੰਦਰ ਸਿੰਘ ਰੋਸਨਵਾਲਾ, ਮੇਹਰ ਸਿੰਘ ਮਸੀਤਾਂ ਤੋਂ ਇਲਾਵਾ ਹੋਰ ਕਿਸਾਨ ਵੀ ਹਾਜ਼ਰ ਸਨ।

## ਅਮਨਦੀਪ ਸਿੰਘ ਨੂੰ ਟਰੱਕ ਯੂਨੀਅਨ ਨਾਭਾ ਦਾ ਕੀਤਾ ਪ੍ਰਧਾਨ ਨਿਯੁਕਤ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਅਮਨਦੀਪ ਸਿੰਘ ਰਹਿਲ ਹੈਪੀ ਨੂੰ ਟਰੱਕ ਯੂਨੀਅਨ ਨਾਭਾ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ। ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਅਮਨਦੀਪ ਸਿੰਘ ਰਹਿਲ ਦਾ ਪਰਿਵਾਰ 1990 ਤੋਂ ਟਰਾਂਸਪੋਰਟਰ ਹਨ ਤੇ ਆਮ ਆਦਮੀ ਪਾਰਟੀ ਵਿੱਚ ਵੀ ਮਿਹਨਤੀ ਤੇ ਇਮਾਨਦਾਰ ਵਰਕਰ ਹਨ। ਇਹ ਟਰੱਕ ਯੂਨੀਅਨ ਨਾਭਾ ਵਿੱਚ ਇਮਾਨਦਾਰੀ ਨਾਲ ਸੇਵਾ ਕਰਨਗੇ। ਉਨ੍ਹਾਂ ਤੇ ਸਮੂਹ ਵਰਕਰਾਂ ਤੇ ਆਗੂਆਂ ਨੇ ਨਵ-ਨਿਯੁਕਤ ਪ੍ਰਧਾਨ ਅਮਨਦੀਪ ਰਹਿਲ ਨੂੰ ਮੂੰਹ ਮਿੱਠਾ ਕਰਾ ਕੇ ਵਧਾਈਆਂ ਦਿੱਤੀਆਂ। ਨਵ-ਨਿਯੁਕਤ ਪ੍ਰਧਾਨ ਅਮਨਦੀਪ ਰਹਿਲ ਨੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿਧਾਇਕ ਦੇਵ ਮਾਨ ਵੱਲੋਂ ਪਾਰਟੀ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ। ਉਨ੍ਹਾਂ ਵਿਧਾਇਕ ਦੇਵ ਮਾਨ ਜੀ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਮਾਨਦਾਰੀ ਤੇ ਤਨਦੇਹੀ ਨਾਲ ਟਰੱਕ ਯੂਨੀਅਨ ਨਾਭਾ ਦੀ ਸੇਵਾ ਕਰਨਗੇ। ਜੇਕਰ ਕਿਸੇ ਟਰੱਕ ਅਪਰੇਟਰ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਸ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਾਤਾਵਰਣ ਪ੍ਰੇਮੀ ਗੁਲਾਬ ਮਾਨ, ਹਰਬੰਸ ਸਿੰਘ ਮਾਨ ਸਾਬਕਾ ਪ੍ਰਧਾਨ, ਸੁਖਦੇਵ ਸਿੰਘ ਸੰਧੂ, ਸੁਖਜੀਤ ਸਿੰਘ ਹੰਸ, ਸੁਰਜੀਤ ਸਿੰਘ, ਤੇਜਿੰਦਰ ਸਿੰਘ ਖਹਿਰਾ, ਕਪਿਲ ਮਾਨ, ਵਿਜੇ ਠੇਕੇਦਾਰ, ਜੋਗਿੰਦਰ ਸਿੰਘ ਤੁੰਗਾਂ, ਤੇਜਿੰਦਰ ਸਿੰਘ ਖਹਿਰਾ, ਮੀਤ ਬਦੇਸਾ, ਬਲਦੇਵ ਸਿੰਘ ਰਹਿਲ, ਕੁਲਵੀਰ ਸਿੰਘ ਰੋਹਟੀ, ਰਵੀ ਨਾਭਾ, ਵਰਿੰਦਰ ਬਬਲੂ ਬੂਹੀ, ਦੀਪ ਸਿੰਘ, ਬਲਜਿੰਦਰ ਸਿੰਘ, ਜਸਵੀਰ ਸਿੰਘ ਵਜੀਦਪੁਰ ਤੇ ਵੱਡੀ ਗਿਣਤੀ ਟਰੱਕ ਅਪਰੇਟਰ, ਆਮ ਆਦਮੀ ਪਾਰਟੀ ਆਗੂ ਤੇ ਵਰਕਰ ਆਦਿ ਮੌਜੂਦ ਸਨ।

## ਸੰਕਲਪ ਵੱਲੋਂ ਪ੍ਰਕਾਸ਼ ਕੌਰ ਭੁੱਲਰ ਦਾ 'ਪੰਜਾਬ ਦੀ ਮਾਣਮੱਤੀ ਧੀ' ਵਜੋਂ ਸਨਮਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਬੀਤੇ ਦਿਨੀਂ ਬਲਵਿੰਦਰ ਸਿੰਘ ਭੁੱਲਰ ਦੇ ਆਕਾਲ ਚਲਾਣੇ 'ਤੇ ਉਸ ਨਮਿਤ ਅੰਤਿਮ ਅਰਦਾਸ ਮੌਕੇ ਉਨ੍ਹਾਂ ਦੀ ਧਰਮਪਤਨੀ ਪ੍ਰਕਾਸ ਕੌਰ ਭੁੱਲਰ ਨੂੰ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਵੱਲੋਂ ਪੰਜਾਬ ਦੀ ਮਾਣਮੱਤੀ ਧੀ ਵਜੋਂ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਸੰਕਲਪ ਐੱਨ. ਜੀ. ਓ. ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਵ: ਬਲਵਿੰਦਰ ਸਿੰਘ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿੱਚ ਨੌਕਰੀ ਕਰਦਾ ਸੀ ਤੇ ਕਰੀਬ 24 ਸਾਲ ਪਹਿਲਾਂ ਡਿਊਟੀ ਦੌਰਾਨ ਚੋਟ ਲੱਗਣ ਕਾਰਨ ਉਹ ਚੱਲਣ ਫਿਰਨ ਤੋਂ ਇਲਾਵਾ ਆਪਣੇ ਆਪ ਖਾਣਾ ਖਾਣ ਤੋਂ ਵੀ ਅਸਮਰਥ ਸੀ। ਇਨ੍ਹਾਂ ਹਾਲਤਾਂ ਵਿੱਚ, ਜੋ ਸੇਵਾ ਪ੍ਰਕਾਸ ਕੌਰ ਭੁੱਲਰ ਨੇ ਆਪਣੇ ਪਤੀ ਦੀ ਕੀਤੀ, ਉਹ ਸਾਡੇ ਪੂਰੇ ਪੰਜਾਬ ਲਈ ਮਾਣ ਵਾਲੀ ਗੱਲ ਹੈ, ਜਿਸ ਨੂੰ ਮੁੱਖ ਰੱਖਦਿਆਂ ਪ੍ਰਕਾਸ ਕੌਰ ਭੁੱਲਰ ਨੂੰ ਸੰਸਥਾ ਤੇ ਹਰਜਿੰਦਰ ਸਿੰਘ ਬਰਾੜ ਮੈਂਬਰ ਪੰਚਾਇਤ ਉਦੇਕਰਨ ਨੇ ਪੰਜਾਬ ਦੀ ਮਾਣ ਮੱਤੀ ਧੀ ਵਜੋਂ ਇੱਕ ਦੁਸ਼ਾਲਾ ਤੇ ਸਨਮਾਨ ਚਿੰਨ੍ਹ ਦੇ ਕੇ ਪਿੰਡ ਬੋਦੀਵਾਲਾ ਖੜਕ ਸਿੰਘ, ਬਲਵਿੰਦਰ ਸਿੰਘ ਭੁੱਲਰ ਦੀ ਅੰਤਮ ਅਰਦਾਸ ਮੌਕੇ ਸਨਮਾਨਿਤ ਕੀਤਾ।

ਚੇਅਰਪਰਸਨ ਕੁਲਵਿੰਦਰ ਕੌਰ ਬਰਾੜ ਨੇ ਦੱਸਿਆ ਕਿ ਪ੍ਰਕਾਸ ਕੌਰ ਨੇ ਲਗਾਤਾਰ ਸੇਵਾ ਕਰਕੇ ਆਪਣੇ ਧਰਮ ਨੂੰ ਨਿਭਾਉਂਦਿਆਂ ਆਪਣੇ ਪਤੀ ਦੀ ਉਸ ਦੇ ਆਖਰੀ ਸਾਹਾਂ ਤੱਕ ਸੇਵਾ ਕੀਤੀ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਰਣਜੀਤ ਸਿੰਘ ਥਾਂਦੇਵਾਲਾ (ਸੇਵਾ ਮੁਕਤ ਸੁਪਰਡੈਂਟ) ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਬਾਖੂਬੀ ਨਿਭਾਈ। ਉਨ੍ਹਾਂ ਆਪਣੇ ਸੰਬੋਧਨ ਮੌਕੇ ਪ੍ਰਕਾਸ ਕੌਰ ਦੀ ਉਦਾਹਰਨ ਦਿੰਦਿਆਂ ਪੂਰੇ ਪੰਜਾਬ ਦੀਆਂ ਧੀਆਂ ਨੂੰ ਆਪਣੇ ਸਮਾਜਿਕ ਰਿਸ਼ਤੇ ਤੇ ਫਰਜ਼ਾਂ ਦੀ ਆਦਾਇਗੀ ਕਰਨ ਦਾ ਸੱਦਾ ਦਿੱਤਾ।

# ਸੰਸਦ ਦੀ ਕਾਰਵਾਈ ਵਾਰ-ਵਾਰ ਮੁਲਤਵੀ ਹੋਣਾ ਦੇਸ਼ ਦਾ ਆਰਥਕ ਪੱਖੋਂ ਵੱਡਾ ਨੁਕਸਾਨ : ਸੀਚੇਵਾਲ



**ਸੁਲਤਾਨਪੁਰ ਲੋਧੀ, ( ਹਨੀ )**-ਬਜਟ ਇਜਲਾਸ ਦੌਰਾਨ ਹੋਏ ਹੰਗਾਮਿਆਂ ਕਾਰਨ ਸੰਸਦ ਦੀ ਕਾਰਵਾਈ ਠੱਪ ਰਹਿਣ ਕਾਰਨ ਸਮੇਂ ਤੇ ਪੈਸਿਆਂ ਦੀ ਹੋਈ ਬਰਬਾਦੀ ਨੂੰ ਲੈ ਕੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੂੰ ਪੱਤਰ ਲਿਖਿਆ ਹੈ। ਪੰਜਾਬ ਤੋਂ ਰਾਜ ਸਭਾ ਮੈਂਬਰ ਬਣੇ ਸੰਤ ਸੀਚੇਵਾਲ ਨੇ ਪੰਜਾਬੀ ਭਾਸ਼ਾ ਵਿਚ ਲਿਖੇ ਆਪਣੇ ਪੱਤਰ ਵਿਚ ਬਹੁਤ ਹੀ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਸੱਤਾਧਾਰੀ ਤੇ ਵਿਰੋਧੀ ਧਿਰਾਂ ਵੱਲੋਂ ਸੰਸਦ ਨਾ ਚੱਲਣ ਕਾਰਨ ਜਿੱਥੇ ਦੇਸ਼ ਦੇ ਲੋਕਾਂ ਦੇ ਕਰੋੜਾਂ ਰੁਪਏ ਬਰਬਾਦ ਹੋਏ ਹਨ ਉੱਥੇ ਹੀ ਗੰਭੀਰ ਮੁੱਦਿਆਂ 'ਤੇ ਚਰਚਾ ਨਹੀ ਹੋ ਸਕੀ। ਉਹਨਾਂ ਆਪਣੇ ਪੱਤਰ ਵਿਚ ਕਿਹਾ ਕਿ ਉਹਨਾਂ ਨੇ ਕਰੀਬ 10 ਮਹੀਨੇ ਪਹਿਲਾਂ ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਵਜੋਂ ਸੇਵਾ ਸ਼ੁਰੂ ਕੀਤੀ ਸੀ। ਉਹਨਾਂ ਦੱਸਿਆ ਕਿ ਸਾਡੀ ਸਿਆਸਤ ਵਿੱਚ ਕਦੇ ਕੋਈ ਰੁਚੀ ਨਹੀਂ ਰਹੀ। ਉਹਨਾਂ ਦੀ ਸਮੁੱਚੀ ਜ਼ਿੰਦਗੀ ਵਾਤਾਵਰਨ ਸੰਭਾਲ ਅਤੇ ਸਮਾਜ ਸੇਵਾ ਨੂੰ ਸਮਰਪਿਤ ਰਹੀ ਹੈ ਜਿਸਨੂੰ ਦੇਖਦਿਆਂ ਹੀ ਆਮ ਆਦਮੀ ਪਾਰਟੀ ਨੇ ਰਾਜ ਸਭਾ ਲਈ ਨਾਮਜਦ ਕੀਤਾ ਗਿਆ ਸੀ ਤਾਂ ਕਿ ਵਾਤਾਵਰਣ ਤੇ ਪਾਣੀਆਂ ਦੇ ਮੁੱਦੇ 'ਤੇ ਕੀਤੇ ਕਾਰਜਾਂ ਦੇ ਤਜ਼ਰਬੇ ਦਾ ਲਾਭ ਸਮੁੱਚੇ ਦੇਸ਼ ਨੂੰ ਮਿਲ ਸਕੇ। ਇਸੇ ਉਦੇਸ਼ ਨੂੰ ਲੈ ਕੇ ਉਹਨਾਂ ਰਾਜ ਸਭਾ ਨੂੰ ਸਵੀਕਾਰਿਆ ਸੀ। ਰਾਜ ਸਭਾ ਦੇ ਮੈਂਬਰ ਵਜੋਂ ਉਹਨਾਂ ਨੇ ਸੰਖੇਪ ਜਿਹੇ ਕਾਰਜਕਾਲ ਦੌਰਾਨ ਤਿੰਨ ਸੰਸਦ ਇਜਲਾਸਾਂ ਵਿੱਚ ਹਾਜ਼ਰੀ ਭਰੀ ਹੈ ਤੇ ਉਹਨਾਂ ਪਹਿਲੇ ਅਤੇ ਦੂਜੇ ਦੋਵੇਂ ਇਜਲਾਸਾਂ ਦੌਰਾਨ ਪੰਜਾਬ ਅਤੇ ਮੁਲਕ ਦੇ ਕੁਝ ਅਹਿਮ ਲੋਕ ਪੱਖੀ ਮਸਲੇ ਉਠਾਏ ਸੀ। ਪਰ ਮੌਜੂਦਾ ਬਜਟ ਸੈਸ਼ਨ ਦੇ ਦੋਵੇਂ ਹਿੱਸਿਆਂ ਵਿੱਚ ਹੁਣ ਤੱਕ ਕਾਰਵਾਈ ਸਦਨ ਵਿਚਲੇ ਹੰਗਾਮੇ ਦੌਰਾਨ ਠੱਪ ਪਈ ਹੈ। ਜਿਸ ਕਾਰਨ ਉਹਨਾਂ ਨੂੰ ਰਾਜ ਸਭਾ ਵਿਚ ਆਉਣ ਦੇ ਮਕਸਦ ਦਾ ਸੁਪਨਾ ਟੁੱਟਦਾ ਲੱਗ ਰਿਹਾ ਹੈ। ਉਹਨਾਂ ਦੱਸਿਆ ਕਿ ਕਿ ਉਹ ਚਾਹੁੰਦੇ ਹਨ ਕਿ ਅਡਾਨੀ ਮੁੱਦੇ ਉੱਤੇ ਵਿਰੋਧੀ ਧਿਰ ਦੀ ਮੰਗ ਮੁਤਾਬਕ ਜੇਪੀਸੀ ਦਾ ਗਠਨ ਹੋਵੇ। ਪਰ ਉਹ ਇਹ ਨਹੀਂ ਚਾਹੁੰਦੇ ਕਿ ਇਸ ਨਾਲ ਸੰਸਦ ਦੀ ਕਾਰਵਾਈ ਹੀ ਨਾ ਚੱਲੇ। ਉਹਨਾਂ ਕਿਹਾ ਕਿ ਜੇਕਰ ਮੁਲਕ ਦੀ ਲੀਡਰਸ਼ਿਪ ਸੰਸਦ ਚਲਾਉਣ ਦਾ ਹੀ ਮਸਲਾ ਹੱਲ ਨਹੀਂ ਕਰ ਸਕਦੀ ਤਾਂ ਮੁਲਕ ਦੇ ਅਸਲ ਮੁੱਦੇ ਹੱਲ ਕਿਵੇਂ ਹੋਣਗੇ। ਉਹਨਾਂ ਦੱਸਿਆ ਕਿ ਸੰਸਦ ਦੇ ਇਸ ਅਪਰ ਹਾਊਸ ਵਿੱਚ ਆਉਣ ਵਾਲੇ ਮੈਂਬਰਾਂ ਤੋਂ ਦੇਸ਼ ਦੇ ਲੋਕ ਆਸ ਕਰਦੇ ਹਨ ਕਿ ਉਹ ਵੱਖ-ਵੱਖ ਖੇਤਰਾਂ ਦੇ ਮਾਹਰ ਹੋਣਗੇ ਅਤੇ ਆਮ ਸਿਆਸਤ ਵਿੱਚ ਨਾ ਪੈ ਕੇ ਮੁਲਕ ਦੇ ਮਸਲਿਆਂ ਉੱਤੇ ਗੰਭੀਰ ਚਰਚਾ ਉਪਰੰਤ ਨੀਤੀਆਂ ਘੜਨ ਵਿੱਚ ਮਦਦਗਾਰ ਸਾਬਿਤ ਹੋਣਗੇ ਪਰ ਜੇਕਰ ਉਹੀ ਸਦਨ ਦੇ ਮੈਂਬਰ ਕਾਰਵਾਈ ਨੂੰ ਮਿਲ ਬੈਠ ਕੇ ਚਲਾਉਣ ਲਈ ਨਹੀਂ ਸੋਚ ਸਕਦੇ ਤਾਂ ਉਹ ਦੇਸ਼ ਦੇ ਗੰਭੀਰ ਮੁੱਦਿਆਂ ਬਾਰੇ ਕਿਵੇਂ ਸੰਵਾਦ ਰਚਾਉਣਗੇ ਅਤੇ ਇਨ੍ਹਾਂ ਦਾ ਹੱਲ ਲੱਭਣਗੇ। ਉਹਨਾਂ ਰਾਜ ਸਭਾ ਚੇਅਰਮੈਨ ਕੋਲੋਂ ਮੰਗ ਕਰਦਿਆਂ ਕਿਹਾ ਕਿ ਤੁਸੀਂ ਸਦਨ ਦੇ ਕਸਟੋਡੀਅਨ ਹੋ, ਸੰਸਦੀ ਕਦਰਾਂ ਕੀਮਤਾਂ ਦੀ ਰੱਖਿਆ ਕਰਵਾਉਣਾ ਤੁਹਾਡੀ ਜ਼ਿੰਮੇਵਾਰੀ ਹੈ। ਅਸੀਂ ਤੁਹਾਨੂੰ ਇਹ ਕੋਸ਼ਿਸ਼ਾਂ ਕਰਦੇ ਲਗਾਤਾਰ ਦੇਖਦੇ ਵੀ ਹਾਂ। ਪਰ ਇਹ ਅਣਕਿਆਸੇ ਹਾਲਾਤ ਹਨ, ਇਨ੍ਹਾਂ ਵਿੱਚ ਕੋਈ ਮਿਸਾਲੀ ਕਦਮ ਚੁੱਕਣ ਦੀ ਲੋੜ ਹੈ। ਘੱਟੋ ਘੱਟ ਜ਼ੀਰੋ ਆਵਰ, ਵਿਸ਼ੇਸ਼ ਮੈਨਸ਼ਨ, ਪ੍ਰਸ਼ਨਕਾਲ ਤਾਂ ਯਕੀਨੀ ਬਣਾਏ ਜਾਣ, ਕਿਉਂਕਿ ਰਾਜ ਸਭਾ ਉਹ ਸਦਨ ਹੈ, ਜਿਸ ਦੇ ਮੈਂਬਰਾਂ ਨੂੰ ਚੁਣੇ ਹੋਏ ਨੁਮਾਇੰਦੇ ਚੁਣਦੇ ਹਨ। ਉਹਨਾਂ ਨੇ ਇਸ ਚਿੱਠੀ ਰਾਹੀਂ ਪੰਜਾਬ ਦੇ ਕਿਸਾਨਾਂ ਦੀ ਬੇਮੌਸਮੀ ਬਾਰਿਸ਼ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਮਸਲਾ ਵੀ ਰਾਜ ਸਭਾ ਚੇਅਰਮੈਨ ਸਾਹਿਬ ਦੇ ਧਿਆਨ ਵਿਚ ਲਿਆਂਦਾ। ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਭੁੱਖਮਾਰੀ ਦੌਰਾਨ ਦੇਸ਼ ਦਾ ਢਿੱਡ ਭਰਿਆ ਸੀ ਹੁਣ ਜਦੋਂ ਪੰਜਾਬ ਵਿੱਚ ਬੇਮੌਸਮੀ ਮੀਂਹ ਨਾਲ ਕਿਸਾਨਾਂ ਦੀਆਂ ਕਣਕਾਂ ਸਮੇਤ ਹੋਰ ਫਸਲਾਂ ਦੀ ਬਰਬਾਦੀ ਹੋਈ ਹੈ ਅਜਿਹੇ ਸਮੇਂ ਵਿਚ ਸਦਨ ਵਿਚ ਕਿਸਾਨਾਂ ਦੇ ਹੋਏ ਇਸ ਉਜਾੜੇ ਦੀ ਚਰਚਾ ਨਾ ਹੋ ਕਿਸਾਨਾਂ ਲਈ ਬਹੁਤ ਦੁੱਖਦਾਇਕ ਹੈ।

## ਆਲੂ ਦੀ ਨੁਕਸਾਨੀ ਗਈ ਫਸਲ ਦਾ ਵੀ ਮੁਆਵਜ਼ਾ ਦਿੱਤਾ ਜਾਵੇ-ਕਾਲਾ



**ਸ਼ਾਹਕੋਟ(ਗਿਆਨ ਸੈਦਪੁਰੀ)** ਆਬਾਦਕਾਰ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਕਾਮਰੇਡ ਵਰਿੰਦਰ ਕਾਲਾ ਨੇ ਸਰਕਾਰ ਕੋਲੋਂ ਮੰਗ ਕੀਤੀ ਹੈ ਬਰਬਾਦ ਹੋਈ ਕਣਕ ਦੇ ਮੁਆਵਜੇ ਦੀ ਤਰਜ 'ਤੇ ਖਰਾਬ ਹੋਈ ਆਲੂ ਦੀ ਫਸਲ ਦੀ ਸਪੈਸ਼ਲ ਗਿਰਦਾਵਰੀ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਬਹੁਤ ਥਾਵਾਂ 'ਤੇ ਆਲੂ ਦੀ ਖੜੀ ਫਸਲ ਤਾਂ ਖਰਾਬ ਹੋਈ ਹੈ, ਇਸ ਦੇ ਨਾਲ ਪੁੱਟੇ ਹੋਏ ਆਲੂਆਂ ਦੀ ਢੇਰੀਆਂ ਦਾ ਕਾਫੀ ਹਿੱਸਾ ਕਾਲਾ ਹੋ ਗਿਆ ਹੈ। ਆਲੂ ਉਤਪਾਦਕਾਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਅਗੇਤੀ ਮੱਕੀ ਦੀ ਫਸਲ ਵੀ ਮੀਂਹ ਨਾਲ ਨੁਕਸਾਨੀ ਗਈ ਹੈ। ਮੱਕੀ ਦੀ ਬਿਜਾਈ ਕਾਫੀ ਰਕਬੇ ਵਿੱਚ ਕੀਤੀ ਹੋਈ ਹੈ। ਪਛੇਤੀ ਮੱਕੀ ਦਾ ਤਾਂ ਬਚਾਅ ਹੈ ਪਰ ਅਗੇਤੀ ਮੱਕੀ ਡਿੱਗ ਗਈ ਹੈ। ਇਸ ਲਈ ਮੱਕੀ ਉਤਪਾਦਕਾਂ ਨੂੰ ਮਾਲੀ ਰਾਹਤ ਦਿੱਤੀ ਜਾਵੇ।

## ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਵਿਖੇ ਅਰਦਾਸ ਉਪਰੰਤ ਨਵੇਂ ਸੈਸ਼ਨ ਦੀ ਸ਼ੁਰੂਆਤ



**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਕਰਤਾਰਪੁਰ ਵਿਖੇ ਨਵੇਂ ਸੈਸ਼ਨ 2023 - 24 ਦੀ ਸ਼ੁਰੂਆਤ ਚੇਅਰਪਰਸਨ ਮੈਡਮ ਸੁਰਿੰਦਰ ਕੌਰ, ਡਾਕਟਰ ਚਰਨ ਸਿੰਘ ਅਤੇ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਦੀ ਅਗਵਾਈ ਹੇਠ ਅਰਦਾਸ ਉਪਰੰਤ ਕੀਤੀ ਗਈ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਪ੍ਰਿੰਸੀਪਲ ਮੈਡਮ ਨੇ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਹਮੇਸ਼ਾਂ ਪੜ੍ਹਾਈ ਪੂਰੀ ਮਿਹਨਤ ਅਤੇ ਲਗਨ ਨਾਲ ਕਰਕੇ ਆਪਣੇ ਮਾਂ ਬਾਪ ਅਤੇ ਸਕੂਲ ਦਾ ਨਾਂਅ ਰੌਸ਼ਨ ਕਰਨਾ ਚਾਹੀਦਾ ਹੈ। ਇਸ ਮੌਕੇ ਡਾਕਟਰ ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਅਧਿਆਪਕ ਅਤੇ ਵਿਦਿਆਰਥੀ ਹਾਜਰ ਸਨ।

## ਪੀ ਸੀ ਐੱਮ ਐੱਸ ਡੀ ਕਾਲਜ ਵੱਲੋਂ 'ਹੱਕ ਦੀ ਕਮਾਈ' ਦੀ ਵੀਡੀਓ ਪੇਸ਼ਕਾਰੀ



**ਜਲੰਧਰ ( ਇਕਬਾਲ ਸਿੰਘ ਉੱਭੀ)** ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਦੇ ਗੁਰੂ ਨਾਨਕ ਸਟੱਡੀ ਸੈਂਟਰ ਵਲੋਂ ਗੁਰੂ ਨਾਨਕ ਦੇਵ ਜੀ ਦੀ ਸਾਖੀ " ਹੱਕ ਦੀ ਕਮਾਈ " ਦੀ ਪੇਸ਼ਕਾਰੀ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮਕਸਦ ਵਿਦਿਆਰਥਣਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨੈਤਿਕ ਜੀਵਨ ਸੰਬੰਧੀ ਦਿੱਤੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਉਣਾ ਸੀ। ਵਿਦਿਆਰਥਣਾਂ ਨੂੰ ਪ੍ਰੇਰਿਆ ਗਿਆ ਕਿ ਲੋਭ, ਲਾਲਚ ,ਹੰਕਾਰ ਤੋਂ ਨਿਰਲੇਪ ਰਹਿ ਕੇ ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਮਿਹਨਤ ਤੇ ਕਮਾਈ ਵਿੱਚ ਹੀ ਬਰਕਤ ਹੁੰਦੀ ਹੈ। ਇਸ ਪੇਸ਼ਕਾਰੀ ਨੂੰ ਵਿਦਿਆਰਥਣਾਂ ਨੇ ਬੜੀ ਸ਼ਰਧਾ ਅਤੇ ਲਗਨ ਨਾਲ ਵੇਖਿਆ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥਣਾਂ ਨੂੰ ਉਨ੍ਹਾਂ ਦੀ ਭਾਗੀਦਾਰੀ ਲਈ ਵਧਾਈ ਦਿੱਤੀ। ਉਨ੍ਹਾਂ ਨੇ ਪੰਜਾਬੀ ਵਿਭਾਗ ਦੇ ਅਜਿਹੇ ਸਮਾਗਮ ਕਰਵਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਇਸ ਮੁਕਾਬਲੇ ਦਾ ਆਯੋਜਨ ਗੁਰੂ ਨਾਨਕ ਸਟੱਡੀ ਸੈਂਟਰ ਦੇ ਮੈਂਬਰ ਡਾ. ਸਿਮਰਜੀਤ ਕੌਰ, ਡਾ.ਅੰਜੂ ਬਾਲਾ ਅਤੇ ਮੈਡਮ ਅਕਵਿੰਦਰ ਕੌਰ ਵਲੋਂ ਕੀਤਾ ਗਿਆ।

## *ਰਿਆਤ-ਬਾਹਰਾ ਨਰਸਿੰਗ ਕਾਲਜ 'ਚ ਫਰੈਸ਼ਰ ਪਾਰਟੀ*

**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**—ਨਵੇਂ ਸੈਸ਼ਨ ਦੌਰਾਨ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਰਿਆਤ ਬਾਹਰਾ ਨਰਸਿੰਗ ਕਾਲਜ ਵਿਖੇ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬੀ.ਐਸ.ਸੀ ਨਰਸਿੰਗ, ਪੋਸਟ ਬੇਸਿਕ ਨਰਸਿੰਗ ਅਤੇ ਸਰਟੀਫਿਕੇਟ ਕੋਰਸਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ: ਮੀਨਾਕਸ਼ੀ ਚੰਦ ਨੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਾਲਜ ਦੇ ਨਿਯਮਾਂ ਬਾਰੇ ਦੱਸਿਆ ਅਤੇ ਅਨੁਸ਼ਾਸਨ ਵਿਚ ਰਹਿਣ ਲਈ ਕਿਹਾ। ਵਿਦਿਆਰਥੀਆਂ ਨੇ ਫੈਸ਼ਨ ਸ਼ੋਅ ਤੋਂ ਇਲਾਵਾ ਗਿੱਧਾ, ਭੰਗੜਾ, ਸੋਲੋ ਡਾਂਸ, ਗੀਤ ਪੇਸ਼ ਕੀਤਾ। ਇਸ ਦੌਰਾਨ ਰਿੰਪੀ ਨੂੰ ਮਿਸ ਅਤੇ ਅਲੋਕਿਕ ਨੂੰ ਮਿਸਟਰ ਫਰੈਸ਼ਰ ਐਲਾਨਿਆ ਗਿਆ। ਇਸ ਮੌਕੇ ਡਾ: ਸੁਖਮੀਤ ਬੇਦੀ, ਪ੍ਰੋ: ਰਾਜਕਿਰਨ, ਪ੍ਰੋ: ਮਨਪ੍ਰੀਤ ਕੌਰ, ਪ੍ਰੋ: ਰਿਤਿਕਾ, ਸਾਹਿਲ ਅਤੇ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਕਾਮਰੇਡ ਸੁਨੀਤ ਚੋਪੜਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਨਵਾਂਸ਼ਹਿਰ ( ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ) )** : ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਪੱਧਰ ਦੇ ਜਾਇੰਟ ਸਕੱਤਰ ਰਹੇ ਕਾਮਰੇਡ ਸੁਨੀਤ ਚੋਪੜਾ ਦਾ ਦਿਹਾਂਤ ਹੋ ਗਿਆ, ਜੋ 82 ਵਰ੍ਹਿਆਂ ਦੇ ਸਨ। ਉਨ੍ਹਾਂ ਨੇ ਆਪਣਾ ਰਾਜਸੀ ਜੀਵਨ ਵਿਦਿਆਰਥੀ ਲਹਿਰ ਤੋਂ ਸ਼ੁਰੂ ਕੀਤਾ। ਉਹ ਐਸ ਐਫ ਆਈ ਦੇ ਕੌਮੀ ਆਗੂ ਰਹੇ। 1980 ਤੋਂ 1987 ਤੱਕ ਡੀ ਵਾਈ ਐਫ ਆਈ ਦੇ ਆਗੂ ਰਹੇ ਅਤੇ ਹੁਣ 10 ਵੀ ਕਲਕੱਤਾ ਵਿਖੇ ਹੋਈ ਕੌਮੀ ਕਾਨਫਰੰਸ ਦੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਕੇਂਦਰੀ ਆਗੂ ਸਨ। ਉਨ੍ਹਾਂ ਦੀ ਮੌਤ 'ਤੇ ਕੁੱਲ ਹਿੰਦ ਖੇਤ ਯੂਨੀਅਨ ਦੇ ਕੌਮੀ ਮੀਤ ਪ੍ਰਧਾਨ ਭੂਪ ਚੰਦ ਚੰਨੋ, ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ, ਸੂਬਾ ਜਨਰਲ ਸਕੱਤਰ ਗੁਰਮੇਸ਼ ਸਿੰਘ, ਜਾਇੰਟ ਸਕੱਤਰ ਮੇਲਾ ਸਿੰਘ ਰੁੜਕਾ, ਵਿੱਤ ਸਕੱਤਰ ਬਲਵੀਰ ਸਹਾਈ, ਜਾਇੰਟ ਸਕੱਤਰ ਜਸਵੀਰ ਝਬਾਲ, ਡਾ. ਵਿਜੇ ਪਾਲ ਘਨੌਰ, ਮੀਤ ਪ੍ਰਧਾਨ ਕੁਲਦੀਪ ਝਿੰਗੜ ਅਤੇ ਅਮੀ ਲਾਲ ਬਠਿੰਡਾ ਨੇ ਦੁੱਖ ਪ੍ਰਗਟ ਕੀਤਾ ਅਤੇ ਉਨਾਂ ਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

## *ਐੱਸ ਆਈ ਯਾਦਵਿੰਦਰ ਸਿੰਘ ਨੇ ਸੰਭਾਲਿਆ ਥਾਣੇ ਦਾ ਚਾਰਜ*



**ਆਦਮਪੁਰ ( ਪਰਮਜੀਤ ਸਿੰਘ )**:- ਆਦਮਪੁਰ ਦੇ ਨਵੇਂ ਥਾਣਾ ਮੁੱਖੀ ਯਾਦਵਿੰਦਰ ਸਿੰਘ ਨੇ ਚਾਰਜ ਸੰਭਾਲ ਲਿਆ ਹੈ। ਉਹ ਸੀ.ਆਈ.ਏ ਸਟਾਫ ਫਗਵਾੜਾ ਤੋਂ ਆਏ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸ਼ਾਂਤੀ ਭੰਗ ਕਰਨ ਵਾਲੇ ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ 'ਚ ਬਖਸ਼ਿਆ ਨਹੀਂ ਜਾਵੇਗਾ। ਪੁਲਸ ਤੇ ਪਬਲਿਕ ਦਾ ਨੂੰਹ ਮਾਸ ਦਾ ਰਿਸ਼ਤਾ ਹੈ । ਇਸ ਲਈ ਉਹ ਹਮੇਸ਼ਾ ਸੱਚੀ ਇਤਲਾਹ ਦੇਣ ਤਾਂ ਜੋ ਪੁਲਸ ਉਨ੍ਹਾਂ ਦੀ ਮਦਦ ਕਰ ਸਕੇ।

## ਕੋਰੋਨਾ ਵਰਗੀ ਮਹਾਂਮਾਰੀ ਤੋਂ ਕਰੋ ਬਚਾਓ : ਡਾ. ਰਮਨ ਕੁਮਾਰ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ )** ਪਿਛਲੇ ਕੁੱਝ ਦਿਨਾਂ ਦੌਰਾਨ ਸੂਬੇ ਅੰਦਰ ਫਿਰ ਤੋਂ ਵੱਧ ਰਹੇ ਕਰੋਨਾ ਮਹਾਂਮਾਰੀ ਦੇ ਕੇਸਾਂ ਨੂੰ ਲੈ ਕੇ ਗੜ੍ਹਸ਼ੰਕਰ ਦੇ ਸਿਵਲ ਹਸਪਤਾਲ ਤੋਂ ਐਸ ਐਮ ਓ ਡਾਕਟਰ ਰਮਨ ਕੁਮਾਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਕੋਰੋਨਾ ਵਰਗੀ ਮਹਾਂਮਾਰੀ ਤੋਂ ਡਰਨ ਦੀ ਲੋੜ ਨਹੀਂ ਸੁਚੇਤ ਰਹਿਣ ਦੀ ਸਾਨੂੰ ਲੋੜ ਹੈ। ਕੋਰੋਨਾ ਕੇਸਾਂ ਦੇ ਇਸੇ ਵਾਧੇ ਨੂੰ ਦੇਖਦੇ ਹੋਏ ਲੋੜੀਂਦੇ ਕੰਟਰੋਲ ਤੇ ਰੋਕਥਾਮ ਦੇ ਉਪਾਅ ਕਰਨ ਜ਼ਰੂਰੀ ਹਨ ਕਿਉਂਕਿ ਕੋਰੋਨਾ ਮਹਾਂਮਾਰੀ ਅਜੇ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਹੈ। ਉਨ੍ਹਾਂ ਗੜ੍ਹਸ਼ੰਕਰ ਵਾਸੀਆਂ ਨੂੰ ਅਪੀਲ ਕੀਤੀ ਕਿ ਲੋਕ ਭੀੜ ਭਾੜ ਵਾਲੀਆਂ ਥਾਂਵਾਂ 'ਤੇ ਮਾਸਕ ਜ਼ਰੂਰ ਪਹਿਨਣ ਅਤੇ ਕੋਵਿਡ ਤੋਂ ਬਚਾਅ ਪ੍ਰਤੀ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਕੋਰੋਨਾ ਦੇ ਲੱਛਣ ਜਿਵੇਂ ਵਾਰ-ਵਾਰ ਖੰਘਣਾ, ਸਾਹ ਚੜ੍ਹਨਾ, ਗਲੇ ਵਿੱਚ ਖਰਾਸ਼, ਸੁਆਦ ਵਿੱਚ ਕਮੀ, ਬੁਖਾਰ ਜਾਂ ਠੰਡ ਲੱਗਣਾ, ਥਕਾਵਟ, ਮਾਸਪੇਸ਼ੀਆਂ ਜਾਂ ਸ਼ਰੀਰ ਵਿੱਚ ਦਰਦ ਆਦਿ ਹੋਣ 'ਤੇ ਆਪਣੇ ਨਜਦੀਕੀ ਸਿਹਤ ਕੇਂਦਰ ਜਾਂ ਸਿਵਲ ਹਸਪਤਾਲ ਗੜ੍ਹਸ਼ੰਕਰ ਨਾਲ ਬਿਨਾਂ ਕਿਸੇ ਡਰ ਤੋਂ ਸੰਪਰਕ ਕਰੋ। ਬੁਖਾਰ ਹੋਣ ਦੀ ਸੂਰਤ ਵਿੱਚ ਸਿਰਫ ਪੈਰਾਸਿਟਾਮੋਲ ਹੀ ਲਈ ਜਾਵੇ ਆਪਣੇ ਆਪ ਹੋਰ ਕੋਈ ਦਵਾਈ ਨਾ ਲਈ ਜਾਵੇ।

## ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ 8 ਦੀ ਜਨਰਲ ਕੌਂਸਲ 'ਚ ਸ਼ਮੂਲੀਅਤ ਕਰਨ ਦਾ ਫੈਸਲਾ




**ਫਿਲੌਰ (ਨਿਰਮਲ)**- ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੀ 8 ਅਪ੍ਰੈਲ ਨੂੰ ਬਰਨਾਲਾ ਵਿਖੇ ਕੀਤੀ ਜਾ ਰਹੀ ਜਨਰਲ ਕੌਂਸਲ ਵਿੱਚ ਭਾਰੀ ਸ਼ਮੂਲੀਅਤ ਕਰਨ ਲਈ ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਵੱਲੋਂ ਬਲਾਕ ਪ੍ਰਧਾਨਾਂ ਤੇ ਸਕੱਤਰਾਂ ਦੀਆਂ ਤਿਆਰੀ ਸਬੰਧੀ ਡਿਊਟੀਆਂ ਲਗਾਈਆਂ ਗਈਆਂ ਹਨ। ਇਸ ਸਮੇਂ ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਨੇ ਦੱਸਿਆ ਕਿ ਇਸ ਜਨਰਲ ਕੌਂਸਲ ਵਿੱਚ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਵਲੋਂ ਲੜੇ ਗਏ ਸੰਘਰਸ਼ਾਂ ਦਾ ਰੀਵਿਊ ਕੀਤਾ ਜਾਵੇਗਾ ਅਤੇ ਸਿੱਖਿਆ ਵਿਭਾਗ ਨੂੰ ਬਚਾਉਣ ਤੇ ਅਧਿਆਪਕਾਂ ਦੀਆਂ ਮੰਗਾਂ ਦੇ ਹੱਲ ਲਈ ਨਵੇਂ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ। ਇਸ ਸਮੇਂ ਫਿਰੋਜਪੁਰ ਤੋਂ ਤਰਨਤਾਰਨ ਜਾ ਰਹੇ ਸੜਕ ਦੁਰਘਟਨਾ ਵਿੱਚ ਮਾਰੇ ਗਏ ਅਧਿਆਪਕਾਂ ਦੀ ਮੌਤ 'ਤੇ ਜਿੱਥੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉੱਥੇ ਮੰਗ ਵੀ ਕੀਤੀ ਕਿ ਉਨ੍ਹਾਂ ਦੇ ਵਾਰਸਾਂ ਨੂੰ ਯੋਗ ਮੁਆਵਜਾ ਤੇ ਪਰਵਾਰਾਂ ਦੇ ਮੈਂਬਰਾਂ ਨੂੰ ਸਰਕਾਰੀ ਨੌਕਰੀ ਦੇਣ ਅਤੇ ਨੈਤਿਕਤਾ ਦੇ ਅਧਾਰ 'ਤੇ ਉਨ੍ਹਾਂ ਦੀਆਂ ਬਦਲੀਆਂ ਨੇੜੇ ਦੇ ਸਥਾਨਾਂ 'ਤੇ ਕਰਨ ਦੀ ਮੰਗ ਕੀਤੀ ਗਈ। ਇਸ ਸਮੇਂ ਐਕਟਿੰਗ ਸਕੱਤਰ ਸੁਖਵਿੰਦਰ ਸਿੰਘ ਮੱਕੜ,ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਪ੍ਰੈੱਸ ਸਕੱਤਰ ਰਗਜੀਤ ਸਿੰਘ, ਜੁਆਇੰਟ ਸਕੱਤਰ ਕੁਲਦੀਪ ਵਾਲੀਆ, ਜੁਆਇੰਟ ਵਿੱਤ ਸਕੱਤਰ ਨਿਰਮੋਲਕ ਸਿੰਘ ਹੀਰਾ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਤੀਰਥ ਸਿੰਘ ਬਾਸੀ, ਗੁਰਿੰਦਰ ਸਿੰਘ ਆਦਮਪੁਰ ਆਦਿ ਨੇ ਸਾਂਝੇ ਤੌਰ ਤੇ ਦੱਸਿਆ ਕਿ ਜ਼ਿਲ੍ਹੇ ਵਿੱਚ ਅਧਿਆਪਕਾਂ ਨੇ ਵੱਡੀ ਪੱਧਰ 'ਤੇ ਆਪਣਾ ਰੋਸ ਦਰਜ ਕਰਵਾਇਆ ਹੈ। ਅਧਿਆਪਕ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਗਰ ਸਰਕਾਰ ਨੇ ਅਧਿਆਪਕਾਂ ਦੀਆਂ ਮੰਗਾਂ ਪ੍ਰਤੀ ਆਪਣਾ ਵਤੀਰਾ ਨਾ ਬਦਲਿਆ ਤਾਂ ਜਥੇਬੰਦੀਆਂ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ।

## ਸ੍ਰੀ ਸ੍ਰੀ ਰਾਧਾ ਗੋਵਿੰਦ ਮੰਦਰ ਦੇ ਨਿਰਮਾਣ ਦਾ ਰੱਖਿਆ ਨੀਂਹ-ਪੱਥਰ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸ੍ਰੀ ਸ੍ਰੀ ਰਾਧਾ ਗੋਬਿੰਦ ਮੰਦਿਰ ਉੜਮੁੜ ਦੇ ਨਿਰਮਾਣ ਹੇਤੂ ਭੂਮੀ ਪੂਜਨ ਸ਼ੁਰੂ ਕਰਨ ਸੰਬੰਧੀ ਮੰਦਿਰ ਸੇਵਾਦਾਰ ਭਗਤਾਂ ਵੱਲੋਂ ਰਾਮ ਲੀਲਾ ਗਰਾਊਂਡ ਵਿਖੇ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਵਜੋਂ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਜਲੰਧਰ ਸੈਂਟਰਲ ਵਿਧਾਇਕ ਰਮਨ ਅਰੋੜਾ, ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ, ਸੁਖਵਿੰਦਰ ਸਿੰਘ ਅਰੋੜਾ, ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ, ਦੋਆਬਾ ਪ੍ਰਧਾਨ ਰਾਹੁਲ ਖੰਨਾ, ਸਾਬਕਾ ਕਮਿਸ਼ਨਰ ਪੰਜਾਬ ਲਖਵਿੰਦਰ ਸਿੰਘ ਲੱਖੀ, ਬਲਾਕ ਪ੍ਰਧਾਨ ਕੇਸਵ ਸੈਣੀ, ਅਤਵਾਰ ਸਿੰਘ ਪਲਾਚੱਕ, ਨਿਖਲੇਸ ਜਸਰਾ ਨੈਨੂ, ਸੋਨੂੰ ਖੰਨਾ, ਲਖਵਿੰਦਰ ਸਿੰਘ ਮੁਲਤਾਨੀ, ਮਨਜੀਤ ਸਿੰਘ ਦਸੂਹਾ, ਗੁਰਦੀਪ ਸਿੰਘ ਹੈਪੀ, ਸੰਘਾ ਟਾਂਡਾ, ਹਰਮੀਤ ਸਿੰਘ ਔਲਖ, ਪ੍ਰੇਮ ਪਡਵਾਲ, ਸੁਖਵਿੰਦਰ ਮੂਨਕ, ਦੇਵ ਸ਼ਰਮਾ, ਸਾਬਕਾ ਨਗਰ ਕੌਂਸਲ ਪ੍ਰਧਾਨ ਹਰਕ੍ਰਿਸ਼ਨ ਸੈਣੀ, ਸਮਾਜ ਸੇਵੀ ਦਵਿੰਦਰ ਸੈਣੀ ਬਿੱਲੂ, ਸਮਾਜ ਸੇਵੀ ਪੰਕਜ ਸਚਦੇਵਾ, ਸੁਰਿੰਦਰ ਭਾਟੀਆ, ਬਲਜੀਤ ਸੈਣੀ, ਵਿੱਕੀ ਮਹਿੰਦਰੂ, ਕਮਲ ਧੀਰ, ਵਿਕਾਸ ਮਦਾਨ, ਸੰਨੀ ਪੰਡਿਤ ਹਾਜਰ ਸਨ। ਵਿਧਾਇਕ ਰਾਜਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਹਰ ਧਰਮ ਦੇ ਧਾਰਮਿਕ ਸਮਾਗਮਾਂ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ ਅਤੇ ਆਦਰ ਸਤਿਕਾਰ ਕਰਨਾ ਚਾਹੀਦਾ ਹੈ। ਦੀਪਕ ਬਹਿਲ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਭਗਤਾਂ ਵੱਲੋਂ ਉੜਮੁੜ ਸ਼ਹਿਰ ਵਿਚ ਸ਼ੁਰੂ ਕੀਤਾ ਗਿਆ ਸ੍ਰੀ ਸ੍ਰੀ ਰਾਧਾ ਗੋਬਿਦ ਮੰਦਿਰ ਦਾ ਨਿਰਮਾਣ ਇਕ ਸ਼ਲਾਘਾਯੋਗ ਉਪਰਾਲਾ ਹੈ। ਇਸ ਉਪਰੰਤ ਆਏ ਹੋਏ ਮਹਿਮਾਨ ਭੂਮੀ ਪੂਜਾ ਸਥਾਨ 'ਤੇ ਨਤਮਸਤਕ ਹੋਏ। ਇਸ ਮੌਕੇ 'ਤੇ ਸੇਵਾਦਾਰ ਰਾਏ ਠਾਕੁਰ, ਰਾਜਿੰਦਰ ਕੁਮਾਰ, ਪੰਕਜ ਅਰੋੜਾ, ਨਵਨੀਤ ਬਹਿਲ, ਹੀਰਾ ਲਾਲ ਸ਼ਰਮਾ, ਵਿਨੋਦ ਹੈਪੀ, ਵਰਿੰਦਰ ਭਾਰਤੀ, ਯੋਗੇਸ ਸਚਦੇਵਾ, ਵਿਸ਼ਾਲ ਡੋਗਰਾ, ਰਕੇਸ਼ ਬਿੱਟੂ, ਰਾਮੇਸ਼ਵਰ, ਨਿਤਿਨ, ਸੰਨੀ ਵਰਮਾ ਅਤੇ ਹੋਰ ਸ਼ਰਧਾਲੂ ਹਾਜਰ ਸਨ।

## 240 ਨਸ਼ੀਲੀਆ ਗੋਲੀਆਂ ਸਮੇਤ ਗ੍ਰਿਫਤਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਸਰਤਾਜ ਸਿੰਘ ਚਾਹਲ ਆਈ ਪੀ ਐਸ, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸਰਬਜੀਤ ਸਿੰਘ ਬਾਹੀਆ ਐਸ.ਪੀ.(ਇੰਨਵੈਸਟੀਗੇਸ਼ਨ) ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਅਤੇ ਪਲਵਿੰਦਰ ਸਿੰਘ ਪੀ ਪੀ ਐਸ ਉਪ ਪੁਲਿਸ ਕਪਤਾਨ (ਸਿਟੀ) ਹੁਸ਼ਿਆਰਪੁਰ ਦੀ ਯੋਗ ਰਹਿਨੁਮਾਈ ਹੇਠ ਐਸ ਆਈ ਹਰਪ੍ਰੇਮ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਜਦੋਂ ਏ ਐਸ ਆਈ ਤਜਿੰਦਰ ਸਿੰਘ ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਕਰਦੇ ਪ੍ਰਭਾਤ ਚੌਕ ਤੋ ਗੋਰਮਿੰਟ ਕਾਲਜ ਵੱਲ ਨੂੰ ਜਾ ਰਹੇ ਸੀ ਤਾਂ ਸਾਹਮਣੇ ਇੱਕ ਨੌਜਵਾਨ ਸਕੂਟਰੀ ਨੰਬਰ ਵਬ- 07-ਅਠ-8719 ਰੰਗ ਚਿੱਟਾ 'ਤੇ ਬੈਠਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਸਕੂਟਰੀ ਨੂੰ ਯਕਦਮ ਪਿੱਛੇ ਨੂੰ ਮੋੜਨ ਲੱਗਾ ਜਿਸ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਜਿਸਨੇ ਆਪਣਾ ਨਾਂਅ ਸੰਜੀਵ ਕੁਮਾਰ ਪੁੱਤਰ ਸੁਦੇਸ਼ ਕੁਮਾਰ ਵਾਸੀ ਮਕਾਨ ਨੰਬਰ 815 ਗਲੀ ਨੰਬਰ 2 ਮੁਹੱਲਾ ਬਾਹਾਦਰਪੁਰ ਥਾਣਾ ਸਿਟੀ ਹਾਲ ਵਾਸੀ ਨਜਦੀਕ ਪਟਿਆਲ ਮੈਡੀਕਲ ਸਟੋਰ ਫਤਿਹਗੜ ਚੂੰਗੀ ਥਾਣਾ ਸਿਟੀ ਹੁਸ਼ਿਆਰਪੁਰ ਦੱਸਿਆ। ਉਕਤ ਵਿਅਕਤੀ ਪਾਸੋਂ 240 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ ਜਿਸ 'ਤੇ ਸੰਜੀਵ ਕੁਮਾਰ ਉਕਤ ਦੇ ਖਿਲਾਫ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਉਕਤ ਖਿਲਾਫ ਪਹਿਲਾਂ ਵੀ ਮੁਕੱਦਮਾ ਐਨ ਡੀ ਪੀ ਐਸ ਐਕਟ ਥਾਣਾ ਸਦਰ ਹੁਸ਼ਿਆਰਪੁਰ ਅਤੇ ਐਨ ਡੀ ਪੀ ਐਸ ਐਕਟ ਥਾਣਾ ਸਿਟੀ ਹੁਸ਼ਿਆਰਪੁਰ ਦਰਜ ਹਨ।

## ਗੁਰਮਤਿ ਸਮਾਗਮ ਦੌਰਾਨ ਲਗਾਇਆ ਅੱਖਾਂ ਦਾ ਫ੍ਰੀ ਕੈਂਪ

**ਫਗਵਾੜਾ (ਡਾ. ਰਮਨ)** ਪਵਿੱਤਰ ਅਸਥਾਨ ਮੀਰੀ-ਪੀਰੀ ਅਕਾਲ ਦਰਬਾਰ (ਵਿਦਿਆਲਾ) ਸਾਹਿਬ ਜੀ ਪਿੰਡ ਡੁਮੇਲੀ ਤਹਿਸੀਲ ਫਗਵਾੜਾ ਵਿਖੇ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨ ਪਾਉਣ ਦੀ ਖੁਸ਼ੀ ਵਿਚ ਬਾਬਾ ਬਲਵਿੰਦਰ ਸਿੰਘ ਡੁਮੇਲੀ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਤਿੰਨ ਰੋਜ਼ਾ ਸਾਲਾਨਾ ਗੁਰਮਤਿ ਸਮਾਗਮ ਦੌਰਾਨ ਅੱਖਾਂ ਦਾ ਫਰੀ ਚੈਕਅੱਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਇਸ ਤੋਂ ਪਹਿਲਾਂ ਸਵੇਰੇ ਅੰਮ੍ਰਿਤ ਸੰਚਾਰ ਹੋਇਆ ਅਤੇ ਵੱਡੀ ਗਿਣਤੀ 'ਚ ਸੰਗਤਾਂ ਨੇ ਖੰਡੇ ਬਾਟੇ ਦੀ ਪਹੁ ਛੱਕ ਕੇ ਰਹਿਤ ਮਰਯਾਦਾ 'ਚ ਰਹਿਣ ਦਾ ਪ੍ਰਣ ਲਿਆ। ਉਪਰੰਤ ਅੱਖਾਂ ਦੇ ਫਰੀ ਕੈਂਪ ਦਾ ਉਦਘਾਟਨ ਬਾਬਾ ਬਲਵਿੰਦਰ ਸਿੰਘ ਡੁਮੇਲੀ ਵਲੋਂ ਕੀਤਾ ਗਿਆ। ਕੈਂਪ ਦੌਰਾਨ ਆਕੂਲਸ ਅੱਖਾਂ ਦਾ ਹਸਪਤਾਲ ਮਾਡਲ ਟਾਊਨ ਰੋਡ ਜਲੰਧਰ ਤੋਂ ਪਹੁੰਚੇ ਡਾ. ਮਨਦੀਪ ਸੂਦ, ਡਾ. ਅਮਨਦੀਪ ਔਂਜਲਾ ਤੇ ਡਾ. ਰਮਨ ਭਗਤ ਦੀ ਅਗਵਾਈ ਹੇਠ ਮੈਡੀਕਲ ਟੀਮ ਨੇ ਕਰੀਬ 700 ਮਰੀਜਾਂ ਦੀਆਂ ਅੱਖਾਂ ਦਾ ਚੈਕਅੱਪ ਕਰਕੇ 450 ਲੋੜਵੰਦ ਮਰੀਜਾਂ ਨੂੰ ਐਨਕਾਂ ਭੇਂਟ ਕੀਤੀਆਂ ਅਤੇ 115 ਮਰੀਜਾਂ ਨੂੰ ਆਪ੍ਰੇਸ਼ਨ ਲਈ ਚੁਣਿਆ ਗਿਆ। ਲੋੜਵੰਦ ਮਰੀਜਾਂ ਨੂੰ ਦਵਾਈਆਂ ਵੀ ਫਰੀ ਦਿੱਤੀਆਂ ਗਈਆਂ। ਅੱਖਾਂ ਦੇ ਮਾਹਿਰ ਡਾਕਟਰਾਂ ਨੇ ਹਾਜਰੀਨ ਨੂੰ ਅੱਖਾਂ ਦੀ ਸੰਭਾਲ ਬਾਰੇ ਵਿਸਥਾਰ ਨਾਲ ਦੱਸਿਆ। ਸ਼ਾਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਦੀਵਾਨ ਸਜਾਏ ਗਏ।

## ਸੁਖਮਨੀ ਸਾਹਿਬ ਦਾ ਪਾਠ ਕਰਵਾ ਸੇਂਟ ਸੋਲਜਰ ਸਕੂਲ 'ਚ ਨਵੇਂ ਸੈਸ਼ਨ ਦੀ ਸ਼ੁਰੂਆਤ



**ਜਲੰਧਰ ( ਇਕਬਾਲ ਸਿੰਘ ਉੱਭੀ )** ਨਵੇਂ ਵਿੱਦਿਅਕ ਸੈਸ਼ਨ 2023-24 ਦੀ ਸ਼ੁਰੂਆਤ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ 'ਚ ਧਾਰਮਿਕ ਪ੍ਰੋਗਰਾਮ ਨਾਲ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਰੁਪਿੰਦਰ ਸਿੰਘ ਦੀ ਅਗਵਾਈ ਹੇਠ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪਿਆਂ ਨੇ ਵੀ ਸ਼ਿਰਕਤ ਕੀਤੀ। ਪਾਠੀ ਸਿੰਘ ਨੇ ਸੰਸਥਾ, ਸਟਾਫ਼ ਤੇ ਪਾੜ੍ਹਿਆਂ ਦੇ ਉੱਜਲ ਭਵਿੱਖ ਲਈ ਅਰਦਾਸ ਕੀਤੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਨਾਲ ਜੋੜਿਆ। ਸਕੂਲ ਪ੍ਰਿੰਸੀਪਲ ਰੁਪਿੰਦਰ ਸਿੰਘ ਨੇ ਦੱਸਿਆ ਕਿ ਵਿੱਦਿਅਕ ਸੈਸ਼ਨ 2022-23 ਦੀਆਂ ਸਾਰੀਆਂ ਜਮਾਤਾਂ ਦਾ ਨਤੀਜਾ ਸ਼ਾਨਦਾਰ ਰਿਹਾ। ਉਨ੍ਹਾਂ ਨੇ ਸਾਰੇ ਬੱਚਿਆਂ ਨੂੰ ਪੜ੍ਹਾਈ 'ਚ ਚੰਗੇ ਪ੍ਰਦਰਸ਼ਨ ਲਈ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਨਵੀਆਂ ਉਚਾਈਆਂ ਛੂਹਣ ਤੇ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸੰਸਥਾ ਦਾ ਉਦੇਸ਼ ਵਿਦਿਆਰਥੀਆਂ ਦੀ ਰੋਲਰ ਕੋਸਟਰ ਰਾਈਡ ਨੂੰ ਖੁਸ਼ਹਾਲ, ਮਨੋਰੰਜਕ ਤੇ ਆਨੰਦਦਾਇਕ ਬਣਾਉਣਾ ਹੈ। ਧਾਰਮਿਕ ਪ੍ਰੋਗਰਾਮ ਦੇ ਅੰਤ 'ਚ ਸੰਗਤ ਨੂੰ ਪ੍ਰਸ਼ਾਦ ਵੰਡਿਆ ਗਿਆ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਨੇ ਸਹਿਯੋਗ ਦਿੱਤਾ।

# ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਸਾਲਾਨਾ ਸਮਾਰੋਹ





**ਆਦਮਪੁਰ (ਪਰਮਜੀਤ ਸਿੰਘ)**;-ਸਰਕਾਰੀ ਪ੍ਰਾਇਮਰੀ ਸਕੂਲ ਆਦਮਪੁਰ (ਮੁੰਡੇ) ਵਿਖੇ ਸਾਲਾਨਾ ਸਮਾਰੋਹ ਦਾ ਆਯੋਜਨ ਕੀਤਾ ਗਿਆ । ਮੁੱਖ ਮਹਿਮਾਨ ਵਜੋਂ ਮਨਮੋਹਨ ਸਿੰਘ ਬਾਬਾ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਰਣਜੀਤ ਸਿੰਘ ਪਹੁੰਚੇ। ਬਿਕਰਮ ਬੱਧਣ ਐਮ. ਸੀ . , ਕ੍ਰਿਸਨਾ ਮੈਡਮ ਐਮ. ਸੀ. , ਕਨੂ ਮੈਡਮ ਐਮ. ਸੀ. , ਰਿਟਾਇਰ ਅਧਿਆਪਕਾ ਜਸਵਿੰਦਰ ਕੌਰ , ਰਿਟਾਇਰ ਅਧਿਆਪਕ ਚਰਨਜੀਤ ਸਿੰਘ ਵੀ ਹਾਜਰ ਸਨ । ਇਸ ਮੌਕੇ 'ਤੇ ਸਾਲਾਨਾ ਨਤੀਜਾ ਵੀ ਘੋਸ਼ਿਤ ਕੀਤਾ ਗਿਆ । ਸਕੂਲ ਦਾ ਨਤੀਜਾ 100% ਰਿਹਾ ।

ਐਲ.ਕੇ.ਜੀ ਤੋਂ ਚੌਥੀ ਜਮਾਤ ਵਿੱਚ ਪਹਿਲੀ ,ਦੂਜੀ , ਤੀਜੀ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਮੈਰਿਟ ਸਰਟੀਫਿਕੇਟ ਅਤੇ ਮੈਡਲ ਨਾਲ ਸਨਮਾਨਿਤ ਕੀਤਾ ਗਿਆ । ਪ੍ਰਾਇਮਰੀ ਸਟੇਟ ਪੱਧਰੀ ਖੇਡਾਂ ਵਿੱਚ ਯੋਗਦਾਨ ਦੇਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਮੈਡਮ ਕਮਲਦੀਪ ਕੌਰ ਪਧਿਆਣਾ , ਸ਼ਿਵਰਾਜ ਸਿੰਘ ਢੰਡੋਰੀ , ਸੁਬੇਗ ਸਿੰਘ ਡਮੁੰਡਾ , ਬਲਵੀਰ ਸਿੰਘ ਕਠਾਰ , ਸੰਦੀਪ ਕੁਮਾਰ ਬੁਢਿਆਣਾ , ਅਰਸਦੀਪ ਸਿੰਘ ਚੁਖਿਆਰਾ , ਪਰਮਜੀਤ ਸਿੰਘ ਘੁੜਿਆਲ , ਸਾਹਿਬ ਸਿੰਘ ਜਲਪੋਤ , ਤਰਨਦੀਪ ਸਿੰਘ ਡਰੋਲੀ ਕਲਾਂ, ਸੰਦੀਪ ਸਿੰਘ ਆਦਮਪੁਰ , ਮੈਡਮ ਜਸਵਿੰਦਰ ਕੌਰ ਸੱਗਰਾਂ , ਇੰਦਰਜੀਤ ਸਿੰਘ ਸੱਗਰਾਂ , ਮੈਡਮ ਮਨਦੀਪ ਕੌਰ ਆਦਮਪੁਰ , ਮੈਡਮ ਕਾਂਤਾ ਕੁਮਾਰੀ ਆਦਮਪੁਰ , ਮੈਡਮ ਜਸਵੀਰ ਕੌਰ ਆਦਮਪੁਰ ਆਦਿ ਅਧਿਆਪਕਾਂ ਨੂੰ ਪ੍ਰਸੰਸਾ ਪੱਤਰ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ।

ਬੱਚਿਆਂ ਵੱਲੋਂ ਇਸ ਸਮਾਰੋਹ 'ਤੇ ਪੇਸ਼ਕਾਰੀ ਵੀ ਬਹੁਤ ਸ਼ਲਾਘਾਯੋਗ ਸੀ । ਸਟੇਜ ਨੂੰ ਸੰਦੀਪ ਸਿੰਘ ਵੱਲੋਂ ਬਹੁਤ ਵਧੀਆ ਢੰਗ ਨਾਲ ਸੰਭਾਲਿਆ ਗਿਆ।

## ਰਾਜੂ ਵਰਮਾ ਦੀ ਨਵੀਂ ਫਿਲਮ 'ਸਿੰਘ ਐਂਡ ਸਨਜ਼' ਦੀ ਸ਼ੂਟਿੰਗ ਮੁਕੰਮਲ



**ਮੋਹਾਲੀ, (ਗੁਰਜੀਤ ਬਿੱਲਾ)** ਪੰਜਾਬੀ ਫਿਲਮ ਇੰਡਸਟਰੀ 'ਚ ਫਿਲਮ ਲੇਖਕ,ਗਾਇਕ,ਗੀਤਕਾਰ ਵਜੋਂ ਜਾਣੇ ਜਾਂਦੇ ਰਾਜੂ ਵਰਮਾ ਦੀ ਇੱਕ ਹੋਰ ਕਾਮੇਡੀ ਭਰਪੂਰ ਅਤੇ ਪਰਵਾਰਕ ਫਿਲਮ 'ਸਿੰਘ ਐਂਡ ਸਨਜ' ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ। ਰਾਜੂ ਵਰਮਾ ਨੇ ਦੱਸਿਆ ਕਿ ਨਿਊਕਲਰ ਪ੍ਰੋਡਕਸ਼ਨ ਕੰਪਨੀ ਦੀ ਪੇਸ਼ਕਸ਼ ਇਸ ਫਿਲਮ ਦੀ ਜਿਆਦਾ ਸ਼ੂਟਿੰਗ ਕੈਨੇਡਾ ਵਿੱਚ ਹੋਈ ਹੈ ਅਤੇ ਫਿਲਮ ਦੇ ਕੁਝ ਸ਼ਾਟ ਪੰਜਾਬ ਵਿੱਚ ਲਏ ਗਏ ਹਨ। ਫਿਲਮ ਵਿੱਚ ਪ੍ਰਸਿੱਧ ਪੰਜਾਬੀ ਕਲਾਕਾਰ ਰੋਸ਼ਨ ਪ੍ਰਿੰਸ, ਸਰਬਜੀਤ ਚੀਮਾ, ਯੋਗਰਾਜ ਸਿੰਘ ਅਤੇ ਗੁਰਮੀਤ ਸਾਜਨ ਮੁੱਖ ਭੂਮਿਕਾ 'ਚ ਹਨ। ਇਹ ਫਿਲਮ ਡਾਇਰੈਕਟਰ ਪੰਕਜ਼ ਬੱਤਰਾ ਅਤੇ ਅਮਨ ਦੀ ਦੇਖ ਰੇਖ ਵਿੱਚ ਬਣਾਈ ਗਈ ਹੈ। ਫਿਲਮ ਵਿੱਚ ਨਵੇ ਉਭਰ ਰਹੇ ਕਲਾਕਾਰ ਸ਼ੈਲੀ ਸਿੱਧੂ, ਅਦਾਕਾਰ ਤਿਲਕ ਰਾਜ ਨੇ ਇਸ ਫਿਲਮ ਵਿੱਚ ਸਹਿ ਅਦਾਕਾਰ ਵੱਜੋਂ ਰੋਲ ਕਰਕੇ ਪੰਜਾਬੀ ਫਿਲਮੀ ਪਰਦੇ 'ਤੇ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ ਹੈ।ਵਰਮਾ ਨੇ ਦੱਸਿਆ ਕਿ ਇਕ ਹੋਰ ਨਵੀਂ ਫਿਲਮ 'ਬਿਨਾਂ ਬੈਂਡ ਚੱਲ ਇੰਗਲੈਂਡ' ਦੀ ਸ਼ੂਟਿੰਗ ਸ਼ੁਰੂ ਹੋ ਗਈ ਹੈ।

# 'ਆਪ' ਵੱਲੋਂ ਫਸਲ ਦੇ ਨੁਕਸਾਨ ਦਾ ਮੁਆਵਜ਼ਾ ਨਾਕਾਫੀ : ਚੌਧਰੀ



**ਫਿਲੌਰ (ਨਿਰਮਲ)**-ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਸੋਮਵਾਰ ਨੂੰ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤਾ ਜਾ ਰਿਹਾ ਉਨ੍ਹਾਂ ਦੀ ਫਸਲ ਦੇ ਨੁਕਸਾਨ ਦਾ ਮੁਆਵਜ਼ਾ ਨਾਕਾਫੀ ਹੈ ਅਤੇ ਸਰਕਾਰ ਆਪਣਾ ਵਾਅਦਾ ਪੂਰਾ ਕਰਨ 'ਚ ਅਸਫ਼ਲ ਰਹੀ ਹੈ। ਉਨ੍ਹਾ ਫਿਲੌਰ ਵਿਧਾਨ ਸਭਾ ਹਲਕੇ ਦੇ ਅੱਟੀ, ਫਲਪੋਤਾ ਤੇ ਧੁਲੇਤਾ ਪਿੰਡਾਂ ਦਾ ਦੌਰਾ ਕੀਤਾ ਅਤੇ ਕਿਸਾਨਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੁਸਕਿਲਾਂ ਸੁਣੀਆਂ। ਉਨ੍ਹਾ ਕਿਹਾ ਕਿ ਪੰਜਾਬ 'ਚ ਲਗਾਤਾਰ ਪੈ ਰਹੇ ਭਾਰੀ ਮੀਂਹ ਕਾਰਨ ਫਸਲਾਂ ਅਤੇ ਮਕਾਨਾਂ ਦਾ ਕਾਫੀ ਨੁਕਸਾਨ ਹੋਇਆ ਹੈ, ਪਰ ਏਨੇ ਨੁਕਸਾਨ ਦੇ ਬਾਵਜੂਦ 'ਆਪ' ਸਰਕਾਰ ਨੇ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਲਈ ਲੋੜੀਂਦੇ ਕਦਮ ਨਹੀਂ ਚੁੱਕੇ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਨੇ ਕਿਸਾਨਾਂ ਦੀ ਭਲਾਈ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ, ਪਰ ਹੁਣ 'ਅੰਨਦਾਤਾ' ਨੂੰ ਕੁਦਰਤ ਦੇ ਕਹਿਰ ਥੱਲੇ ਛੱਡਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਫਸਲਾਂ ਦੇ ਨੁਕਸਾਨ ਲਈ ਜਿੰਨਾ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਗਿਆ ਹੈ, ਉਹ ਕਾਫੀ ਨਹੀਂ ਹੈ ਅਤੇ ਹੋਰ ਮੁਆਵਜ਼ੇ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਪਿਛਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਵੱਲੋਂ ਕੀਤੇ ਗਏ ਵਾਅਦੇ ਨਾਲੋਂ ਇਹ ਮੁਆਵਜ਼ਾ ਬਹੁਤ ਘੱਟ ਹੈ। ਫਿਲੌਰ ਵਿਧਾਇਕ ਨੇ ਅੱਗੇ ਕਿਹਾ ਕਿ ਭਾਵੇਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿੱਚ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਸਨ, ਪਰ ਅਜੇ ਤੱਕ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਫਿਲੌਰ ਹਲਕੇ ਦੇ ਜ਼ਿਆਦਾਤਰ ਪਿੰਡਾਂ 'ਚ ਕੋਈ ਅਧਿਕਾਰੀ ਨਹੀਂ ਪਹੁੰਚਿਆ। ਵਿਧਾਇਕ ਚੌਧਰੀ ਨੇ ਕਿਹਾ ਕਿ ਕਿਸਾਨ ਪੰਜਾਬ ਦੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨਾ ਤੇ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ। ਵਿਧਾਇਕ ਚੌਧਰੀ ਨੇ 'ਆਪ' ਸਰਕਾਰ ਤੋਂ ਮੰਗ ਕੀਤੀ ਕਿ ਉਹ ਤੁਰੰਤ ਅਧਿਕਾਰੀਆਂ ਨੂੰ ਹਰ ਪਿੰਡ 'ਚ ਭੇਜ ਕੇ ਨੁਕਸਾਨੀ ਫ਼ਸਲ ਦੀ ਗਿਰਦਾਵਰੀ ਕਰਵਾਏ ਅਤੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਕਾਰਵਾਈ ਜਲਦ ਮੁਕੰਮਲ ਕਰੇ।

## ਮੋਹਤਬਰਾਂ ਦੀ ਹਾਜ਼ਰੀ 'ਚ ਹੋਵੇ ਨੁਕਸਾਨੀ ਫਸਲ ਦੀ ਗਿਰਦਾਵਰੀ - ਮੌਲੀ

**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )** ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਪ੍ਰੈਸ ਸਕੱਤਰ ਗੁਰਪਾਲ ਸਿੰਘ ਮੌਲੀ ਨੇ ਫਗਵਾੜਾ ਸਬ-ਡਵੀਜਨ ਦੇ ਪਿੰਡਾਂ 'ਚ ਗਿਰਦਾਵਰੀ ਦਾ ਕੰਮ ਸ਼ੁਰੂ ਨਾ ਹੋਣ ਦੀ ਗੱਲ ਕਹੀ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕਿਸਾਨਾਂ ਨੂੰ ਬੇਮੌਸਮੀ ਬਰਸਾਤ ਨਾਲ ਫਸਲ ਦੇ ਹੋਏ ਨੁਕਸਾਨ ਦਾ ਮੁਆਵਜਾ ਵਿਸਾਖੀ ਤੱਕ ਦੇਣ ਦੀ ਗੱਲ ਕਰ ਰਹੇ ਹਨ ਪਰ ਸੱਚਾਈ ਤਾਂ ਇਹ ਹੈ ਕਿ ਸਰਕਾਰੀ ਹੁਕਮ ਦੇ ਬਾਵਜੂਦ ਫਗਵਾੜਾ 'ਚ ਹਾਲੇ ਗਿਰਦਾਵਰੀ ਦਾ ਕੰਮ ਵੀ ਸ਼ੁਰੂ ਨਹੀਂ ਹੋਇਆ ਹੈ। ਕਿਸਾਨ ਆਗੂ ਨੇ ਪੰਜਾਬ ਸਰਕਾਰ ਵਲੋਂ 70 ਫੀਸਦੀ ਤੋਂ ਵੱਧ ਖਰਾਬ ਹੋਈ ਫਸਲ ਦੇ ਮੁਆਵਜੇ ਵਜੋਂ ਪੰਦਰਾਂ ਹਜਾਰ ਰੁਪਏ ਪ੍ਰਤੀ ਏਕੜ ਦੇ ਐਲਾਨ ਨੂੰ ਵੀ ਨਾਕਾਫੀ ਦੱਸਿਆ ਅਤੇ ਕਿਹਾ ਕਿ ਇਸ ਰਕਮ ਨੂੰ ਵਧਾ ਕੇ 40 ਤੋਂ 50 ਹਜਾਰ ਰੁਪਏ ਕੀਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਆਰਥਿਕ ਨੁਕਸਾਨ ਅਤੇ ਕਰਜਿਆਂ ਤੋਂ ਬਚਾਇਆ ਸਕੇ। ਕਿਉਂਕਿ ਨੀਵਿਆਂ ਇਲਾਕਿਆਂ 'ਚ ਸੌ ਫੀਸਦੀ ਫਸਲ ਇਸ ਬੇਮੌਸਮੀ ਬਰਸਾਤ ਵਿਚ ਨੁਕਸਾਨੀ ਜਾ ਚੁੱਕੀ ਹੈ।

ਇਸ ਤੋਂ ਇਲਾਵਾ ਘੱਟ ਨੁਕਸਾਨ ਵਾਲੇ ਅਤੇ ਠੇਕੇ 'ਤੇ ਜਮੀਨ ਲੈ ਕੇ ਖੇਤੀ ਕਰਦੇ ਛੋਟੇ ਕਿਸਾਨਾਂ ਨੂੰ ਵੀ ਉਚਿਤ ਮੁਆਵਜੇ ਮੰਗ ਕਰਦਿਆਂ ਉਹਨਾਂ ਗਿਰਦਾਵਰੀ ਦਾ ਕੰਮ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਦੀ ਹਾਜਰੀ ਵਿਚ ਕਰਵਾਉਣ ਦੀ ਗੱਲ ਕੀਤੀ ਅਤੇ ਪੰਜਾਬ ਸਰਕਾਰ ਨੂੰ ਸਪੱਸ਼ਟ ਚੇਤਾਵਨੀ ਦਿੱਤੀ ਕਿ ਜੇਕਰ ਵਿਸਾਖੀ ਤੱਕ ਕਿਸਾਨਾਂ ਨੂੰ ਬਣਦਾ ਮੁਆਵਜਾ ਨਾ ਦਿੱਤਾ ਗਿਆ ਤਾਂ ਇਸ ਦਾ ਖਮਿਆਜਾ ਆਮ ਆਦਮੀ ਪਾਰਟੀ ਨੂੰ ਜਲੰਧਰ ਜਿਮਨੀ ਚੋਣ ਵਿਚ ਭੁਗਤਣਾ ਪਵੇਗਾ। ਉਹਨਾਂ ਫਗਵਾੜਾ ਇਲਾਕੇ 'ਚ ਸੱਤਾ ਧਿਰ ਦੇ ਕਿਸੇ ਵੀ ਸੀਨੀਅਰ ਆਗੂ ਵਲੋਂ ਕੁਦਰਤੀ ਆਫਤ ਦਾ ਸ਼ਿਕਾਰ ਬਣੇ ਕਿਸਾਨਾਂ ਦੀ ਸਾਰ ਨਾ ਲੈਣ ਦਾ ਦੋਸ਼ ਵੀ ਲਾਇਆ।

# ਬੇਲਾ ਕਾਲਜ ਵਿਖੇ 'ਐਕਸਪੈਰੀਮੈਂਟਲ ਫਿਜ਼ਿਕਸ' ਤੇ ਲੱਗੀ ਵਰਕਸ਼ਾਪ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ, ਫ਼ਿਜੀਕਲ ਸਾਇੰਸਜ਼ ਵਿਭਾਗ ਵੱਲੋਂ ਇੱਕ ਰੋਜ਼ਾ ਐਕਸਪੀਰੀਐਨਸ਼ਿਅਲ ਲਰਨਿੰਗ ਆਫ਼ 'ਮੈਗਨੇਟਿਕ ਫਲੈਕਸ ਡੈਂਸਟੀ' ਅਤੇ 'ਬੇਸਿਕ ਅੰਡਰਸਟੇਂਡਿੰਗ ਆਫ਼ ਲੇਜ਼ਰ' ਉੱਤੇ ਹੈਂਡਜ਼ ਆਨ ਟਰੇਨਿੰਗ ਵਰਕਸ਼ਾਪ ਕਰਾਈ। ਵਰਕਸ਼ਾਪ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਡਾ. ਜੇ.ਐਸ. ਸ਼ਾਹੀ ਨੇ ਮੁੱਖ ਬੁਲਾਰੇ ਵੱਜੋਂ ਸ਼ਿਰਕਤ ਕੀਤੀ। ਟਰੇਨਿੰਗ ਦੀ ਸ਼ੁਰੂਆਤ ਵਿੱਚ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਮੁੱਖ ਮਹਿਮਾਨ ਨੂੰ ਫਿਜ਼ਿਕਲ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਅਤੇ ਸਟਾਫ ਨਾਲ ਰੂ-ਬ-ਰੂ ਕਰਵਾਇਆ। ਇਸ ਤੋਂ ਬਾਅਦ ਡਾ. ਜੇ. ਐਸ. ਸ਼ਾਹੀ ਨੇ ਬਹੁਤ ਹੀ ਸਰਲ ਭਾਸ਼ਾ ਰਾਹੀਂ ਭੌਤਿਕ ਵਿਗਿਆਨ ਦੇ ਵਿੱਚ ਚੱਲ ਰਹੀਆਂ ਨਵੀਆਂ ਖੋਜਾਂ, ਤਕਨੀਕਾਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਅਤੇ ਵੱਖ-ਵੱਖ ਉਪਕਰਣਾਂ ਦੀ ਜਿਵੇਂ ਕਿ ਲੇਜ਼ਰ, ਜੀ ਐਮ ਕਾਊਂਟਰ, ਬਰਮੀਟਰੀ, ਬੀ-ਐੱਚ ਕਰਵ ਬਾਰੇ ਵਿਸਥਾਰ ਨਾਲ ਸਮਝਾਇਆ। ਟਰੇਨਿੰਗ ਦੇ ਅੰਤ ਵਿੱਚ ਉਹਨਾਂ ਨੇ ਵਿਦਿਆਰਥੀਆਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ ਅਤੇ ਉਹਨਾਂ ਨੂੰ ਅੱਗੇ ਲਈ ਵਿਗਿਆਨ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਵਰਕਸ਼ਾਪ ਵਿੱਚ ਬੀ.ਐਸ.ਸੀ ਕੰਪਿਊਟਰ ਸਾਇੰਸ ਅਤੇ ਨਾਨ-ਮੈਡੀਕਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਫ਼ਿਜੀਕਲ ਸਾਇੰਸਜ਼ ਦੇ ਮੁੱਖੀ ਪਰਮਿੰਦਰ ਕੌਰ ਨੇ ਉਹਨਾਂ ਦਾ ਜਾਣਕਾਰੀ ਭਰਪੂਰ ਰੌਚਕ ਤੇ ਸੇਧ ਦੇਣ ਵਾਲੇ ਸੈਸ਼ਨ ਲਈ ਧੰਨਵਾਦ ਵਿੱਅਕਤ ਕੀਤਾ। ਅੰਤ ਵਿੱਚ ਮੁੱਖ ਮਹਿਮਾਨ ਨੂੰ ਪ੍ਰਿੰਸੀਪਲ ਅਤੇ ਫ਼ਿਜੀਕਲ ਸਾਇੰਸਜ਼ ਸਟਾਫ਼ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਫ਼ਿਜੀਕਲ ਸਾਇੰਸਜ਼ ਵਿਭਾਗ ਦੇ ਸਹਾਇਕ ਪ੍ਰੋ. ਹਿਮਾਨੀ ਸੈਣੀ, ਸਹਾਇਕ ਪ੍ਰੋ. ਪੂਜਾ, ਸਹਾਇਕ ਪ੍ਰੋ.ਨੇਹਾ ਚੌਹਾਨ, ਡਾ. ਦੀਪਿਕਾ ਸ਼ਾਮਲ ਸਨ।

61-April-PAGE- 9.qxd 4/5/2023 10:33 PM Page 1



# ਗੜ੍ਹਸ਼ੰਕਰ-ਨੰਗਲ ਮਾਰਗ ਦੀ ਹਾਲਤ ਬੇਮੌਸਮੀ ਮੀਂਹ ਨਾਲ ਹੋਈ ਹੋਰ ਬਦਤਰ



**ਮਾਹਿਲਪੁਰ (ਸਫਰੀ)** ਪਿਛਲੇ ਕਰੀਬ ਚਾਰ ਸਾਲ ਤੋਂ ਖਸਤਾ ਹਾਲਤ ਭੋਗ ਰਹੇ ਸਥਾਨਕ ਗੜ੍ਹਸ਼ੰਕਰ-ਨੰਗਲ ਮਾਰਗ ਦੀ ਹਾਲਤ ਬੇਮੌਸਮੀ ਮੀਂਹ ਨਾਲ ਹੋਰ ਬਦਤਰ ਹੋ ਗਈ ਹੈ ਜਿਸ ਕਰਕੇ ਇਸ ਮਾਰਗ ਤੋਂ ਲੰਘਣ ਵਾਲੇ ਰਾਹਗੀਰ ਅਤੇ ਆਲੇ ਦੁਆਲੇ ਦੇ ਕਰੀਬ 30 ਪਿੰਡਾਂ ਦੇ ਵਸਨੀਕ ਬੇਹੱਦ ਪ੍ਰੇਸ਼ਾਨ ਹਨ। ਦੱਸਣਯੋਗ ਹੈ ਕਿ ਇਸ ਸੜਕ ਦੇ ਨਵੀਨੀਕਰਨ ਕਰਨ ਦੀ ਮੰਗ ਨੂੰ ਲੈ ਕੇ ਸੂਬਾ ਸਰਕਾਰ ਖਿਲਾਫ ਵੱਖ ਵੱਖ ਪਾਰਟੀਆਂ ਅਤੇ ਸਥਾਨਕ ਪਿੰਡਾਂ ਦੇ ਵਸਨੀਕਾਂ ਵੱਲੋਂ ਅਨੇਕਾਂ ਧਰਨੇ ਮੁਜ਼ਾਹਰੇ ਕੀਤੇ ਜਾ ਚੁੱਕੇ ਹਨ ਅਤੇ ਸੜਕ ਦੇ ਨਿਰਮਾਣ ਸਬੰਧੀ ਹਲਕਾ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਸੜਕ ਦੇ ਨਿਰਮਾਣ ਕਾਰਜ ਸ਼ੁਰੂ ਕਰਨ ਸਬੰਧੀ ਰਸਮੀ ਉਦਘਾਟਨ ਵੀ ਕੀਤਾ ਗਿਆ ਸੀ ਪਰ ਵਿਕਾਸ ਕਾਰਜਾਂ ਦੀ ਢਿੱਲਮੱਠ ਕਾਰਨ ਲੋਕਾਂ ਵਿੱਚ ਸਰਕਾਰ ਵਿਰੁੱਧ ਰੋਸ ਦੀ ਭਾਵਨਾ ਵਧਦੀ ਜਾ ਰਹੀ ਹੈ। ਇਸ ਵੇਲੇ ਇਸ ਮਾਰਗ ਉਤੇ ਥਾਂ ਥਾਂ ਪਏ ਵੱਡੇ ਵੱਡੇ ਖੱਡੇ ਰੋਜ਼ਾਨਾ ਨੂੰ ਸੱਦਾ ਦੇ ਰਹੇ ਹਨ। ਨੇੜਲੇ ਇਲਾਕਿਆਂ ਵਿੱਚ ਚੱਲ ਰਹੇ ਨਜਾਇਜ਼ ਖਣਨ ਤੋਂ ਨਿਕਲਦੇ ਟਿੱਪਰਾਂ ਨੇ ਸੜਕ ਦੀ ਦਸ਼ਾ ਹੋਰ ਵਿਗਾੜ ਦਿੱਤੀ ਹੈ। ਦੱਸਣਾ ਬਣਦਾ ਹੈ ਕਿ ਬੀਤ ਦੇ ਕਰੀਬ 22 ਪਿੰਡਾਂ ਦੇ ਲੋਕਾਂ ਨੂੰ ਗੜ੍ਹਸ਼ੰਕਰ ਨਾਲ ਜੋੜਨ ਵਾਲੀ ਇਸ ਸੜਕ ਦੀ ਖਸਤਾ ਹਾਲਤ ਕਰਕੇ ਲੋਕਾਂ ਨੂੰ ਆਨੰਦਪੁਰ ਸਾਹਿਬ ਰੋਡ 'ਤੇ ਪੈਂਦੇ ਕਸਬਾ ਪੋਜੇਵਾਲ ਵੱਲੋਂ ਘੁੰਮ ਕੇ ਆਉਣਾ ਪੈਂਦਾ ਹੈ। ਬੀਤ ਦੇ ਲੋਕਾਂ ਅਨੁਸਾਰ ਇਲਾਕੇ ਵਿੱਚ ਸਿਹਤ ਸਹੂਲਤਾਂ ਨਦਾਰਦ ਹਨ ਤੇ ਮਰੀਜ਼ ਨੂੰ ਗੜ੍ਹਸ਼ੰਕਰ ਲਿਆਉਣਾ ਹੀ ਵੱਡੀ ਚੁਣੌਤੀ ਬਣਿਆ ਰਹਿੰਦਾ ਹੈ। ਜ਼ਿਕਰਯੋਗ ਹੈ ਇਹ ਸੜਕ ਪੰਜਾਬ ਤੇ ਹਿਮਾਚਲ ਦੋਹਾਂ ਰਾਜਾਂ ਨੂੰ ਵੀ ਆਪਸ ਵਿੱਚ ਜੋੜਨ ਤੇ ਪੰਜਾਬ ਤੋਂ ਹਿਮਾਚਲ ਦੇ ਧਾਰਮਿਕ ਸਥਾਨਾਂ ਵੱਲ ਜਾਣ ਦਾ ਸਭ ਤੋਂ ਸਸਤਾ ਤੇ ਸੌਖਾ ਮਾਰਗ ਹੈ। ਇਲਾਕੇ ਦੇ ਲੋਕਾਂ ਅਨੁਸਾਰ ਇਸ ਸੜਕ ਨੂੰ ਚੌੜਾ ਕਰਨ ਤੇ ਇਸਦੇ ਨਵੀਨੀਕਰਨ ਦੀ ਤੁਰੰਤ ਲੋੜ ਹੈ। ਬੀਜੇਪੀ ਪਾਰਟੀ ਤੋਂ ਮੈਡਮ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਨਜਾਇਜ ਖਣਨ ਨੇ ਸੜਕਾਂ ਦਾ ਨਾਸ ਕਰ ਦਿੱਤਾ ਹੈ। ਉਨਾਂ ਕਿਹਾ ਕਿ ਇਲਾਕੇ ਵਿੱਚ ਸੜਕਾਂ ਦੀ ਦੁਰਦਸ਼ਾ ਸਿੱਧ ਕਰਦੀ ਹੈ ਕਿ ਰਾਜ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਤੋਂ ਵੀ ਅਵਾਜ਼ਾਰ ਹੈ। ਇਸ ਬਾਰੇ ਲੋਕ ਨਿਰਮਾਣ ਵਿਭਾਗ ਦੇ ਐਸਡੀਓ ਬਲਿੰਦਰ ਸਿੰਘ ਨੇ ਕਿਹਾ ਕਿ ਸੜਕ ਦਾ ਨਿਰਮਾਣ ਕਾਰਜ ਮੀਂਹ ਨਾਲ ਪ੍ਰਭਾਵਿਤ ਹੋਇਆ ਹੈ ਤੇ ਜਲਦ ਹੀ ਜੰਗੀ ਪੱਧਰ 'ਤੇ ਕੰਮ ਸ਼ੁਰੂ ਕੀਤਾ ਜਾਵੇਗਾ।

# ਦੇਸੀ ਕੱਟੇ ਤੇ ਤਿੰਨ ਰੌਂਦਾਂ ਸਣੇ ਦੋ ਨੌਜਵਾਨ ਕਾਬੂ



**ਫਗਵਾੜਾ (ਇੰਦਰਜੀਤ ਸਿੰਘ ਮਠਾੜੂ),** ਸਿਟੀ ਪੁਲਸ ਨੇ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਇੱਕ ਦੇਸੀ ਕੱਟਾ ਤੇ ਜਿੰਦਾ ਰੌਂਦ ਬ੍ਰਾਮਦ ਕਰਕੇ ਇਨ੍ਹਾਂ ਖਿਲਾਫ ਧਾਰਾ 25-54-59 ਆਰਮਜ ਐਕਟ ਤਹਿਤ ਕੇਸ ਦਰਜ ਕੀਤਾ ਹੈ। ਐਸ.ਪੀ ਮੁਖਤਿਆਰ ਰਾਏ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਲਸ ਪਾਰਟੀ ਨੂੰ ਸੂਚਨਾ ਮਿਲੀ ਸੀ ਕਿ ਉਕਤ ਵਿਅਕਤੀ ਜੋ ਪਲਾਹੀ ਰੋਡ ਫਗਵਾੜਾ ਵਿਖੇ ਕਿਸੇ ਘਟਨਾ ਨੂੰ ਅੰਜਾਮ ਦੇਣ ਲਈ ਘੁੰਮ ਰਹੇ ਹਨ ਜਿਸ 'ਤੇ ਕਾਰਵਾਈ ਕਰਦਿਆਂ ਐਸ.ਐਚ.ਓ ਸਿਟੀ ਅਮਨਦੀਪ ਨਾਹਰ ਦੀ ਅਗਵਾਈ 'ਚ ਪੁਲਸ ਨੇ ਮੌਕੇ 'ਤੇ ਪੁੱਜ ਕੇ ਦੋ ਨੌਜਵਾਨਾਂ ਨੂੰ ਕਾਬੂ ਕੀਤਾ, ਜਿਨ੍ਹਾਂ ਪਾਸੋਂ ਕਿੱਟ 'ਚੋਂ ਇੱਕ ਦੇਸੀ ਕੱਟਾ 315 ਬੋਰ ਡਬਲ ਬੈਰਲ ਤੇ ਤਿੰਨ ਜਿੰਦਾ ਰੌਂਦ ਬ੍ਰਾਮਦ ਹੋਏ। ਕਾਬੂ ਕੀਤੇ ਨੌਜਵਾਨਾਂ ਦੀ ਪਛਾਣ ਰਾਹੁਲ ਸਹੋਤਾ ਉਰਫ ਖਾਨ ਪੁੱਤਰ ਸਤੀਸ਼ ਕੁਮਾਰ ਵਾਸੀ ਪਲਾਹੀ ਗੇਟ ਤੇ ਵਿਸ਼ਾਲ ਸਭਰਵਾਲ ਪੁੱਤਰ ਜੰਗ ਬਹਾਦਰ ਵਾਸੀ ਰਿਸ਼ੀ ਨਗਰ ਨਕੋਦਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਵਿਸ਼ਾਲ ਸਭਰਵਾਲ ਦੇ ਖਿਲਾਫ ਪਹਿਲਾ ਵੀ ਵੱਖ ਵੱਖ ਥਾਣਿਆਂ 'ਚ ਪੰਜ ਮੁਕੱਦਮੇ ਦਰਜ ਹਨ।

# ਜਲੰਧਰ ਜ਼ਿਮਨੀ ਚੋਣ- ਅਗਲੇ ਪੜਾਅ 'ਚ ਦਾਖਲ ਹੋਈ 'ਆਪ' ਦੀ ਚੋਣ ਪ੍ਰਚਾਰ ਮੁਹਿੰਮ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**–ਜਲੰਧਰ ਲੋਕ ਸਭਾ ਜ਼ਿਮਨੀ ਦੇ ਮੱਦੇਨਜ਼ਰ ਕਰਤਾਰਪੁਰ ਦੇ ਬਲਾਕ ਲਾਂਬੜਾ ਵਿਖੇ ਪਾਰਟੀ ਦਫਤਰ ਦਾ ਉਦਘਾਟਨ ਕਰਨ ਪਹੁੰਚੇ 'ਆਪ' ਦੀ ਪੰਜਾਬ ਇਕਾਈ ਦੇ ਜਰਨਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਚੋਣ ਪ੍ਰਚਾਰ ਦੀ ਮੁਹਿੰਮ ਨੂੰ ਅਗਲੇਰੇ ਪੜਾਅ ਵਿੱਚ ਲੈ ਕੇ ਜਾਣ ਦਾ ਐਲਾਨ ਕੀਤਾ ਤੇ ਕਿਹਾ ਕਿ ਇਹ ਜਿੱਤ 2024 ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਣ ਵਾਲੀ ਜਿੱਤ ਦਾ ਮੁੱਢ ਬੰਨ੍ਹੇਗੀ। ਇਸਦੇ ਨਾਲ ਹੀ ਉਨ੍ਹਾਂ ਹਲਕਾ ਕਰਤਾਰਪੁਰ ਤੋਂ 'ਆਪ' ਵਿਧਾਇਕ ਬਲਕਾਰ ਸਿੰਘ ਦੀ ਹਾਜ਼ਰੀ ਵਿੱਚ ਉਨ੍ਹਾਂ ਵੱਲੋਂ ਪਾਰਟੀ ਦੀ ਜਿੱਤ ਲਈ ਵਿੱਢੀ ਮੁਹਿੰਮ ਲਈ ਉਨ੍ਹਾਂ ਦੀ ਤਾਰੀਫ ਕੀਤੀ ਅਤੇ ਮੌਕੇ 'ਤੇ ਹਾਜ਼ਰ ਪਾਰਟੀ ਦੇ ਸਤਿਕਾਰਤ ਆਗੂ ਗੁਰਵਿੰਦਰ ਸਿੰਘ ਚੇਅਰਮੈਨ ਯੋਜਨਾ ਬੋਰਡ ਤਰਨ ਤਾਰਨ, ਬਲਾਕ ਪ੍ਰਧਾਨ ਜੁਝਾਰ ਸਿੰਘ , ਸੁਖਜਿੰਦਰ ਸਿੰਘ ਸੰਧੂ, ਯਾਦਵਿੰਦਰ ਸਿੰਘ, ਡਾ. ਮੋਹਿੰਦਰਜੀਤ ਸਿੰਘ ਮਾਰਵਾ ਸਮੇਤ ਸੈਂਕੜੇ ਪਾਰਟੀ ਵਰਕਰਾਂ ਨੂੰ ਘਰ-ਘਰ ਜਾ ਕੇ ਲੋਕਾਂ ਤੱਕ ਮਾਨ ਸਰਕਾਰ ਦੇ ਪੰਜਾਬ ਅਤੇ ਇਲਾਕੇ ਦੀ ਤਰੱਕੀ ਲਈ ਕੀਤੇ ਜਾ ਰਹੇ ਕਾਰਜਾਂ ਅਤੇ ਨੀਤੀਆਂ ਤੋਂ ਜਾਣੂੰ ਕਰਵਾਉਣ ਲਈ ਵੀ ਕਿਹਾ। ਬਰਸਟ ਨੇ ਕਿਹਾ ਕਿ 'ਆਪ' ਨੇ ਚੋਣਾਂ ਤੋਂ ਪਹਿਲਾਂ ਪੰਜਾਬੀਆਂ ਨਾਲ ਕੀਤਾ ਹਰ ਵਾਅਦਾ ਨਿਭਾਇਆ ਹੈ। ਪੰਜਾਬ ਦੇ ਤੀਹ ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਮਾਨ ਸਰਕਾਰ ਦੇ ਇੱਕ ਸਾਲ ਦੇ ਕਾਰਜਕਾਲ ਵਿੱਚ ਰੁਜਗਾਰ ਮਿਲ ਚੁੱਕਿਆ ਹੈ। 300 ਯੂਨਿਟ ਮੁਫਤ ਨਾਲ ਪੰਜਾਬੀਆਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ। ਭ੍ਰਿਸ਼ਟਾਚਾਰ ਨੂੰ ਨੱਥ ਪਈ ਹੈ।

ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦੇ ਤਬਾਹ ਕੀਤੇ ਪੰਜਾਬ ਦੀਆਂ ਮੁਸ਼ਕਿਲਾਂ ਬਹੁਤ ਹਨ। ਜਿੱਥੇ ਰੁਜਗਾਰ ਇੱਕ ਵੱਡਾ ਮੁੱਦਾ ਹੈ, ਉਥੇ ਸੂਬੇ ਦਾ ਸਿਹਤ ਢਾਂਚਾ, ਵਿੱਦਿਅਕ ਸਿਸਟਮ, ਪ੍ਰਸ਼ਾਸਨਿਕ ਅਦਾਰਿਆਂ ਦੇ ਕੰਮ ਵਿੱਚ ਪਾਰਦਰਸ਼ਤਾ ਆਦਿ ਵੀ ਵਿਕਾਸ ਦੇ ਰਾਹ ਵਿੱਚ ਵੱਡੀਆਂ ਰੁਕਾਵਟਾਂ ਹਨ ਅਤੇ ਇਨ੍ਹਾਂ ਦੇ ਹੱਲ ਲਈ ਮਾਨ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ।

# ਨਗਰ ਕੌਂਸਲ ਨੇ ਕੱਢਿਆ ਸਵੱਛਤਾ ਉਤਸਵ ਮਸ਼ਾਲ ਮਾਰਚ




**ਆਦਮਪੁਰ ( ਪਰਮਜੀਤ ਸਿੰਘ )** 4 ਅਪ੍ਰੈਲ - ਨਗਰ ਕੌਂਸਲ ਆਦਮਪੁਰ ਵੱਲੋਂ ਈ.ਓ ਰਾਮਜੀਤ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਵੱਛਤਾ ਉਤਸਵ ਮਿਸ਼ਾਲ ਮਾਰਚ ਕੱਢਿਆ ਗਿਆ। ਸੈਨੇਟਰੀ ਇੰਸਪੈਕਟਰ ਦਿਨੇਸ਼ ਕੁਮਾਰ, ਕਲਰਕ ਤਨੁਜ ਕੁਮਾਰ ਅਤੇ ਸੰਦੀਪ ਮੋਟੀਵੇਟਰ ਨੇ ਦੱਸਿਆ ਕਿ ਆਦਮਪੁਰ ਵਿੱਚ ਸ਼ਹਿਰ ਵਾਸੀਆਂ ਨੂੰ ਸਵੱਛ ਭਾਰਤ ਮੁਹਿੰਮ ਸਬੰਧੀ ਜਾਗਰੂਕ ਕਰਨ ਲਈ ਸਵੱਛਤਾ ਉਤਸਵ ਮਿਸ਼ਾਲ ਮਾਰਚ ਕੱਢਿਆ ਗਿਆ ਜੋ ਨਗਰ ਕੌਂਸਲ ਦਫਤਰ ਆਦਮਪੁਰ ਤੋਂ ਸ਼ੁਰੂ ਹੋ ਕੇ ਮੇਨ ਬਾਜ਼ਾਰ, ਮੇਨ ਰੋਡ ਆਦਮਪੁਰ ਤੋਂ ਵਾਪਸ ਦਫਤਰ ਆ ਕੇ ਸਮਾਪਤ ਹੋਇਆ। ਇਸ ਦੌਰਾਨ ਨਗਰ ਕੌਂਸਲ ਦੇ ਸਟਾਫ ਅਤੇ ਸਫਾਈ ਸੇਵਕਾਂ ਵੱਲੋਂ ਜਿੱਥੇ ਲੋਕਾਂ ਨੂੰ ਆਪਣੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਜਾਗਰੂਕ ਕੀਤਾ ਗਿਆ, ਉੱਥੇ ਹੀ ਸ਼ਹਿਰ ਵਾਸੀਆਂ ਨੇ ਆਪਣੇ ਆਲੇ-ਦੁਆਲੇ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਤਿਲਕ ਰਾਜ ਸਹੋਤਾ, ਮੰਗਾ, ਸੋਮਾ ਰਾਣੀ, ਸੁੱਖਾ ਆਦਮਪੁਰ, ਦੀਪਕ ਕੁਮਾਰ, ਬਿੱਟਾ ਸਹੋਤਾ, ਰਵੀ ਕੁਮਾਰ ਅਤੇ ਹੋਰ ਸਫਾਈ ਕਰਮਚਾਰੀ ਹਾਜ਼ਰ ਸਨ।

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ 'ਤੇ ਪੁੱਜਣਗੇ ਉੱਘੇ ਆਗੂ



**ਜਲੰਧਰ ( ਰਾਜੇਸ਼ ਥਾਪਾ )** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਨ 14 ਅਪ੍ਰੈਲ 2023 ਨੂੰ ਅੰਬੇਡਕਰ ਭਵਨ ਵਿਖੇ ਹਰ ਸਾਲ ਦੀ ਤਰ੍ਹਾਂ ਸ਼ਰਧਾ ਅਤੇ ਉਤਸਾਹ ਨਾਲ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਪ੍ਰੋਫੈਸਰ (ਡਾ.) ਰਤਨ ਸਿੰਘ ਪੀ.ਐਚ.ਡੀ., ਯੂਨੀਵਰਸਿਟੀ ਇੰਸਟੀਚਿਊਟ ਆਫ ਲੀਗਲ ਸਟੱਡੀਜ਼, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਮੁੱਖ ਮਹਿਮਾਨ ਅਤੇ ਡਾ. ਚਿਰੰਜੀ ਲਾਲ ਕੰਗਣੀਵਾਲ ਵਿਸ਼ੇਸ਼ ਮਹਿਮਾਨ ਵਜੋਂ ਪਧਾਰ ਰਹੇ ਹਨ। ਪ੍ਰਸਿੱਧ ਅੰਬੇਡਕਰਵਾਦੀ ਲਾਹੌਰੀ ਰਾਮ ਬਾਲੀ, ਡਾ. ਜੀ ਸੀ ਕੌਲ, ਜਸਵਿੰਦਰ ਵਰਿਆਣਾ ਅਤੇ ਹੋਰ ਵਿਦਵਾਨ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ ਸੰਘਰਸ਼ ਅਤੇ ਅੱਜ ਦੇ ਹਾਲਾਤ ਬਾਰੇ ਚਾਨਣਾ ਪਾਉਣਗੇ। ਉਨ੍ਹਾਂ ਨੇ ਕਿਹਾ ਕਿ ਬਹੁਤ ਹੀ ਵਧੀਆ ਨਾਟਕ 'ਲੱਛੂ ਕਬਾੜੀਆ' ਡਾ. ਸਾਹਿਬ ਸਿੰਘ ਦੁਆਰਾ ਪੇਸ ਕੀਤਾ ਜਾਵੇਗਾ ਅਤੇ ਬਾਬਾ ਸਾਹਿਬ ਦੇ ਮਿਸ਼ਨ ਨਾਲ ਸਬੰਧਤ ਗੀਤ ਜਗਤਾਰ ਵਰਿਆਣਵੀ ਅਤੇ ਪਾਰਟੀ ਪੇਸ਼ ਕਰਨਗੇ।

ਭਾਰਦਵਾਜ ਨੇ ਕਿਹਾ ਕਿ ਪੁਸਤਕਾਂ ਦੇ ਸਟਾਲ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ ਜਿਥੋਂ ਮਿਸ਼ਨਰੀ ਸਾਹਿਤ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਮੌਕੇ ਸੋਹਨ ਲਾਲ ਸਾਬਕਾ ਡੀ.ਪੀ.ਆਈ. (ਕਾਲਜਾਂ), ਲਾਹੌਰੀ ਰਾਮ ਬਾਲੀ, ਮੈਡਮ ਸੁਦੇਸ਼ ਕਲਿਆਣ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਤਿਲਕ ਰਾਜ, ਪ੍ਰੋ. ਬਲਬੀਰ, ਐਡਵੋਕੇਟ ਕੁਲਦੀਪ ਭੱਟੀ, ਵਿਨੋਦ ਕਲੇਰ, ਹਰਸਿਮਰਨ ਕੌਰ ਆਦਿ ਹਾਜ਼ਰ ਸਨ।

# ਪੰਜਾਬ ਜਲ ਸਰੋਤ ਇੰਪਲਾਈਜ ਯੂਨੀਅਨ ਦੀ ਪ੍ਰਬੰਧਕ ਨਿਰਦੇਸ਼ਕ ਨਾਲ ਹੋਈ ਮੀਟਿੰਗ 'ਚ ਅਹਿਮ ਫੈਸਲੇ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ )** ਪੰਜਾਬ ਜਲ ਸਰੋਤ ਇੰਪਲਾਈਜ ਯੂਨੀਅਨ ( ਟੇਵੂ ) ਪੰਜਾਬ ਦੀ ਮੀਟਿੰਗ ਪ੍ਰਬੰਧਕ ਨਿਰਦੇਸ਼ਕ ਨਾਲ ਉਹਨਾਂ ਵਲੋਂ ਜੱਥੇਬੰਦੀ ਨੂੰ ਦਿੱਤੇ ਲਿਖਤੀ ਸੱਦਾ ਪੱਤਰ 'ਤੇ ਉਹਨਾਂ ਦੇ ਦਫਤਰ ਵਿਖੇ ਹੋਈ । ਮੀਟਿੰਗ ਦੇ ਫੈਸਲੇ ਪ੍ਰੈਸ ਬਿਆਨ ਜਾਰੀ ਕਰਦਿਆਂ ਜੱਥੇਬੰਦੀ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਬਹੁਤ ਸਾਰੇ ਅਹਿਮ ਫੈਸਲੇ ਹੋਏ ਹਨ । ਫੈਸਲਿਆਂ ਦਾ ਜਿਕਰ ਕਰਦਿਆਂ ਉਹਨਾਂ ਦੱਸਿਆ ਕਿ ਵੱਖ - ਵੱਖ ਵਰਗਾਂ ਦੀਆਂ ਹੋਣਗੀਆਂ ਜਲਦ ਤਰੱਕੀਆਂ , ਰੋਸਟਰ ਸਬੰਧੀ ਮੌਕੇ 'ਤੇ ਹੀ ਤਿਆਰ ਕਰਕੇ ਸਬੰਧਤ ਵਿਭਾਗ ਨੂੰ ਪੱਤਰ ਭੇਜਿਆ ਗਿਆ ਅਤੇ 50 % ਕੋਟੇ ਸਬੰਧੀ ਵੀ ਮੌਕੇ 'ਤੇ ਪ੍ਰਮੁੱਖ ਸਕੱਤਰ ਨੂੰ ਪੱਤਰ ਭੇਜਿਆ ਗਿਆ, ਦਰਜਾ ਚਾਰ ਮੁਲਾਜ਼ਮਾਂ ਨੂੰ ਇਸ ਵਿੱਤੀ ਵਰ੍ਹੇ ਵਿੱਚ ਵਰਦੀਆਂ ਦੀ ਅਦਾਇਗੀ ਕੀਤੀ ਜਾਵੇਗੀ , ਪੈਨਸ਼ਨ ਸਬੰਧੀ ਨੂੰ ਪੈਰਾ 26 (6) ਸਬੰਧੀ ਪੱਤਰ ਭੇਜਿਆ ਜਾਵੇਗਾ , ਵਧੀ ਹੋਈ ਗ੍ਰੈਚੁਟੀ ਲਾਗੂ ਕਰਵਾਉਣ ਸਬੰਧੀ ਕੰਪਨੀ ਸੈਕਟਰ ਦੀ ਵਿੱਤ ਵਿਭਾਗ ਨਾਲ ਫਿਰ ਦੁਆਰਾ ਤਾਲਮੇਲ ਕਰਕੇ ਲਾਗੂ ਕਰਵਾਉਣ ਦੀ ਡਿਊਟੀ ਲਗਾਈ ਗਈ , ਵਿਭਾਗ ਅੰਦਰ ਵੱਖ - ਵੱਖ ਵਰਗਾਂ ਦੀਆਂ ਲੋੜੀਂਦੀਆਂ ਅਸਾਮੀਆ ਦੀ ਭਰਤੀ ਲਈ ਸਰਕਾਰ ਤੋਂ ਮਨਜ਼ੂਰੀ ਲਈ ਜਾਵੇਗੀ ਜਿਸ ਵਿੱਚ ਰੈਵਿਨਿਊ , ਡਰਾਇੰਗ ਤੇ ਡਰਾਇਵਰ ਕੇਡਰ ਨੂੰ ਪਹਿਲ ਦਿੱਤੀ ਜਾਵੇਗੀ , ਫੀਲਡ ਦਫਤਰਾਂ ਵਿੱਚ ਪਾਰਟ ਟਾਈਮ ਮੁਲਾਜਮ ਰੱਖਣ ਦੀ ਮੁੱਖ ਦਫਤਰ ਵਲੋਂ ਮਨਜ਼ੂਰੀ ਦਿੱਤੀ ਜਾਵੇਗੀ , ਫੀਲਡ ਦਫਤਰਾਂ ਵਿੱਚ ਪੈਨਡਿੰਗ ਵਕੀਲਾਂ ਦੀ ਫੀਸ ਦੀ ਅਦਾਇਗੀ ਕੀਤੀ ਜਾਵੇਗੀ , ਸਮੇਤ ਅਨੇਕਾਂ ਵਿਅਕਤੀਗਤ ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ । ਇਸ ਮੌਕੇ ਪ੍ਰਬੰਧਕ ਨਿਰਦੇਸ਼ਕ ਤੋਂ ਇਲਾਵਾ ਮੈਨੇਜਮੈਂਟ ਵਲੋਂ ਅਮਿਤ ਕੁਮਾਰ ਕੰਪਨੀ ਸੈਕਟਰੀ , ਆਸ਼ਾ ਰਾਣੀ ਸੁਪਰਡੈਂਟ ਪੀ - 1, ਮਨਕਵੱਲ ਸਿੰਘ ਸੁਪਰਡੈਂਟ , ਯੂਨੀਅਨ ਦੇ ਸੂਬਾ ਪ੍ਰਧਾਨ ਸਤੀਸ ਰਾਣਾ , ਵਿੱਤ ਸਕੱਤਰ ਅਮਿਤ ਕਟੋਚ , ਸੂਬਾਈ ਆਗੂ ਪ੍ਰਿਥੀ ਰੋਪੜ , ਕੁਲਦੀਪ ਕੌਰ , ਅਮਨਦੀਪ ਸਿੰਘ , ਗੁਰਪ੍ਰੀਤ ਗਿਲ ਆਦਿ ਅਗੂਆਂ ਤੋਂ ਇਲਾਵਾ ਵੱਖ - ਵੱਖ ਬ੍ਰਾਂਚਾਂ ਦੇ ਮੁੱਖੀ ਹਾਜਰ ਸਨ ।

# ਵਿਸਾਖੀ ਤੇ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਆਦਮਪੁਰ( ਪਰਮਜੀਤ ਸਿੰਘ ):-** - ਗੁਰਦਵਾਰਾ ਧੰਨ ਧੰਨ ਬਾਬਾ ਬੁੱਢਾ ਸਾਹਿਬ ਸਿੱਖ ਸੈਂਟਰ ਕਸਤੇਨੇਦਲੋ (ਬਰੇਸ਼ੀਆ) ਇਟਲੀ ਵਿਖੇ ਵਿਸਾਖੀ ਤੇ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰੂ ਦੇ ਪੰਜ ਪਿਆਰਿਆ ਦੀ ਦੇਖ ਰੇਖ ਹੇਠ ਸਜਾਇਆ ਗਿਆ। ਨਗਰ ਕੀਰਤਨ ਦੌਰਾਨ ਬਰੇਸ਼ੀਆ ਦੇ ਵੱਖ ਵੱਖ ਇਲਾਕਿਆ 'ਚੋਂ ਸੰਗਤਾਂ ਸ਼ਿਰਕਤ ਕਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਈਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰੀਕ ਸਿੰਘ,ਕੁਲਦੀਪ ਸਿੰਘ ਦੀਪਾ ਇਟਲੀ,ਹਰਗੁਰਸ਼ੇਰ ਸਿੰਘ ਸ਼ੇਰਾਂ ਇਟਲੀ ਨੇ ਦੱਸਿਆ ਕਿ ਨਗਰ ਕੀਰਤਨ ਆਰੰਭ ਹੋਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਪੰਥ ਦੇ ਮਹਾਨ ਰਾਗੀ ਢਾਡੀ ਜੱਥਿਆਂ ਨੇ ਕੀਰਤਨ ਤੇ ਢਾਡੀ ਵਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਦੁਪਹਿਰ 1 ਵਜੇ ਗੁਰਦੁਆਰਾ ਸਾਹਿਬ ਨਗਰ ਕੀਰਤਨ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਆਰੰਭ ਹੋਇਆ ਜੋ ਬਰੇਸ਼ੀਆ ਦੇ ਵੱਖ ਵੱਖ ਇਲਾਕਿਆਂ ਦੀ ਪਰਿਕਰਮਾ ਕਰਦਾ ਵਾਪਿਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦਾ ਸਵਾਗਤ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਕਰ ਤੇ ਵੱਖ ਵੱਖ ਤਰ੍ਹਾਂ ਦੇ ਲੰਗਰ ਲਗਾ ਕੇ ਕੀਤਾ ਗਿਆ। ਇਸ ਮੌਕੇ ਗੁਰੂ ਕੇ ਸਿੰਘਾਂ ਵਲੋਂ ਗਤਕੇ ਦੇ ਜੌਹਰ ਵੀ ਦਿਖਾਏ ਗਏ। ਪ੍ਰਬੰਧਕ ਕਮੇਟੀ ਵਲੋਂ ਨਗਰ ਕੀਰਤਨ 'ਚ ਸ਼ਿਰਕਤ ਕਰਨ ਵਾਲੇ ਪਤਵੰਤਿਆਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਮੇਜਰ ਸਿੰਘ,ਸੰਤੋਖ ਸਿੰਘ,ਲਾਲ ਸਿੰਘ,ਭੁਪਿੰਦਰ ਸਿੰਘ,ਬਿੱਲੂ ਮੋਤੀਚਰੀ,ਚਰਨਜੀਤ ਸਿੰਘ,ਗੁਰਨਾਮ ਸਿੰਘ,ਬਲਦੇਵ ਸਿੰਘ ਬੂਰੇਜੱਟਾ,ਆਂਚਲ ਮਿਨਹਾਸ,ਪ੍ਰਭਜੋਤ ਮਿਨਹਾਸ,ਕੁਲਜੀਤ ਕੌਰ ਤੇ ਹੋਰ ਪਤਵੰਤੇ ਹਾਜ਼ਰ ਸਨ।

# ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਖਿਲਾਫ ਭੰਡੀ ਪ੍ਰਚਾਰ ਨੂੰ ਬਰਦਾਸ਼ਤ ਨਹੀਂ ਕਰਾਂਗੇ- ਸਿੰਗੜੀਵਾਲਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਆਪਣੇ ਸਿਆਸੀ ਮੁਫਾਦਾਂ ਦੀ ਪੂਰਤੀ ਲਈ ਆਮ ਆਦਮੀ ਪਾਰਟੀ, ਕਾਂਗਰਸ, ਬੀਜੇਪੀ, ਅਕਾਲੀ ਦਲ ਬਾਦਲ ਅਤੇ ਕਮਿਊਨਿਸਟ ਜਥੇਬੰਦੀਆਂ ਦੇ ਆਗੂ ਸਿੱਖ ਕੌਮ ਅਤੇ ਪੰਜਾਬ ਦੇ ਹੱਕਾਂ ਦੀ ਅਵਾਜ਼ ਬੁਲੰਦ ਕਰਨ ਵਾਲੇ "ਵਾਰਸ ਪੰਜਾਬ ਦੇ" ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਕੇਂਦਰ ਸਰਕਾਰ ਦੀ ਮਿਲੀਭੁਗਤ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਝੂਠੇ ਪਰਚੇ ਦਰਜ ਕਰਨ ਤੋਂ ਬਾਅਦ ਉਨ੍ਹਾਂ ਨੂੰ ਬਦਨਾਮ ਕਰਨ ਲਈ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਸ ਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੀਤਾ। ਇਸ ਸਮੇਂ ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਭਾਈ ਸੰਦੀਪ ਸਿੰਘ ਦੀਪ ਸਿੱਧੂ ਦੀਆਂ ਕੋਸ਼ਿਸ਼ਾਂ ਸਦਕਾ ਹੋਂਦ ਵਿੱਚ ਆਈ ਜਥੇਬੰਦੀ "ਵਾਰਸ ਪੰਜਾਬ ਦੇ" ਨੇ ਪੰਜਾਬ ਦੇ ਲੋਕਾਂ ਅਤੇ ਖਾਸਕਰ ਨੌਜਵਾਨਾਂ ਦੇ ਦਿਲਾਂ ਅੰਦਰ ਖਾਸ ਜਗ੍ਹਾ ਬਣਾਈ ਪਰ ਭਾਈ ਸੰਦੀਪ ਸਿੰਘ ਸਿੱਧੂ ਦੀ ਹਕੂਮਤਾਂ ਵੱਲੋਂ ਸਾਜ਼ਸ਼ੀ ਹੱਤਿਆ ਤੋਂ ਬਾਅਦ ਜਥੇਬੰਦੀ ਦੇ ਨਵੇਂ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਨੇ ਦੁਬਈ ਤੋਂ ਆਪਣੇ ਸਾਰੇ ਸੁੱਖ ਆਰਾਮ ਛੱਡ ਕੇ ਪੰਜਾਬ ਦੇ ਲੋਕਾਂ ਅਤੇ ਸਿੱਖ ਨੌਜਵਾਨੀ ਜੋ ਕਿ ਨਸ਼ਿਆਂ ਦੀ ਦਲਦਲ ਵਿੱਚ ਫਸੀ ਹੋਈ ਸੀ, ਦੀ ਹੋਣੀ ਨੂੰ ਸੁਧਾਰਨ ਲਈ ਬਹੁਤ ਵੱਡੇ ਉਪਰਾਲੇ ਕੀਤੇ। ਜਿਸ ਨਾਲ ਪੰਜਾਬ ਦੇ ਲੋਕਾਂ ਅਤੇ ਸਿੱਖ ਨੌਜਵਾਨਾਂ ਦੇ ਦਿਲਾਂ ਵਿੱਚ ਖਾਸ ਜਗ੍ਹਾ ਬਣਾਈ ਉਨ੍ਹਾਂ ਸਤਿਕਾਰ ਪ੍ਰਾਪਤ ਕੀਤਾ ਜੋ ਕਿਸੇ ਵੀ ਅਖੌਤੀ ਪਾਰਟੀਆਂ ਦੇ ਲੀਡਰਾਂ ਨੂੰ ਪ੍ਰਾਪਤ ਨਹੀਂ ਹੋਇਆ।

ਜਿਸ ਤੋਂ ਘਬਰਾ ਕੇ ਭਗਵੰਤ ਮਾਨ ਸਰਕਾਰ ਨੇ ਕੇਂਦਰ ਹਕੂਮਤ ਨਾਲ ਮਿਲ ਕੇ ਉਨ੍ਹਾਂ ਖਿਲਾਫ਼ ਝੂਠੇ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਕੋਝੇ ਹਥਕੰਡੇ ਅਪਣਾਏ, ਪਰ ਭਾਈ ਅੰਮ੍ਰਿਤਪਾਲ ਸਿੰਘ ਉਹਨਾਂ ਦੇ ਘੇਰੇ ਵਿੱਚੋਂ ਨਿਕਲਣ ਵਿਚ ਸਫ਼ਲ ਰਹੇ, ਜਿਸ ਤੋਂ ਬੁਖ਼ਲਾਹਟ ਵਿੱਚ ਆ ਕੇ ਇਹ ਪਾਰਟੀਆਂ ਦੇ ਆਗੂ ਭਾਈ ਅੰਮ੍ਰਿਤਪਾਲ ਸਿੰਘ ਖਿਲਾਫ ਭੰਡੀ ਪ੍ਰਚਾਰ ਕਰ ਰਹੀਆਂ ਹਨ, ਜਿਸ ਨੂੰ ਪੰਜਾਬ ਦੇ ਜੁਝਾਰੂ ਲੋਕ ਅਤੇ ਸਿੱਖ ਨੌਜਵਾਨ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਇਨ੍ਹਾਂ ਪੰਜਾਬ ਵਿਰੋਧੀ ਸ਼ਕਤੀਆਂ ਦਾ ਮੂੰਹ ਤੋੜ ਜਵਾਬ ਦੇਣਗੇ।

# ਬਲਵਿੰਦਰ ਸਿੰਘ ਧਾਲੀਵਾਲ ਨੇ ਫਸਲਾਂ ਦੀ ਤਬਾਹੀ ਦਾ ਲਿਆ ਜਾਇਜ਼ਾ



**ਫਗਵਾੜਾ (ਡਾ. ਰਮਨ, ਢੱਡਾ)**-ਵਿਧਾਨ ਸਭਾ ਹਲਕਾ ਫਗਵਾੜਾ 'ਚ ਪਿਛਲੇ ਕਈ ਦਿਨਾਂ ਤੋਂ ਬੇਮੌਸਮੀ ਬਰਸਾਤ ਕਾਰਨ ਕਟਾਈ ਲਈ ਤਿਆਰ ਖੜ੍ਹੀ ਕਣਕ ਦੀ ਫਸਲ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਹਲਕੇ ਦੇ ਪੇਂਡੂ ਖੇਤਰਾਂ ਦਾ ਦੌਰਾ ਕੀਤਾ। ਪਿੰਡ ਢੱਡੇ, ਲੱਖਪੁਰ, ਰਾਵਲਪਿੰਡੀ ਤੇ ਰਾਮਪੁਰ ਸੁੰਨੜਾਂ ਦਾ ਦੌਰਾ ਕਰਨ ਸਮੇਂ ਗੱਲਬਾਤ ਦੌਰਾਨ ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੱਧ ਤੋਂ ਵੱਧ ਨੁਕਸਾਨ ਦੇ ਮਾਮਲੇ 'ਚ ਸਿਰਫ਼ 15 ਹਜ਼ਾਰ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਗਿਆ ਹੈ ਜੋ ਕਿ ਬਿਲਕੁਲ ਵੀ ਜਾਇਜ਼ ਨਹੀਂ। ਇਸ ਨੂੰ ਜ਼ਰੂਰਤ ਮੁਤਾਬਕ ਵਧਾਇਆ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਬੇਮੌਸਮੀ ਬਰਸਾਤ ਅਤੇ ਤੇਜ਼ ਹਵਾਵਾਂ ਨੇ ਫਸਲਾਂ ਦੀ ਭਾਰੀ ਤਬਾਹੀ ਕੀਤੀ ਹੈ, ਇਸ ਲਈ ਗਿਰਦਾਵਰੀ ਦਾ ਕੰਮ ਜਲਦੀ ਅਤੇ ਪੂਰੀ ਪਾਰਦਰਸ਼ਤਾ ਨਾਲ ਕਰਵਾ ਕੇ ਕਿਸਾਨਾਂ ਨੂੰ ਫਸਲ ਦੇ ਅਸਲ ਨੁਕਸਾਨ ਦੀ ਪੂਰਤੀ ਕੀਤੀ ਜਾਵੇ। ਵਿਧਾਇਕ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੀਆਂ ਮੁੱਖ ਤੌਰ 'ਤੇ ਦੋ ਫ਼ਸਲਾਂ ਕਣਕ ਅਤੇ ਝੋਨੇ ਦਾ ਨੁਕਸਾਨ ਕਿਸਾਨਾਂ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫੇਰ ਜਾਂਦਾ ਹੈ ਅਤੇ ਕਿਸਾਨ ਦਾ ਸਾਲ ਭਰ ਦਾ ਬਜਟ ਵਿਗੜ ਜਾਂਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਕੁਦਰਤੀ ਆਫਤ ਦਾ ਸ਼ਿਕਾਰ ਹੋਏ ਕਿਸਾਨਾਂ ਨੂੰ ਉਨ੍ਹਾਂ ਦੇ ਨੁਕਸਾਨ ਦੇ ਹਿਸਾਬ ਨਾਲ ਉਚਿਤ ਮੁਆਵਜ਼ਾ ਦਿੱਤਾ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਭਾਰੀ ਬਰਸਾਤ ਨਾਲ ਗਰੀਬ ਲੋਕਾਂ ਦੇ ਕੱਚੇ ਮਕਾਨਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ, ਜੋ ਕਈ ਵਾਰ ਫੌਰੀ ਤੌਰ 'ਤੇ ਨਜ਼ਰ ਨਹੀਂ ਆਉਂਦਾ। ਭਾਰੀ ਮੀਂਹ ਤੋਂ ਬਾਅਦ ਜਦੋਂ ਤੇਜ਼ ਧੁੱਪ ਨਿਕਲਦੀ ਹੈ ਤਾਂ ਕੱਚੇ ਅਤੇ ਕਮਜ਼ੋਰ ਘਰਾਂ ਦੀਆਂ ਛੱਤਾਂ ਅਤੇ ਕੰਧਾਂ ਵਿੱਚ ਤਰੇੜਾਂ ਪੈ ਜਾਂਦੀਆਂ ਹਨ। ਇਸ ਲਈ ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਅਜਿਹੇ ਮਾਮਲਿਆਂ ਨੂੰ ਵੀ ਧਿਆਨ 'ਚ ਰੱਖਦਿਆਂ ਉਚਿਤ ਮੁਆਵਜ਼ੇ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਕੋਈ ਵੀ ਗਰੀਬ ਵਿਅਕਤੀ ਕੁਦਰਤੀ ਆਫ਼ਤ ਸਮੇਂ ਮੁਆਵਜ਼ੇ ਦੇ ਹੱਕ ਤੋਂ ਵਾਂਝਾ ਨਾ ਰਹੇ। ਇਸ ਮੌਕੇ ਬਲਾਕ ਫਗਵਾੜਾ ਦਿਹਾਤੀ ਕਾਂਗਰਸ ਦੇ ਪ੍ਰਧਾਨ ਜਸਵੰਤ ਸਿੰਘ ਨੀਟਾ ਜਗਪਾਲਪੁਰ, ਬਲਾਕ ਸਮਿਤੀ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਮਾਰਕੀਟ ਕਮੇਟੀ ਫਗਵਾੜਾ ਦੇ ਸਾਬਕਾ ਉਪ ਚੇਅਰਮੈਨ ਜਗਜੀਵਨ ਲਾਲ ਖਲਵਾੜਾ, ਰਵੀ ਸਰਪੰਚ, ਨਿਰਮਲਜੀਤ ਸਿੰਘ ਹੈਪੀ ਸਰਪੰਚ, ਕੁਲਦੀਪ ਸਿੰਘ ਲੱਖਪੁਰ, ਰਤਨ ਸਿੰਘ ਢੱਡੇ, ਖੇਮਰਾਜ ਸਰਪੰਚ, ਰੂਪ ਲਾਲ, ਜੋਗਿੰਦਰ ਸਿੰਘ ਸਰਪੰਚ, ਸੁੱਖਾ ਰਾਮਪੁਰ ਸੁੰਨੜਾਂ, ਗੱਬਰੂ ਖੁਰਮਪੁਰ ਅਤੇ ਜਤਿੰਦਰ ਸਿੰਘ ਆਦਿ ਹਾਜ਼ਰ ਸਨ।

# ਐੱਸ ਟੀ ਐੱਸ ਵਰਲਡ ਸਕੂਲ 'ਚ ਨਵੇਂ ਸੈਸ਼ਨ ਦਾ ਸ਼ੁੱਭ ਆਰੰਭ



**ਗੁਰਾਇਆ (ਬਿੰਦਰ ਸੁਮਨ)**—ਐੱਸ. ਟੀ. ਐੱਸ. ਵਰਲਡ ਸਕੂਲ 'ਚ ਨਵੇਂ ਸੈਸ਼ਨ 2023-24 ਦਾ ਸ਼ੁੱਭ ਆਰੰਭ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਇਆ। ਇਸ ਮੌਕੇ ਸਕੂਲ ਦੇ ਚੇਅਰਪਰਸਨ ਮੈਡਮ ਮਾਲਤੀ ਸਕੂਲ ਦੇ ਪ੍ਰਿੰਸੀਪਲ ਪ੍ਰਭਜੋਤ ਕੌਰ ਗਿੱਲ ਸਕੂਲ ਦਾ ਸਟਾਫ ਤੇ ਹੋਰ ਮਹਿਮਾਨ ਹਾਜ਼ਰ ਸਨ। ਇਹ ਪਾਠ ਬੱਚਿਆਂ ਦੇ ਚੰਗੇ ਭਵਿੱਖ ਲਈ ਤੇ ਸਕੂਲ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਵਾਸਤੇ ਕਰਵਾਇਆ ਗਿਆ।

ਇਸ ਮੌਕੇ 'ਤੇ ਸਾਰੇ ਸਟਾਫ ਦੇ ਮੈਂਬਰਾਂ ਤੇ ਮਹਿਮਾਨਾਂ ਨੂੰ ਲੰਗਰ ਛਕਾਇਆ ਗਿਆ।

# ਸਕੂਲ ਨੂੰ ਕੰਪਿਊਟਰ ਕੀਤਾ ਦਾਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**— ਸਰਕਾਰੀ ਹਾਈ ਸਕੂਲ ਮਹਿੰਦਲੀ ਖੁਰਦ ਵਿਖੇ ਰੀਟਾਇਰਡ ਪ੍ਰਿੰਸੀਪਲ ਲੋਕੇਸ਼ ਮੋਹਨ ਸ਼ਰਮਾ ਵਲੋਂ ਕੰਪਿਊਟਰ ਦਾਨ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਬੱਚਿਆਂ ਦੇ ਵਧੀਆ ਭਵਿੱਖ ਲਈ ਇਹ ਜ਼ਰੂਰੀ ਹੈ ਕਿ ਕੰਪਿਊਟਰ ਦੀ ਸਿੱਖਿਆ ਦਿੱਤੀ ਜਾਵੇ। ਇਸ ਸਕੂਲ ਵਿੱਚ ਕੰਪਿਊਟਰ ਦੀ ਘਾਟ ਨੂੰ ਦੇਖਦਿਆਂ ਮੈਂ ਇਹ ਸੇਵਾ ਕੀਤੀ ਹੈ, ਜਿਸ ਦੀ ਮੈਨੂੰ ਬਹੁਤ ਖ਼ੁਸ਼ੀ ਹੋ ਰਹੀ ਹੈ। ਉਨ੍ਹਾਂ ਕਿਹਾ ਜੇਕਰ ਅਸੀਂ ਇਨ੍ਹਾਂ ਸਕੂਲਾਂ ਦੀ ਸੰਭਾਲ ਕਰ ਲਈ ਤਾਂ ਸਮਝੋ ਕਿ ਆਉਣ ਵਾਲਾ ਭਵਿੱਖ ਸਵਾਰਿਆ ਗਿਆ। ਇਸ ਮੌਕੇ ਸਕੂਲ ਦੇ ਸਟਾਫ ਮੈਂਬਰਾਂ ਹਰਵਿੰਦਰ ਸਿੰਘ,ਚੰਦਰ ਕਾਂਤ, ਬਲਜਿੰਦਰ ਸਿੰਘ, ਦਿਵਾਕਰ ਸਰਮਾ, ਸੁਖਵਿੰਦਰ ਸਿੰਘ, ਮੈਡਮ ਉਰਮਿਲਾ ਨੇ ਲੋਕੇਸ਼ ਮੋਹਨ ਸ਼ਰਮਾ ਦਾ ਤਹਿ ਦਿਲੋਂ ਧੰਨਵਾਦ ਕੀਤਾ।



# ਡਾ. ਜੰਗ ਬਹਾਦਰ ਸਿੰਘ ਰਾਏ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਬਣੇ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**— ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਖੇ ਸਿੱਖ ਐਜੂਕੇਸ਼ਨਲ ਕੌਂਸਲ ਦੇ 10 ਅਹੁਦੇਦਾਰਾਂ ਅਤੇ 37 ਮੈਨੇਜਿੰਗ ਕਮੇਟੀ ਮੈਂਬਰਾਂ ਦੀ ਚੋਣ ਰਿਟਰਨਿੰਗ ਅਫਸਰ ਐਡਵੋਕੇਟ ਮਨਿੰਦਰਪਾਲ ਸਿੰਘ ਦੀ ਦੇਖ ਰੇਖ 'ਚ ਹੋਈ। ਰਿਟਰਨਿੰਗ ਅਫਸਰ ਨੇ ਦੱਸਿਆ ਕਿ ਕੁੱਲ 340 ਵੋਟਾਂ ਚੋ 149 ਵੋਟਾਂ ਪੋਲ ਹੋਈਆ ਜਿਸ 'ਚ ਪ੍ਰਧਾਨਗੀ ਦੇ ਉਮੀਦਵਾਰ ਡਾ.ਜੰਗ ਬਹਾਦਰ ਸਿੰਘ ਰਾਏ 77 ਅਤੇ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੂੰ 70 ਵੋਟਾਂ ਮਿਲੀਆ ਜਦ ਕਿ 2 ਵੋਟਾਂ ਰੱਦ ਹੋਈਆਂ। ਸੀਨੀਅਰ ਮੀਤ ਪ੍ਰਧਾਨ ਲਈ ਗੁਰਪ੍ਰੀਤ ਸਿੰਘ ਬੈਂਸ ਨੂੰ 83 ਅਤੇ ਪਰਮਵੀਰ ਸਿੰਘ ਨੂੰ 63 ਵੋਟਾਂ ਜਦ ਕਿ 3 ਵੋਟਾਂ ਰੱਦ ਹੋਈਆਂ। ਜਨਰਲ ਸਕੱਤਰ ਲਈ ਪ੍ਰੋ.ਅਪਿੰਦਰ ਸਿੰਘ ਨੂੰ 73 ਅਤੇ ਗੁਰਿੰਦਰ ਸਿੰਘ ਬੈਂਸ ਨੂੰ 72 ਵੋਟਾਂ ਮਿਲੀਆਂ ਜਦ ਕਿ 4 ਵੋਟਾਂ ਰੱਦ ਹੋਈਆਂ ਅਤੇ ਮੀਤ ਸਕੱਤਰ ਲਈ ਸੁਰਿੰਦਰਪਾਲ ਸਿੰਘ ਨੂੰ 78 ਵੋਟਾਂ ਤੇ ਪ੍ਰੋ. ਕਮਲ 63 ਵੋਟਾਂ ਮਿਲੀਆਂ ਜਦ ਕਿ 8 ਵੋਟਾਂ ਰੱਦ ਹੋਈਆਂ। ਮੀਤ ਖਜਾਨਚੀ ਲਈ ਸੋਹਨ ਸਿੰਘ ਲਾਲੀ 78 ਤੇ ਪ੍ਰੋ. ਅਜੀਤ ਨੂੰ 65 ਵੋਟਾਂ ਮਿਲੀਆਂ ਜਦ ਕਿ 6 ਵੋਟਾਂ ਰੱਦ ਹੋਈਆਂ।

ਉਨ੍ਹਾਂ ਦੱਸਿਆ ਕਿ ਬਾਕੀ ਅਹੁਦਿਆਂ ਲਈ ਕੇਵਲ ਇਕ-ਇਕ ਉਮੀਦਵਾਰ ਹੀ ਅੱਗੇ ਆਇਆ ਜਿਸ ਕਰਕੇ ਇੰਦਰਜੀਤ ਸਿੰਘ ਭਾਰਟਾ ਨੂੰ ਮੈਨੇਜਰ, ਬਰਿੰਦਰ ਕੁਮਾਰ ਸ਼ਰਮਾ ਨੂੰ ਖਜਾਨਚੀ, ਅਮਰਦੀਪ ਸਿੰਘ ਬੈਂਸ ਨੂੰ ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਬੈਂਸ ਨੂੰ ਸਕੱਤਰ ਅਤੇ ਗੁਰਮੀਤ ਸਿੰਘ ਗਿੱਲ ਨੂੰ ਅਸਿਸਟੈਂਟ ਮੈਨੇਜਰ ਨਿਰਵਿਰੋਧ ਚੁਣ ਲਿਆ ਗਿਆ। ਉਨ੍ਹਾਂ ਦੱਸਿਆ ਕਿ 37 ਮੈਨੇਜਿੰਗ ਕਮੇਟੀ ਮੈਂਬਰਾਂ ਦੀ ਚੋਣ ਨਵੀਂ ਬਣੀ ਕਮੇਟੀ ਕਰੇਗੀ।

# ਵਿਕਾਸ ਨਗਰ ਵਾਸੀਆਂ ਨੇ ਫੂਕੇ ਜ਼ਿਲ੍ਹਾ ਪ੍ਰਸ਼ਾਸਨ ਤੇ ਅਧਿਕਾਰੀਆਂ ਦੇ ਪੁਤਲੇ

**ਨਵਾਂਸ਼ਹਿਰ, ਬਹਿਰਾਮ ( ਕੁਲਵਿੰਦਰ ਸਿੰਘ ਦੁਰਗਾ ਪੁਰੀਆ, ਅਵਤਾਰ ਕਲੇਰ)**—ਕੋਜੈਨਰੇਸ਼ਨ ਪਾਵਰ ਪਲਾਂਟ ਨਵਾਂਸ਼ਹਿਰ ਵਿਚੋਂ ਨਿਕਲ ਕੇ ਸ਼ਹਿਰ ਵਾਸੀਆਂ ਉੱਤੇ ਡਿੱਗ ਰਹੀ ਜਹਿਰੀਲੀ ਸੁਆਹ ਦੇ ਵਿਰੋਧ ਵਿੱਚ ਲੋਕ ਸੰਘਰਸ਼ ਮੰਚ ਦੀ ਅਗਵਾਈ ਵਿੱਚ ਵਿਕਾਸ ਨਗਰ ਵਾਸੀਆਂ ਨੇ ਸਲੋਹ ਰੋਡ ਨਵਾਂਸ਼ਹਿਰ ਵਿਖੇ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ, ਪਾਵਰ ਪਲਾਂਟ ਦੇ ਪ੍ਰਧਾਨ ਐਸ. ਬੰਦੋਉਪਾਧਿਆਏ ਅਤੇ ਸਹਿਕਾਰੀ ਖੰਡ ਮਿੱਲ ਨਵਾਂ ਸ਼ਹਿਰ ਦੇ ਜਨਰਲ ਮੈਨੇਜਰ ਸੁਰਿੰਦਰ ਕੁਮਾਰ ਦੇ ਪੁਤਲੇ ਫੂਕੇ। ਇਸ ਮੌਕੇ ਵਿਚਾਰ ਪੇਸ਼ ਕਰਦਿਆਂ ਮੰਚ ਦੇ ਕਨਵੀਨਰ ਜਸਬੀਰ ਦੀਪ, ਭਾਜਪਾ ਆਗੂ ਪੂਨਮ ਮਾਣਕ, ਮੰਚ ਦੇ ਆਗੂਆਂ ਜਰਨੈਲ ਸਿੰਘ ਖਾਲਸਾ, ਸੁਤੰਤਰ ਕੁਮਾਰ, ਮੁਕੰਦ ਲਾਲ, ਬਲਵੀਰ ਕੁਮਾਰ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਰਾਜ ਕੁਮਾਰ ਅਟਵਾਲ, ਸੁਭਾਸ਼ ਚੰਦਰ ਅਰੋੜਾ ਨੇ ਕਿਹਾ ਕਿ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਾ ਹੀ ਪਾਵਰ ਪਲਾਂਟ ਅਤੇ ਖੰਡ ਮਿੱਲ ਦੇ ਪ੍ਰਬੰਧਕਾਂ ਨੂੰ ਸ਼ਹਿਰ ਵਾਸੀਆਂ ਦੀ ਸਿਹਤ ਦੀ ਕੋਈ ਚਿੰਤਾ ਹੈ। ਪਾਵਰ ਪਲਾਂਟ ਦੀ ਜ਼ਹਿਰੀਲੀ ਸੁਆਹ ਸ਼ਹਿਰ ਵਾਸੀਆਂ ਨੂੰ ਭਿਆਨਕ ਬਿਮਾਰੀਆਂ ਵੰਡ ਰਹੀ ਹੈ ਪਰ ਇਸਦੇ ਲਈ ਜ਼ਿੰਮੇਵਾਰ ਅਧਿਕਾਰੀ ਤਮਾਸ਼ਬੀਨ ਬਣੇ ਹੋਏ ਹਨ। ਉਹਨਾਂ ਕਿਹਾ ਕਿ ਹਰ ਰੋਜ਼ ਇਹਨਾਂ ਅਧਿਕਾਰੀਆਂ ਦੇ ਪੁਤਲੇ ਫੂਕੇ ਜਾ ਰਹੇ ਹਨ। ਇਸ ਮੌਕੇ ਬਲਜਿੰਦਰ ਸਿੰਘ,ਹਰਭਜਨ ਸਿੰਘ ਵਿਕਾਸ ਨਗਰ ਮੱਖਣ ਸਿੰਘ, ਪਰਵੀਨ, ਸ਼ਮੀ, ਜੈਸਵੀਨ, ਸੁਰਿੰਦਰ ਬਘਾਣੀਆਂ ਅਤੇ ਹੋਰ ਸ਼ਹਿਰ ਵਾਸੀ ਵੀ ਮੌਜੂਦ ਸਨ।



# ਕੁਲਦੀਪ ਕੌਰ ਮੁੜ ਜ਼ਿਲ੍ਹਾ ਪ੍ਰਧਾਨ ਤੇ ਗੀਤਾ ਰਾਣੀ ਜਨਰਲ ਸਕੱਤਰ ਚੁਣੇ



**ਹੁਸ਼ਿਆਰਪੁਰ ( ਓ ਪੀ ਰਾਣਾ )** ਆਲ ਪੰਜਾਬ ਸੁਪਰਵਾਈਜਰ ਐਸੋਸੀਏਸ਼ਨ , ਜ਼ਿਲ੍ਹਾ ਹੁਸ਼ਿਆਰਪੁਰ ਦੀ ਜਨਰਲ ਬਾਡੀ ਮੀਟਿੰਗ ਜੱਥੇਬੰਦੀ ਦੀ ਸੂਬਾ ਜਨਰਲ ਸਕੱਤਰ ਸ਼੍ਰੀਮਤੀ ਪਰਵਿੰਦਰ ਕੌਰ ਦੀ ਨਿਗਰਾਨੀ ਹੇਠ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਹੋਈ । ਮੀਟਿੰਗ ਵਿੱਚ ਵੱਖ - ਵੱਖ ਸੀ.ਡੀ.ਪੀ.ਓ. ਬਲਾਕਾ ਤੋਂ ਸੁਪਰਵਾਈਜਰਾਂ ਨੇ ਸ਼ਮੂਲੀਅਤ ਕੀਤੀ । ਮੀਟਿੰਗ ਦੌਰਾਨ ਸੁਪਰਵਾਈਜਰਾਂ ਨੂੰ ਵਿਭਾਗ ਅੰਦਰ ਆ ਰਹੀਆਂ ਸਮੱਸਿਆਵਾਂ ਅਤੇ ਮੰਗਾਂ 'ਤੇ ਵਿਸਥਾਰ ਸਹਿਤ ਚਰਚਾ ਕੀਤੀ । ਇਸ ਸਮੇਂ ਉਹਨਾਂ ਮੰਗ ਕੀਤੀ ਕਿ ਪਰਖ ਕਾਲ ਦੇ ਸਮੇਂ ਦੌਰਾਨ ਪੂਰੀ ਤਨਖਾਹ ਭੱਤਿਆ ਸਮੇਤ ਦਿੱਤੀ ਜਾਵੇ ਅਤੇ ਪਰਖ ਕਾਲ ਦਾ ਸਮਾਂ ਪਹਿਲਾਂ ਵਾਂਗ ਇੱਕ ਸਾਲ ਕੀਤਾ ਜਾਵੇ , ਬਝਵਾਂ ਸਫਰੀ ਭੱਤਾ ਅਤੇ ਪੇਂਡੂ ਭੱਤਾ ਬਹਾਲ ਕੀਤਾ ਜਾਵੇ , ਸੁਪਰਵਾਈਜਰ ਅਤੇ ਸੀ.ਡੀ.ਪੀ.ਓ. ਦੀਆਂ ਖਤਮ ਕੀਤੀਆਂ ਪੋਸਟਾਂ ਬਹਾਲ ਕੀਤੀਆਂ ਜਾਣ , ਬਦਲੀਆਂ ਆਨਲਾਈਨ ਅਪਲਾਈ ਵਿਧੀ ਰਾਹੀਂ ਕੀਤੀਆਂ ਜਾਣ , ਸੁਪਰਵਾਈਜਰਾਂ ਦਾ ਦਫਤਰ ਅਤੇ ਫੀਲਡ ਦਾ ਸਮਾਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਗਰਮੀਆਂ ਨੂੰ 8.00 ਤੋਂ 3.00 ਸਰਦੀਆਂ ਨੂੰ 9.00 ਤੋਂ 4.00 ਅਨੁਸਾਰ ਨਿਸ਼ਚਿਤ ਕਰਕੇ ਡਿਊਟੀ ਲਈ ਜਾਵੇ , ਸਟੇਸ਼ਨਰੀ ਦਾ ਦਫਤਰ ਵਲੋਂ ਪ੍ਰਬੰਧ ਕੀਤਾ ਜਾਵੇ , ਦਫਤਰਾਂ ਅੰਦਰ ਪੂਰਾ ਸਤਿਕਾਰ ਦਿੱਤਾ ਜਾਵੇ , ਫੀਲਡ ਵਿੱਚੋਂ ਰਿਪੋਰਟ ਲੈਣ ਲਈ ਢੁਕਵਾਂ ਸਮਾਂ ਦਿੱਤਾ ਜਾਵੇ , ਯੋਗ ਸੁਪਰਵਾਈਜਰ ਨੂੰ ਤਿੰਨ ਮਹੀਨੇ ਅੰਦਰ ਬਤੌਰ ਸੀ.ਡੀ.ਪੀ.ਓ. ਪੱਦ ਉਨਤ ਕੀਤਾ ਜਾਵੇ । ਇਸ ਮੌਕੇ ਪੁਰਾਣੀ ਕਮੇਟੀ ਭੰਗ ਕਰਕੇ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ , ਜਿਸ ਵਿੱਚ ਕੁਲਦੀਪ ਕੌਰ ਪ੍ਰਧਾਨ , ਸੰਦੀਪ ਕੌਰ ਸੀਨੀਅਰ ਮੀਤ ਪ੍ਰਧਾਨ , ਤੀਰਥ ਕੌਰ ਤੇ ਕਮਲਜੀਤ ਕੌਰ ਮੀਤ ਪ੍ਰਧਾਨ , ਗੀਤਾ ਰਾਣੀ ਜਨਰਲ ਸਕੱਤਰ , ਸੁਨੀਤਾ ਦੇਵੀ , ਬੇਵੀ ਰਾਣੀ ਤੇ ਸ਼ੁਕਲਾ ਦੇਵੀ ਸਹਾਇਕ ਸਕੱਤਰ , ਅਰਸ਼ਦੀਪ ਕੌਰ, ਗੀਤਾ ਰਾਣੀ ਤੇ ਰਾਜ ਰਾਣੀ ਜੱਥੇਬੰਦਕ ਸਕੱਤਰ , ਹਰਜਿੰਦਰ ਕੌਰ, ਸੀਮਾ ਤੇ ਦਲਜੀਤ ਕੌਰ ਪ੍ਰਚਾਰ ਸਕੱਤਰ , ਰਜਿੰਦਰ ਕੌਰ ਵਿੱਤ ਸਕੱਤਰ , ਮਹੇਸ਼ ਕੁਮਾਰੀ ਸਹਾਇਕ ਵਿੱਤ ਸਕੱਤਰ , ਸ਼ਰਮੀਲਾ ਰਾਣੀ ਪ੍ਰੈਸ ਸਕੱਤਰ ਚੁਣੇ ਗਏ ।

# ਹਰਚਰਨ ਕੌਰ ਤੂਰ ਨੂੰ ਚੁਣਿਆ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ



**ਮੋਰਿੰਡਾ ( ਜੈਜੀ ਸਰਦਾਰ )** ਜ਼ਿਲ੍ਹਾ ਰੂਪਨਗਰ ਮਨੁੱਖੀ ਅਧਿਕਾਰ ਮੰਚ ਵੱਲੋਂ ਮੋਰਿੰਡਾ ਵਿਖੇ ਇਸਤਰੀ ਵਿੰਗ ਦੀ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਵਿੱਚ ਸੰਸਥਾ ਦੇ ਕੌਮੀ ਪ੍ਰਧਾਨ ਡਾਕਟਰ ਜਸਵੰਤ ਸਿੰਘ ਖੇੜਾ, ਕੌਮੀ ਕੋਆਰਡੀਨੇਟਰ ਗੁਰਕੀਰਤ ਸਿੰਘ ਖੇੜਾ ਅਤੇ ਦਵਿੰਦਰ ਬਾਰਟੀਆਂ ਕੌਮੀ ਚੇਅਰਮੈਨ ਪਹੁੰਚੇ ਹੋਏ ਸਨ। ਇਸ ਮੌਕੇ ਸੰਸਥਾ ਵੱਲੋਂ ਜ਼ਿਲ੍ਹਾ ਪੱਧਰੀ ਟੀਮ ਦਾ ਗਠਨ ਕੀਤਾ ਗਿਆ ਜਿਸ ਵਿਚ ਸੰਸਥਾ ਵੱਲੋਂ ਹਰਚਰਨ ਕੌਰ ਤੂਰ ਨੂੰ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ, ਜਸਪ੍ਰੀਤ ਕੌਰ ਨੂੰ ਜ਼ਿਲ੍ਹਾ ਚੇਅਰਪਰਸਨ ਇਸਤਰੀ ਵਿੰਗ, ਦਿਲਬਾਗ ਸਿੰਘ ਨੂੰ ਜ਼ਿਲ੍ਹਾ ਚੀਫ ਅਡਵਾਈਜਰ ਅਤੇ ਜਗਵਿੰਦਰ ਸਿੰਘ ਨੂੰ ਸੈਕਟਰੀ ਬਲਾਕ ਮੋਰਿੰਡਾ ਘੋਸ਼ਿਤ ਕੀਤਾ ਗਿਆ। ਡਾਕਟਰ ਖੇੜਾ ਨੇ ਕਿਹਾ ਕਿ ਸੰਸਥਾ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਅਤੇ ਸ਼ਹਿਰਾਂ ਦੇ ਮਹੱਲਿਆਂ ਵਿੱਚ ਜਾਗਰੂਕਤਾ ਮੀਟਿੰਗਾਂ ਕੀਤੀਆਂ ਜਾਣਗੀਆਂ ਜਿਨ੍ਹਾਂ ਵਿੱਚ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਹਰਚਰਨ ਕੌਰ ਨੇ ਕਿਹਾ ਕਿ ਜਲਦੀ ਹੀ ਸਕੂਲਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਨਮਾਨਿਤ ਕੀਤਾ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ ਜੱਲੋਵਾਲ, ਅਮਰ ਸਿੰਘ, ਸਤਨਾਮ ਕੌਰ, ਮਨਦੀਪ ਕੌਰ ਉਪ ਪ੍ਰਧਾਨ ਇਸਤਰੀ ਵਿੰਗ, ਅਮਰਵੀਰ ਵਰਮਾ,ਧਰਮ ਸਿੰਘ ਚੇਅਰਮੈਨ ਬਲਾਕ ਖੇੜਾ ਅਤੇ ਦਵਿੰਦਰ ਸਿੰਘ ਆਦਿ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# ਸੱਦਾ ਦੇ ਕੇ ਮੀਟਿੰਗ ਨਾ ਕਰਨ 'ਤੇ ਪੀ ਐੱਸ ਐੱਸ ਐੱਸ ਵੱਲੋਂ ਪੁਰਜ਼ੋਰ ਸ਼ਬਦਾਂ 'ਚ ਨਿੰਦਾ



**ਰੋਪੜ (ਬਿੰਦਰਾ)** ਪੀ ਐਸ ਐਸ ਐਸ (ਮੁੱਖ ਦਫਤਰ)1680-2220 ਚੰਡੀਗੜ੍ਹ ਦੀ ਇਕ ਮੀਟਿੰਗ ਰਣਜੀਤ ਸਿੰਘ ਰਾਣਵਾ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ 3 ਅਪ੍ਰੈਲ ਨੂੰ ਮੁੱਖ ਮੰਤਰੀ ਵੱਲੋਂ ਸਾਂਝੇ ਮੁਲਾਜਮ ਮੰਚ ਨੂੰ ਮੀਟਿੰਗ ਦਾ ਸਮਾਂ ਦੇ ਕੇ, ਮੀਟਿੰਗ ਨਾ ਕਰਨ ਦੀ ਪੁਰਜੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਚੇਤੇ ਰਹੇ ਕਿ 2022 ਵਿੱਚ ਚੋਣਾਂ ਸਮੇਂ ਆਮ ਆਦਮੀ ਪਾਰਟੀ ਵਲੋਂ ਮੁਲਾਜਮਾਂ ਦੀਆਂ ਮੰਗਾਂ ਸਰਕਾਰ ਬਣਨ ਤੇ ਤੁਰੰਤ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ। ਜਿਨ੍ਹਾਂ ਵਿਚ ਪੈਨਸਨਰਜ ਨੂੰ 2.45 ਦੀ ਥਾਂ 2.59 ਪੈਨਸਨ ਫਿਕਸ ਕਰਨ ਦਾ ਲਾਭ, ਅਤੇ ਵਰਗ ਨੂੰ 113%ਡੀਏ ਮਰਜ ਦੀ ਥਾਂ 119% । ਹਾਈਕੋਰਟ ਪੰਜਾਬ ਵਿੱਚ ਐਡਵੋਕੇਟ ਜਨਰਲ ਪੰਜਾਬ ਵਲੋਂ ਹਲਫੀਆ ਬਿਆਨ ਦਿੱਤਾ ਸੀ ਕਿ ਤਨਖਾਹ ਫਿਕਸ ਕਰਨ ਦਾ ਲਾਭ ਤਿੰਨ ਮਹੀਨੇ ਦੇ ਅੰਦਰ ਅੰਦਰ ਦਿਤਾ ਜਾਵੇ ਗਾ ਉਹ ਵੀ ਲਾਗੂ ਨਹੀਂ ਕੀਤਾ। ਡੀਏ ਜੋਕਿ 42% ਕੇਂਦਰ ਨੇ ਦੇ ਦਿੱਤਾ ਹੈ 8% ਪੰਜਾਬ ਸਰਕਾਰ ਨੇ ਹੁਣ ਤੱਕ ਲਾਗੂ ਨਹੀਂ ਕੀਤਾ। ਕੰਟਰੈਕਟ ਅਤੇ ਡੇਲੀਵੇਜ ਮੁਲਾਜਮਾਂ ਨੂੰ ਰੈਗੂਲਰ ਕਰਨ ਅਤੇ 01.0ਪੈਨਸਨ ਬਹਾਲੀ, ਵੱਖ ਵੱਖ ਮਹਿਕਮਿਆਂ ਵਿਚ ਖਾਲੀ ਅਸਾਮੀਆਂ ਲਈ ਭਰਤੀ ਨਹੀਂ ਕੀਤੀ ਗਈ। ਮੁੱਖ ਮੰਤਰੀ ਵਲੋਂ ਚੋਣਾਂ ਸਮੇਂ ਕੀਤੇ ਵਾਅਦੇ ਭੁੱਲ ਗਏ ਹਨ। ਸਾਂਝੇ ਫਰੰਟ ਨੂੰ ਮੀਟਿੰਗ ਲਈ ਸਮਾਂ ਦੇ ਕੇ ਵੀ ਮੀਟਿੰਗ ਨਾ ਕਰਨਾ ਮੁਲਾਜਮਾਂ ਦਾ ਅਪਮਾਨ ਹੈ। ਮੁਲਾਜਮਾਂ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਕਿ 23 ਅਪ੍ਰੈਲ ਨੂੰ ਆਦਮਪੁਰ,30 ਅਪ੍ਰੈਲ ਨੂੰ ਨਕੋਦਰ ਹਲਕਾ ਅਤੇ 7 ਮਈ ਨੂੰ ਜਲੰਧਰ ਹਲਕੇ ਵਿੱਚ ਵੱਡੀ ਗਿਣਤੀ ਵਿੱਚ ਮੁਲਾਜਮ ਵਰਗ ਰੈਲੀਆਂ ਅਤੇ ਮਾਰਚ ਕਰਕੇ ਪੰਜਾਬ ਸਰਕਾਰ ਨੂੰ ਕੀਤੇ ਵਾਅਦੇ ਯਾਦ ਕਰਵਾਉਣਗੇ । ਇਸ ਤੋਂ ਇਲਾਵਾ ਮਿਡ-ਡੇ-ਮੀਲ , ਆਸਾ ਵਰਕਰ, ਆਂਗਨਵਾੜੀ ਵਰਕਰਾਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ ਦੀ ਮੰਗ ਕੀਤੀ । ਮੀਟਿੰਗ ਵਿੱਚ ਸੂਬਾਈ ਆਗੂ ਦਰਸ਼ਨ ਸਿੰਘ ਲੁਬਾਣਾ, ਸੁਰਿੰਦਰ ਕੁਮਾਰ ਪੁਆਰੀ,ਚਰਨ ਸਿੰਘ ਸਰਾਭਾ, ਜਗਦੀਸ਼ ਸਿੰਘ ਚਾਹਲ, ਬਲਕਾਰ ਸਿੰਘ ਵਲਟੋਹਾ,ਪ੍ਰੇਮ ਚਾਵਲਾ, ਸੁਖਦੇਵ ਸਿੰਘ ਸੁਰਤਾਪੁਰੀ, ਗੁਰਮੇਲ ਸਿੰਘ ਮੈਡਲੇਅ, ਮਨਜੀਤ ਸਿੰਘ ਗਿੱਲ, ਸੁਰਿੰਦਰ ਸਿੰਘ ਲਹੌਰੀਆ,ਅਮਰੀਕ ਸਿੰਘ ਮਹਿਤਾ,ਟਹਿਲ ਸਿੰਘ ਸਰਾਭਾ ਤੋਂ ਇਲਾਵਾ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨ, ਸਕੱਤਰ ਅਤੇ। ਵੱਖ ਵੱਖ ਜਥੇਬੰਦੀਆਂ ਦੇ ਆਗੂ ਸ਼ਾਮਲ ਸਨ।

# ਬੇਮੌਸਮੀ ਬਾਰਸ਼ ਕਾਰਨ ਕਣਕ ਦੀ ਫਸਲ ਹੋਈ ਤਬਾਹ

## ਖੇਤਾਂ 'ਚ ਖੜ੍ਹੇ ਪਾਣੀ ਕਾਰਨ ਕਣਕ ਦੀ ਫਸਲ ਪੁੰਗਰੀ



**ਮੱਖੂ (ਰਛਪਾਲ ਸਿੰਘ ਸੰਧੂ)** : ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਹੋਈ ਕਣਕ ਦੀ ਫਸਲ ਜੋ ਪੱਕ ਕੇ ਕੱਟਣ ਦੇ ਕਿਨਾਰੇ 'ਤੇ ਹੈ, ਪਰ ਬੀਤੇ ਦਿਨੀਂ ਰੁਕ ਰੁਕ ਕੇ ਹੋਈ ਬੇਮੌਸਮੀ ਬਾਰਸ਼ ਤੇ ਤੇਜ਼ ਹਨੇਰੀ ਕਾਰਨ ਕਿਸਾਨਾਂ ਦੀ ਕਣਕ ਦੀ ਫਸਲ ਡਿੱਗ ਗਈ, ਜਿਸ ਕਾਰਨ ਕਿਸਾਨਾਂ ਦੀ ਕਣਕ ਦੀ ਫਸਲ ਦਾ ਕਾਫੀ ਨੁਕਸਾਨ ਹੋ ਗਿਆ। ਕਣਕ ਦੀ ਫਸਲ ਦੇ ਹੋਏ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਬਲਾਕ ਮੱਖੂ ਦੇ ਪਿੰਡ ਰੁਕਨੇ ਵਾਲਾ ਦੇ ਕਿਸਾਨ ਕਰਨੈਲ ਸਿੰਘ, ਸੌਦਾਗਰ ਸਿੰਘ, ਸਿਮਰਨਜੀਤ ਸਿੰਘ ਤੇ ਜੱਗੇਵਾਲਾ ਦੇ ਇਕਬਾਲ ਸਿੰਘ ਨੇ ਦੱਸਿਆ ਕਿ ਕਿਸਾਨਾਂ ਦੀ ਕਣਕ ਦੀ ਫਸਲ ਜੋ ਕਿ ਪੱਕ ਕੇ ਤਿਆਰ ਹੈ ਤੇ ਕੁੱਝ ਹੀ ਦਿਨਾਂ ਬਾਅਦ ਕਣਕ ਦੀ ਫਸਲ ਦੀ ਕਟਾਈ ਸ਼ੁਰੂ ਹੋ ਜਾਣੀ ਸੀ, ਪਰ ਪਿਛਲੇ ਦਿਨੀਂ ਰੁਕ ਰੁਕ ਕੇ ਹੋਈ ਬੇਮੌਸਮੀ ਬਾਰਸ਼ ਤੇ ਤੇਜ਼ ਹਨੇਰੀ ਨੇ ਕਿਸਾਨਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ, ਕਿਉਂਕਿ ਬੇਮੌਸਮੀ ਬਾਰਸ਼ ਕਾਰਨ ਤੇ ਤੇਜ਼ ਹਨੇਰੀ ਕਾਰਨ ਕਿਸਾਨਾਂ ਦੀ ਕਣਕ ਦੀ ਫਸਲ ਵਿਛ ਗਈ। ਖੇਤਾਂ ਵਿੱਚ ਵਿਛੀ ਹੋਈ ਕਣਕ ਦੀ ਫਸਲ ਦੇਖਣ ਨੂੰ ਸਹੀ ਲੱਗ ਰਹੀ ਹੈ, ਪਰ ਧਿਆਨ ਨਾਲ ਦੇਖਣ 'ਤੇ ਪਤਾ ਲੱਗਦਾ ਹੈ ਕਿ ਕਣਕ ਦੀ ਫਸਲ ਖੇਤਾਂ ਵਿੱਚ ਵਿਛ ਜਾਣ ਕਾਰਨ ਹੇਠਾਂ ਵਾਲੇ ਕਣਕ ਦੇ ਸਿੱਟੇ ਪੁੰਗਰ ਰਹੇ ਹਨ ਤੇ ਖੇਤਾਂ ਵਿੱਚ ਬਾਰਸ਼ ਦਾ ਪਾਣੀ ਖੜ੍ਹਾ ਹੋਣ ਕਾਰਨ ਕਣਕ ਦਾ ਦਾਣਾ ਖਰਾਬ ਹੋ ਰਿਹਾ ਹੈ, ਜਿਸ ਕਾਰਨ ਕਣਕ ਦੇ ਝਾੜ 'ਤੇ ਬਹੁਤ ਜ਼ਿਆਦਾ ਅਸਰ ਪਵੇਗਾ ਤੇ ਕਣਕ ਦਾ ਝਾੜ ਘੱਟ ਸਕਦਾ ਹੈ। ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਮੌਸਮੀ ਬਾਰਸ਼ ਕਾਰਨ ਕਿਸਾਨਾਂ ਦੀ ਖਰਾਬ ਹੋਈ ਕਣਕ ਦੀ ਫਸਲ ਦੀ ਗਿਰਦਾਵਰੀ ਜਲਦ ਤੋਂ ਜਲਦ ਕਰਵਾ ਕੇ ਕਿਸਾਨਾਂ ਦੀ ਖਰਾਬ ਹੋਈ ਫਸਲ ਦਾ ਮੁਆਵਜ਼ਾ ਦਿੱਤਾ ਜਾਵੇ।

# ਨੌਜਵਾਨ ਵੱਲੋਂ ਰੇਲ ਗੱਡੀ ਹੇਠ ਆ ਕੇ ਜੀਵਨ ਲੀਲ੍ਹਾ ਸਮਾਪਤ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪਿੰਡ ਜੇਠੂਕੇ ਦੇ ਰੇਲਵੇ ਸਟੇਸ਼ਨ ਦੇ ਨਜ਼ਦੀਕ ਦੇਰ ਰਾਤ ਇੱਕ ਨੌਜਵਾਨ ਵੱਲੋਂ ਰੇਲ ਗੱਡੀ ਥੱਲੇ ਆ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਮਿਲੀ ਜਾਣਕਾਰੀ ਅਨੁਸਾਰ ਸਹਾਰਾ ਸਮਾਜ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਨੇ ਦੱਸਿਆ ਕਿ ਸਾਨੂੰ ਰੇਲਵੇ ਚੌਕੀ ਤੋਂ ਇਤਲਾਹ ਮਿਲੀ ਕਿ ਪਿੰਡ ਜੇਠੂਕੇ ਦੇ ਰੇਲਵੇ ਸਟੇਸ਼ਨ ਦੇ ਨਜ਼ਦੀਕ ਇੱਕ ਨੌਜਵਾਨ ਦੀ ਕੱਟੀ ਹੋਈ ਲਾਸ਼ ਰੇਲਵੇ ਲਾਈਨ ਵਿਚਕਾਰ ਪਈ ਹੈ ਤਾਂ ਤੁਰੰਤ ਸਹਾਰਾ ਦੇ ਵਾਇਸ ਪ੍ਰਧਾਨ ਸੁਖਦੇਵ ਸਿੰਘ ਆਪਣੀ ਟੀਮ ਸਮੇਤ ਸੰਸਥਾ ਦੀ ਐਂਬੂਲੈਂਸ ਲੈ ਕੇ ਘਟਨਾ ਸਥਾਨ 'ਤੇ ਪਹੁੰਚੇ। ਲਾਸ਼ ਨੂੰ ਜੀ ਆਰ ਪੀ ਚੌਕੀ ਰਾਮਪੁਰਾ ਫੂਲ ਦੇ ਇੰਚਾਰਜ ਰਣਵੀਰ ਸਿੰਘ ਦੀ ਮੌਜੂਦਗੀ 'ਚ ਰੇਲਵੇ ਲਾਈਨ ਤੋਂ ਚੁੱਕ ਕੇ ਸਿਵਲ ਹਸਪਤਾਲ ਰਾਮਪੁਰਾ ਦੀ ਮੋਰਚਰੀ 'ਚ ਰੱਖਿਆ ਗਿਆ। ਸਵੇਰ ਹੋਣ 'ਤੇ ਪਰਵਾਰਕ ਮੈਂਬਰ ਮਿਲਣ 'ਤੇ ਮ੍ਰਿਤਕ ਨੌਜਵਾਨ ਦੀ ਪਛਾਣ ਸਰਬਜੀਤ ਸਿੰਘ ਉਮਰ 36 ਸਾਲ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਬੁਗਰ ਵਜੋਂ ਹੋਈ।

ਚੌਕੀ ਇੰਚਾਰਜ ਰਣਵੀਰ ਸਿੰਘ ਨੇ ਦੱਸਿਆ ਕਿ ਸਰਬਜੀਤ ਪਿਛਲੇ ਲੰਮੇ ਸਮੇਂ ਤੋਂ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਚੱਲ ਰਿਹਾ ਸੀ। ਉਨ੍ਹਾ ਕਿਹਾ ਕਿ ਪਰਵਾਰਕ ਮੈਂਬਰਾਂ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਪਰਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਗਈ ।

# ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦਾ ਇਜਲਾਸ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**- ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦਾ ਬਲਾਕ ਸੰਗਰੂਰ ਦਾ ਇਜਲਾਸ ਗੁਰਦੁਆਰਾ ਆਲੇ ਕੀ ਢਾਬ ਲੌਂਗੋਵਾਲ ਵਿਖੇ ਬਲਾਕ ਸੰਗਰੂਰ ਦੇ ਪਿੰਡਾਂ ਦਾ ਵੱਡਾ ਇਕੱਠ ਕਰਕੇ ਕੀਤਾ ਗਿਆ। ਅੱਜ ਦੇ ਇਜਲਾਸ 'ਚ ਜ਼ਿਲ੍ਹਾ ਸੰਗਰੂਰ ਦੀ ਅਡਹਾਕ ਕਮੇਟੀ ਮੈਂਬਰ ਹਾਜ਼ਰ ਹੋਏ । ਬੁਲਾਰਿਆਂ ਨੇ ਸੰਬੋਧਨ ਕਰਦਿਆਂ ਜਥੇਬੰਦੀ ਦੇ ਵਿਧਾਨ ਤੇ ਪ੍ਰਾਪਤੀਆਂ ਬਾਰੇ ਚਰਚਾ ਕੀਤੀ। ਆਉਣ ਵਾਲੇ ਸਮੇਂ 'ਚ ਜਥੇਬੰਦੀ ਸਾਹਮਣੇ ਕਿਹੜੇ ਕਾਰਜ ਹਨ, ਉਨ੍ਹਾਂ ਬਾਰੇ ਵੀ ਚਰਚਾ ਕੀਤੀ ਗਈ। ਮੀਂਹ ਨਾਲ ਫਸਲਾਂ ਦੇ ਹੋਏ ਭਾਰੀ ਨੁਕਸਾਨ ਦਾ ਪੰਜਾਬ ਸਰਕਾਰ ਨੂੰ ਜਲਦ ਤੋਂ ਜਲਦ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਕਿਸਾਨਾਂ ਨੂੰ ਦੇਣ ਲਈ ਕਿਹਾ। ਮੁਆਵਜ਼ਾ ਨਾ ਮਿਲਣ ਦੀ ਸੂਰਤ 'ਚ ਜਥੇਬੰਦੀ ਵੱਲੋਂ ਸੰਘਰਸ਼ ਕੀਤਾ ਜਾਵੇਗਾ। ਪਿੰਡਾਂ ਦੇ ਪ੍ਰਧਾਨ ਸਕੱਤਰਾਂ ਦੀ ਸਹਿਮਤੀ ਨਾਲ ਬਲਾਕ ਟੀਮ ਦੀ ਚੋਣ ਕੀਤੀ ਗਈ। ਬਲਾਕ ਪ੍ਰਧਾਨ ਦਰਵਾਰਾ ਲੋਹਾਖੇੜਾ, ਸੀਨੀ. ਮੀਤ ਪ੍ਰਧਾਨ ਧੰਨਾ ਦਿਆਲਗੜ੍ਹ, ਮੀਤ ਪ੍ਰਧਾਨ ਸੁਖਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਸਿੰਘ ਮੰਗਵਾਲ, ਖਜ਼ਾਨਚੀ ਸੁਖਦੇਵ ਸਿੰਘ ਕਿਲਾ ਭਰੀਆਂ, ਗੁਰਦੀਪ ਮੰਡੇਰ ਖੁਰਦ ਸਹਾਇਕ ਜਨਰਲ ਸਕੱਤਰ, ਬਾਰਾ ਮੰਗਵਾਲ ਪ੍ਰੈਸ ਸਕੱਤਰ, ਮੁਖਤਿਆਰ ਖੁਰਾਣਾ ਸੈਕਟਰੀ, ਅਮਰਜੀਤ ਸਿੰਘ ਮੁੱਖ ਸਲਾਹਕਾਰ, ਕੁਲਵਿੰਦਰ ਤੁੰਗਾਂ ਪ੍ਰਚਾਰ ਸਕੱਤਰ, ਨਾਨਕ ਬਲੇਸਾ ਸਲਾਹਕਾਰ ਚੁਣੇ ਗਏ। ਮੀਟਿੰਗ 'ਚ ਅਮਰ ਸਿੰਘ, ਕੁਲਵਿੰਦਰ ਸੋਨੀ, ਬਾਬਾ ਗੁਰਬਚਨ ਕਿਲਾ ਭਰੀਆਂ, ਹੈਪੀ ਨਮੋਲ, ਜਸਵੀਰ ਮੈਦੇਵਾਸ, ਹਰਦੇਵ ਕੁਲਾਰ, ਸਤਿਗੁਰੂ ਨਮੋਲ ਨੇ ਵੀ ਸੰਬੋਧਨ ਕੀਤਾ।



# ਸਾਹਿਤ ਸਭਾ ਦੀ ਕਾਵਿ ਮਹਿਫ਼ਿਲ 'ਚ ਉੱਘੇ ਸ਼ਾਇਰ ਏਕਮ ਮਾਣੂੰਕੇ ਨੇ ਅਦਬੀ ਰੰਗ ਬੰਨ੍ਹਿਆ



**ਜਗਰਾਉਂ, (ਸੰਜੀਵ ਅਰੋੜਾ)**-ਸਾਹਿਤ ਸਭਾ ਜਗਰਾਉਂ ਵੱਲੋਂ ਕਰਵਾਈ ਨੌਜਵਾਨਾਂ ਸ਼ਾਇਰ, ਫ਼ਿਲਮ ਲੇਖਕ ਏਕਮ ਮਾਣੂੰਕੇ ਦੀ ਕਾਵਿ ਮਹਿਫ਼ਿਲ ਨੇ ਵਰਦੇ ਮੀਂਹ ਵਿੱਚ ਵੀ ਖੂਬ ਰੰਗ ਬੰਨ੍ਹਿਆ। ਏਕਮ ਮਾਣੂੰਕੇ ਦੁਆਰਾ ਕੁਦਰਤ ਦੀ ਹੋਂਦ, ਰਿਸ਼ਤਿਆਂ ਦੀ ਭਾਵੁਕਤਾ, ਰਵਾਇਤੀ ਪੇਂਡੂ ਸੱਭਿਆਚਾਰ ਦੀ ਮੱਧਮ ਹੋਈ ਤਸਵੀਰ ਤੇ ਵੰਡ ਦੇ ਵਰਤਾਰੇ ਵਿੱਚੋਂ ਉਪਜੀ ਪੀੜ੍ਹਾਂ ਨੂੰ ਗ਼ਜ਼ਲ, ਨਜ਼ਮ ਤੇ ਗੀਤਾਂ ਰਾਹੀਂ ਤਰੰਨਮ 'ਚ ਪੇਸ਼ ਕਰਗੇ ਹਾਜ਼ਰੀਨ ਦਾ ਮਨ ਮੋਹ ਲਿਆ। ਏਕਮ ਮਾਣੂੰਕੇ ਨੂੰ ਹਾਜ਼ਰ ਅਦੀਬਾਂ ਦੇ ਸਨਮੁੱਖ ਕਰਦਿਆਂ ਪ੍ਰਭਜੋਤ ਸੋਹੀ ਨੇ ਆਖਿਆ ਕਿ ਏਕਮ ਮਾਣੂੰਕੇ ਦੀ ਕਾਵਿ ਕਲਾ ਪੰਜਾਬੀ ਸਾਹਿਤ ਲਈ ਵਿੱਚ ਨਵੀਂ ਸੰਭਾਵਨਾ ਹੈ, ਜਿਸ ਤੋਂ ਭਵਿੱਖ ਨੂੰ ਢੇਰ ਸਾਰੀਆਂ ਉਮੀਦਾਂ ਹਨ। ਇਸ ਦੌਰਾਨ ਸਾਹਿਤ ਸਭਾ ਦੇ ਮੀਤ ਪ੍ਰਧਾਨ ਐੱਚ. ਐੱਸ. ਡਿੰਪਲ ਨੇ ਏਕਮ ਮਾਣੂੰਕੇ ਦੀ ਸ਼ਾਇਰੀ ਦੇ ਕਲਾਤਮਿਕ ਤੇ ਵਿਸ਼ਾ ਪੱਖਾਂ 'ਤੇ ਚਰਚਾ ਕੀਤੀ। ਇਸ ਮੌਕੇ ਏਕਮ ਮਾਣੂੰਕੇ ਨੇ ਨਿੱਜੀ ਜ਼ਿੰਦਗੀ ਦੇ ਸੰਘਰਸ਼ ਸਫ਼ਰ ਬਾਰੇ ਹਾਜ਼ਰ ਅਦੀਬਾਂ ਸਵਾਲਾਂ ਦੇ ਸੰਜੀਦਗੀ ਨਾਲ ਜੁਆਬ ਦਿੱਤੇ। ਏਕਮ ਮਾਣੂੰਕੇ ਦੀ ਸ਼ਾਇਰੀ ਦੇ ਉੱਤਮ ਪੱਖਾਂ ਵਿੱਚ ਮਾਂ ਬੋਲੀ ਦੇ ਗੁਆਚਦੇ ਠੇਠ ਪੰਜਾਬੀ ਸ਼ਬਦਾਂ ਦੇ ਵਰਨਣ ਤੇ ਵਿਸ਼ਿਆਂ ਦੀ ਨਵੀਨ ਤੇ ਕਲਾਤਮਿਕ ਪੇਸ਼ਕਾਰੀ ਨੇ ਹਾਜ਼ਰੀਨ ਨੂੰ ਟੁੰਬ ਕੇ ਰੱਖ ਦਿੱਤਾ। ਇਸ ਮੌਕੇ ਪ੍ਰਭਜੋਤ ਸਿੰਘ ਸੋਹੀ, ਐੱਚ ਐੱਸ ਡਿੰਪਲ, ਅਵਤਾਰ ਸਿੰਘ, ਹਰਚੰਦ ਸਿੰਘ ਗਿੱਲ, ਗੁਰਜੀਤ ਸਹੋਤਾ, ਪ੍ਰਿੰਸੀਪਲ ਦਲਜੀਤ ਕੌਰ ਹਠੂਰ, ਲੈਕਚਰਾਰ ਅਮਰਜੀਤ ਕੌਰ ਮਾਹੀ, ਮੇਜਰ ਸਿੰਘ ਛੀਨਾ, ਜਗਦੀਸ਼ ਪਾਲ ਮਹਿਤਾ, ਕੁਲਦੀਪ ਸਿੰਘ ਲੋਹਟ, ਰਾਜਦੀਪ ਸਿੰਘ ਤੂਰ, ਰੂੰਮੀ ਰਾਜ, ਮੈਡਮ ਕੰਚਨ, ਹਰਬੰਸ ਸਿੰਘ ਅਖਾੜਾ ਤੇ ਸਤਪਾਲ ਸਿੰਘ ਦੇਹੜਕਾ ਆਦਿ ਹਾਜ਼ਰ ਸਨ।

## ਕਾਤਰਾਂ

### ਗਲੋਬਲ ਫਲਾਇਰਜ਼ ਨੇ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

**ਬੱਧਨੀ ਕਲਾ/ਅਜੀਤਵਾਲ (ਨਛੱਤਰ ਸੰਧੂ)**-ਗਲੋਬਲ ਫਲਾਇਰਜ਼ ਆਈਲੈਟਸ ਤੇ ਇਮੀਗ੍ਰੇਸ਼ਨ ਸੰਸਥਾ ਜੋ ਕਿ ਮਿੰਨੀ ਬੱਸ ਸਟੈਂਡ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਹੈ, ਜੋ ਓਪਨ ਵਰਕ ਪਰਮਿਟ ਵੀਜ਼ਾ ਅਤੇ ਵਿਜ਼ਿਟਰ ਵੀਜ਼ੇ 'ਚ ਮੁਹਾਰਤ ਹਾਸਲ ਕਰ ਚੁੱਕੀ ਸੰਸਥਾ ਹੈ, ਵੱਲੋਂ ਰਣਜੋਤ ਸਿੰਘ ਸਪੁੱਤਰ ਹਰੀ ਸਿੰਘ ਵਾਸੀ ਪਿੰਡ ਬੀੜ ਰਾਉਕੇ (ਮੋਗਾ) ਦਾ ਕੈਨੇਡਾ ਸਟੱਡੀ ਵੀਜ਼ਾ ਲਗਵਾਇਆ ਗਿਆ ਹੈ। ਇਸ ਸਮੇਂ ਐਮ ਡੀ ਰਜਤ ਪਲਤਾ ਨੇ ਦੱਸਿਆ ਕਿ ਸੰਸਥਾ ਵੱਲੋਂ ਕਾਨੂੰਨੀ ਅਤੇ ਪਾਰਦਰਸ਼ੀ ਤਰੀਕੇ ਨਾਲ ਫਾਇਲ ਤਿਆਰ ਕਰਕੇ ਹੀ ਕੈਨੇਡਾ, ਯੂ ਕੇ, ਅਸਟ੍ਰੇਲੀਆ ਜਾਣ ਲਈ ਅੰਬੈਸੀ ਕੋਲ ਕੇਸ ਅਪਲਾਈ ਕੀਤਾ ਜਾਦਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਰਣਜੋਤ ਸਿੰਘ ਅਤੇ ਉਨ੍ਹਾ ਦੇ ਪਰਵਾਰ ਨਾਲ ਖੁਸ਼ੀ ਜ਼ਾਹਰ ਕਰਦਿਆਂ ਐਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਆਉਣ ਵਾਲੇ ਸੁਨਹਿਰੀ ਭਵਿੱਖ ਲਈ ਲਈ ਸ਼ੁਭਕਾਮਨਾਵਾਂ ਦਿੱਤੀਆਂ।

### ਪੈਨਸ਼ਨ ਐਸੋਸੀਏਸ਼ਨ ਡਵੀਜ਼ਨ ਲਹਿਰਾ ਗਾਗਾ ਇਕਾਈ ਮੂਨਕ ਦੀ ਮੀਟਿੰਗ

**ਮੂਨਕ (ਰਾਜਪਾਲ ਸਿੰਗਲਾ)**-ਅੱਜ ਪੈਨਸ਼ਨ ਐਸੋਸੀਏਸ਼ਨ ਡਵੀਜ਼ਨ ਲਹਿਰਾ ਗਾਗਾ ਇਕਾਈ ਮੂਨਕ ਦੀ ਮੀਟਿੰਗ ਸੋਮ ਚੰਦ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ 'ਚ ਪੈਨਸ਼ਨਰਾਂ ਵੱਲੋਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਗਤ ਸਿੰਘ, ਜਗਰੂਪ ਸਿੰਘ, ਪੂਰਨ ਸਿੰਘ, ਜੋਗਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੀਆਂ ਮੰਗਾਂ ਮਨਾਉਣ ਲਈ ਸੰਘਰਸ਼ ਆਰੰਭਿਆ ਹੈ। ਪਿਛਲੇ ਮਹੀਨੇ ਵੀ ਪਟਿਆਲਾ ਹੈਡ ਆਫਿਸ ਵਿਖੇ ਧਰਨਾ ਦਿੱਤਾ ਪਰ ਪੀ ਐਸ ਪੀ ਸੀ ਐਲ ਅਤੇ ਪੰਜਾਬ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕੀ। ਹੁਣ ਆਉਣ ਵਾਲੇ ਸਮੇਂ 'ਚ ਪੈਨਸ਼ਨਰਾਂ ਵੱਲੋਂ ਸਰਕਾਰ ਖਿਲਾਫ ਪ੍ਰਦਰਸ਼ਨ ਕੀਤੇ ਜਾਣਗੇ।

### ਗੁਆਚਿਆ ਬੱਚਾ ਕੀਤਾ ਪਰਵਾਰ ਹਵਾਲੇ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਸ਼ਹਿਰ ਰਾਮਪੁਰਾ ਫੂਲ ਵਿਖੇ ਸਥਿਤ ਦੇਵ ਸਮਾਜ ਸਕੂਲ ਦੇ ਨਜ਼ਦੀਕ ਇੱਕ ਵਿਆਹ ਸਮਾਗਮ 'ਚ ਬੱਚਿਆਂ ਨਾਲ ਖੇਡਦਾ ਹੋਇਆ ਤਿੰਨ ਸਾਲ ਦਾ ਬੱਚਾ ਹਸੀਕ ਪੈਦਲ ਚੱਲ ਕੇ ਸਿਵਲ ਹਸਪਤਾਲ ਕੋਲ ਪਹੁੰਚ ਗਿਆ। ਉਥੇ ਆਸ ਪਾਸ ਦੇ ਲੋਕਾਂ ਵੱਲੋਂ ਉਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾ ਦਿੱਤੀ ਗਈ ਅਤੇ ਟਰੈਫਿਕ ਪੁਲਸ ਡਿਊਟੀ ਦੌਰਾਨ ਸੋਹਣ ਸਿੰਘ ਨੂੰ ਸੌਂਪ ਦਿੱਤਾ। ਪੁਲਸ ਵੱਲੋਂ ਇਹ ਬੱਚਾ ਸੇਵਾ ਸੰਭਾਲ ਅਤੇ ਇਸ ਦੇ ਪਰਵਾਰਕ ਮੈਂਬਰਾਂ ਨੂੰ ਲੱਭਣ ਲਈ ਸਹਾਰਾ ਸਮਾਜ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਦੀ ਟੀਮ ਦੇ ਹਵਾਲੇ ਕੀਤਾ ਗਿਆ। ਕੁਝ ਹੀ ਸਮੇਂ ਬਾਅਦ ਪਰਵਾਰਕ ਮੈਂਬਰਾਂ ਵੱਲੋਂ ਬੱਚੇ ਦੀ ਭਾਲ ਸ਼ੁਰੂ ਕੀਤੀ ਗਈ। ਸੋਸ਼ਲ ਮੀਡੀਆ ਨੂੰ ਦੇਖ ਕੇ ਪਰਵਾਰਕ ਮੈਂਬਰ ਬੱਚੇ ਨੂੰ ਲੈਣ ਲਈ ਥਾਣਾ ਸਿਟੀ ਰਾਮਪੁਰਾ ਫੂਲ ਵਿਖੇ ਪਹੁੰਚੇ। ਥਾਣਾ ਸਿਟੀ ਰਾਮਪੁਰਾ ਫੂਲ ਵੱਲੋਂ ਪਰਵਾਰਕ ਮੈਂਬਰਾਂ ਦੇ ਪਹਿਚਾਣ ਪੱਤਰ ਚੈੱਕ ਕਰਕੇ ਬੱਚੇ ਨੂੰ ਪਰਵਾਰਕ ਮੈਂਬਰਾਂ ਦੇ ਹਵਾਲੇ ਕੀਤਾ ਗਿਆ। ਇਸ ਮੌਕੇ ਪੁਲਸ ਮੁਲਾਜ਼ਮ ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਸੋਹਣ ਲਾਲ, ਸਹਾਰਾ ਪ੍ਰਧਾਨ ਸੰਦੀਪ ਵਰਮਾ, ਵਾਇਸ ਪ੍ਰਧਾਨ ਸੁਖਦੇਵ ਸਿੰਘ, ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਕਬੱਡੀ ਚੈਂਪੀਅਨ ਟਰਾਫੀ ਗੁਰੂ ਨਾਨਕ ਕਾਲਜ ਪਹੁੰਚਣ 'ਤੇ ਸ਼ਾਨਦਾਰ ਸਵਾਗਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ )**- ਪਿਛਲੇ ਦਿਨੀਂ ਗੁਰੂ ਨਾਨਕ ਕਾਲਜ ਵੱਲੋਂ ਕਬੱਡੀ ਦੇ ਖੇਤਰ 'ਚ ਇਤਿਹਾਸਕ ਪ੍ਰਾਪਤੀ ਕਰਦਿਆਂ ਕਬੱਡੀ ਖੇਡ 'ਚ ਪੰਜਾਬ ਯੂਨੀਵਰਸਿਟੀ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਇਸ ਸੰਬੰਧੀ ਕਾਲਜ ਦੇ ਕਬੱਡੀ ਕੋਚ ਤੇ ਉੱਘੇ ਖੇਡ ਪ੍ਰਮੋਟਰ ਹਰਵਿੰਦਰ ਵਿਰਕ ਨੇ ਦੱਸਿਆ ਕਿ ਕਾਲਜ ਨੂੰ ਇਹ ਮਾਣਮੱਤੀ ਟਰਾਫੀ ਪੰਜਾਬ ਯੂਨੀਵਰਸਿਟੀ ਦੇ ਸਾਲਾਨਾ ਖੇਡ ਸਮਾਰੋਹ ਦੌਰਾਨ ਵਾਇਸ ਚਾਂਸਲਰ ਡਾ. ਰੈਨੂ ਵਿੱਜ ਅਤੇ ਅਰਜਨ ਐਵਾਰਡ ਜੇਤੂ ਤੇ ਹਾਕੀ ਉਲੰਪੀਅਨ ਰੁਪਿੰਦਰ ਸਿੰਘ ਵੱਲੋਂ ਦਿੱਤੀ ਗਈ। ਟਰਾਫੀ ਦੇ ਕਾਲਜ ਪਹੁੰਚਣ 'ਤੇ ਕਬੱਡੀ ਖਿਡਾਰੀਆਂ ਤੇ ਕਾਲਜ ਵਿਦਿਆਰਥੀਆਂ ਵੱਲੋਂ ਭੰਗੜਾ ਤੇ ਨੱਚ ਗਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਕਾਲਜ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਤੇ ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਧਾਲੀਵਾਲ ਵੱਲੋਂ ਕਾਲਜ ਦੇ ਸਮੁੱਚੇ ਖੇਡ ਵਿਭਾਗ ਦੇ ਡਾ. ਗਗਨਦੀਪ ਕੌਰ, ਮੈਡਮ ਸੁਰਿੰਦਰ ਕੌਰ ਤੇ ਵਿਸ਼ੇਸ਼ ਤੌਰ 'ਤੇ ਹਰਵਿੰਦਰ ਵਿਰਕ ਦੀ ਕਬੱਡੀ 'ਚ ਟੀਮ ਪ੍ਰਬੰਧਨ ਤੇ ਕੁਸ਼ਲਤਾ ਸਦਕਾ ਅਤੇ ਸਮੁੱਚੀ ਕਬੱਡੀ ਟੀਮ ਦੀ ਅਣਥੱਕ ਮਿਹਨਤ ਕਰਕੇ ਇਹ ਮਾਣਮੱਤੀ ਪ੍ਰਾਪਤੀ ਕਰਨ 'ਤੇ ਵਧਾਈ ਅਤੇ ਸ਼ੁੱਭਕਾਮਨਾਵਾਂ ਭੇਟ ਕੀਤੀਆਂ। ਇਸ ਮੌਕੇ ਵਾਇਸ ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ, ਡਾ. ਨਿਰਮਲਜੀਤ ਕੌਰ, ਡਾ. ਨੀਨਾ ਮਹਿਤਾ ਤੇ ਸੁਪਰਡੈਂਟ ਬਾਬੂ ਰਾਮ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# ਖਿਆਲਾ ਕਲਾਂ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਰੋਹ ਤੇ ਸੱਭਿਆਚਾਰਕ ਸਮਾਗਮ



**ਮਾਨਸਾ (ਆਤਮਾ ਸਿੰਘ ਪਮਾਰ)**-ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਭੁਪਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫਸਰ ਮਾਨਸਾ ਐਲੀਮੈਂਟਰੀ ਸਿੱਖਿਆ ਦੀ ਯੋਗ ਅਗਵਾਈ ਵਿੱਚ ਸੈਂਟਰ ਹੈੱਡ ਟੀਚਰ ਸੁਖਵੀਰ ਕੌਰ ਦੀ ਪ੍ਰਧਾਨਗੀ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਖਿਆਲਾ ਕਲਾਂ ਵਿਖੇ ਇੱਕ ਰੰਗਾਰੰਗ ਪ੍ਰੋਗਰਾਮ ਤੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਸਕੂਲ ਮੁਖੀ ਸੁਖਵੀਰ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਪ੍ਰੋਗਰਾਮ ਦੀ ਸ਼ੋਭਾ ਵਧਾਉਣ ਲਈ ਸਮਾਜ ਸੇਵੀ ਮੱਘਰ ਮੱਲ ਭੱਠੇ ਵਾਲੇ, ਅੰਤਰਰਾਸ਼ਟਰੀ ਗਿੱਧਾ ਤੇ ਭੰਗੜਾ ਕੋਚ ਪਾਲ ਸਿੰਘ ਸਮਾਓਂ, ਸਾਬਕਾ ਸਰਪੰਚ ਅਤੇ ਜ਼ਿਲ੍ਹਾ ਟਰਾਂਸਪੋਰਟ ਵਿੰਗ ਦੇ ਪ੍ਰਧਾਨ ਰਮੇਸ਼ ਖਿਆਲਾ, ਸਮਾਜ ਸੇਵੀ ਡਾਕਟਰ ਬਿੱਕਰ ਸਿੰਘ, ਫੌਜੀ ਬਲਵੀਰ ਸਿੰਘ ਤੇ ਮਾਸਟਰ ਸੁਰਜੀਤ ਸਿੰਘ ਨੇ ਉੱਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਸਮੇਂ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਸਕੂਲ ਦੇ ਮੋਹਰੀ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕਰਨ ਦੀ ਰਸਮ ਸਿੱਖਿਆ ਵਿਭਾਗ ਤੋਂ ਸੇਵਾ ਮੁਕਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮੈਡਮ ਕੁਲਵੰਤ ਕੌਰ, ਸੁਦਰਸ਼ਨ ਸ਼ਰਮਾ, ਕਮਲੇਸ਼ ਰਾਣੀ, ਅਰਵਿੰਦਰ ਕੌਰ, ਪ੍ਰਿੰਸੀਪਲ ਸਸਸਸ ਖਿਆਲਾ ਕਲਾਂ (ਮੁੰਡੇ), ਲਲਿਤ ਸ਼ਰਮਾ ਤੇ ਹੋਰ ਹਾਜ਼ਰ ਪਤਵੰਤੇ ਸੱਜਣਾਂ ਵੱਲੋਂ ਨਿਭਾਈ ਗਈ। ਪ੍ਰੋਗਰਾਮ ਦੀ ਦੇਖ ਰੇਖ ਮੈਡਮ ਬਲਜੀਤ ਕੌਰ, ਸਾਕਸੀ, ਅਭਿਤਾ ਭੱਟੀ, ਹਰਪਾਲ ਕੌਰ, ਰਾਜਵੰਤ ਸਿੰਘ, ਕਮਲਜੀਤ ਸਿੱਧੂ, ਸੁਖਪਾਲ ਕੌਰ ਤੇ ਸਿਖਿਆਰਥੀ ਅਧਿਆਪਕਾਂ ਨੇ ਕੀਤੀ। ਪ੍ਰੋਗਰਾਮ ਦੇ ਅਖੀਰ ਵਿੱਚ ਸਕੂਲ ਨੂੰ ਸਹਿਯੋਗ ਕਰਨ ਵਾਲੀਆਂ ਸਾਰੀਆਂ ਮਾਣਯੋਗ ਹਸਤੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਸਮੇਂ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਸਵਿੰਦਰ ਸਿੰਘ ਕਾਨ ਬੀ ਐੱਮ ਟੀ ਨੇ ਬਾਖੂਬੀ ਨਿਭਾਈ। ਇਸ ਸਮੇਂ ਪਿੰਡ ਵਾਸੀ, ਸਕੂਲ ਵਿਦਿਆਰਥੀ, ਆਂਗਨਵਾੜੀ ਵਰਕਰਜ਼ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਈ ਟੀ ਟੀ ਅਧਿਆਪਕ ਯੂਨੀਅਨ ਦੀ ਸਰਬਸੰਮਤੀ ਨਾਲ ਚੋਣ

## ਜਸਵਿੰਦਰ ਸਿੰਘ ਬਣੇ ਬਲਾਕ ਪ੍ਰਧਾਨ



**ਧੂਰੀ (ਸੁਖਦੇਵ ਧੂਰੀ)**-ਈ.ਟੀ.ਟੀ. ਅਧਿਆਪਕ ਯੂਨੀਅਨ ਪੰਜਾਬ ਬਲਾਕ ਧੂਰੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਜੀਤ ਸਿੰਘ ਘਨੌਰ, ਕੁਲਵਿੰਦਰ ਸਿੰਘ ਜਹਾਂਗੀਰ ਸੂਬਾ ਵਿੱਤ ਸਕੱਤਰ ਤੇ ਕੇਵਲ ਸਿੰਘ ਬਲਾਕ ਪ੍ਰਧਾਨ ਸ਼ੇਰਪੁਰ ਦੀ ਅਗਵਾਈ ਵਿੱਚ ਰਾਮ ਬਾਗ ਧੂਰੀ ਵਿਖੇ ਹੋਈ। ਮੀਟਿੰਗ ਵਿੱਚ ਜਸਵਿੰਦਰ ਸਿੰਘ ਨੂੰ ਸਰਬ ਸੰਮਤੀ ਨਾਲ ਬਲਾਕ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਨੰਦ ਕਿਸ਼ੋਰ, ਮੀਤ ਪ੍ਰਧਾਨ ਤਰਨਦੀਪ ਕੌਰ, ਬਲਜੀਤ ਸਿੰਘ, ਜਰਨਲ ਸਕੱਤਰ ਕਮਲਪਤੀ, ਖਜ਼ਾਨਚੀ ਅਤੁਲ ਗੁਪਤਾ ਆਦਿ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਮੀਟਿੰਗ ਵਿੱਚ ਸੀਨੀਅਰ ਜੂਨੀਅਰ ਪੇ ਅਨਾਮਲੀ ਤੇ ਜ਼ਿਲ੍ਹਾ ਪ੍ਰੀਸ਼ਦ 'ਚ ਭਰਤੀ ਅਧਿਆਪਕਾਂ ਦੀ ਸੀਨੀਅਰਤਾ ਅਤੇ ਪੁਰਾਣੀ ਪੈਨਸ਼ਨ ਬਹਾਲੀ ਆਦਿ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਭਿੰਦਰ ਸਿੰਘ, ਦਵਿੰਦਰ ਸਿੰਘ, ਸੁਖਜੀਤ ਸਿੰਘ, ਮਨਦੀਪ ਸਿੰਘ, ਪਰਮਜੀਤ ਸਿੰਘ, ਸੰਦੀਪ ਸਿੰਘ, ਨਰਿੰਦਰ ਕੌਰ, ਕਮਲੇਸ਼ ਰਾਣੀ, ਮਹਿੰਦਰ ਸਿੰਘ, ਮਨਪ੍ਰੀਤ ਸਿੰਘ, ਸੁਖਪਾਲ ਸਿੰਘ, ਹਰਮਨਪ੍ਰੀਤ ਸਿੰਘ ਆਦਿ ਅਧਿਆਪਕ ਸ਼ਾਮਲ ਹੋਏ। ਸਮੂਹ ਹਾਜ਼ਰ ਅਹੁਦੇਦਾਰਾਂ ਨੇ ਕਿਹਾ ਕਿ ਜੇਕਰ ਅਧਿਆਪਕਾਂ ਦੇ ਮਸਲੇ ਹੱਲ ਨਾ ਕੀਤੇ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਮੈਡੀਕਲ ਪ੍ਰੈਕਟੀਸ਼ਨਰ ਐਸੋ. ਬਲਾਕ ਬੁਢਲਾਡਾ ਦੀ ਮੀਟਿੰਗ



**ਬੁਢਲਾਡਾ (ਅਸ਼ੋਕ ਲਾਕੜਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਬੁਢਲਾਡਾ ਦੀ ਬੀਤੇ ਦਿਨ ਇੱਕ ਅਹਿਮ ਮੀਟਿੰਗ ਹੋਈ।

ਇਹ ਮੀਟਿੰਗ ਪ੍ਰਧਾਨ ਡਾਕਟਰ ਗੁਰਜੀਤ ਸਿੰਘ ਬਰ੍ਹੇ ਦੀ ਅਗਵਾਈ ਵਿੱਚ ਕੱਲਰਾਂ ਵਾਲੀ ਮਾਤਾ ਮੰਦਰ ਵਿਖੇ ਹੋਈ, ਜਿਸ ਵਿੱਚ ਵੱਧ ਤੋਂ ਵੱਧ ਬੀਮਾਰੀਆਂ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੀਟਿੰਗ ਵਿੱਚ ਹਸਪਤਾਲ ਬਠਿੰਡਾ ਤੋਂ ਮਾਹਰ ਡਾ: ਸੰਗੀਤਾ ਨੇ ਪੇਟ ਦੀਆਂ ਵੱਖ-ਵੱਖ ਬਿਮਾਰੀਆਂ ਸਬੰਧੀ ਜਾਣਕਾਰੀ ਦਿੱਤੀ ਤੇ ਸੰਦੇਸ਼ ਦਿੱਤਾ ਕਿ ਸਾਨੂੰ ਸਾਫ-ਸੁਥਰਾ ਤੇ ਸਧਾਰਨ ਪੌਸ਼ਟਿਕ ਭੋਜਨ ਖਾਣਾ ਚਾਹੀਦਾ ਹੈ ਅਤੇ ਫਾਸਟ ਫੂਡ ਤੋਂ ਦੂਰ ਰਹਿਣਾ ਚਾਹੀਦਾ ਹੈ ਤਾਂ ਜੋ ਪੇਟ ਦੀਆਂ ਬਿਮਾਰੀਆਂ ਤੋਂ ਬਚਾਅ ਹੋ ਸਕੇ। ਇਸ ਮੌਕੇ ਹਰੇਕ ਬੁਲਾਰਿਆਂ ਨੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਮਾਸਟਰ ਤੇਜਾ ਸਿੰਘ, ਡਾ. ਜਗਤਾਰ ਸਿੰਘ, ਗਮਦੂਰ ਸਿੰਘ, ਨਿਸਨ ਗੋਇਲ, ਗਮਦੂਰ ਦੋਦੜਾ, ਟੋਨੀ ਗੁਰਨੇ, ਡਾ. ਰਮਜਾਨ ਬੁਢਲਾਡਾ, ਡਾ. ਮੰਟੂ, ਡਾ. ਮਨਜੀਤ ਗੁਰਨੇ, ਡਾ. ਪ੍ਰਿਤਪਾਲ ਸਿੰਘ ਕੋਹਲੀ ਤੇ ਪ੍ਰਧਾਨ ਗੁਰਜੀਤ ਸਿੰਘ ਬਰ੍ਹੇ ਨੇ ਆਏ ਹੋਏ ਸਾਥੀਆਂ ਤੇ ਡਾਕਟਰ ਮਹਿਮਾਨਾਂ ਦਾ ਧੰਨਵਾਦ ਕੀਤਾ।

# ਬੱਲੂਆਣਾ ਦੇ ਵਿਧਾਇਕ ਤੇ ਡੀ ਸੀ ਵੱਲੋਂ ਬਾਰਸ਼ ਪ੍ਰਭਾਵਿਤ ਪਿੰਡਾਂ ਦਾ ਦੌਰਾ



**ਫਾਜ਼ਿਲਕਾ, (ਨਿਸ਼ਾ ਸ਼ਰਮਾ)**-ਪਿਛਲੇ ਦਿਨੀਂ ਹੋਈ ਬੇਮੌਸਮੀ ਬਾਰਸ਼ ਤੇ ਕੁਝ ਇਲਾਕਿਆਂ 'ਚ ਹੋਈ ਗੜੇਮਾਰੀ ਨਾਲ ਪ੍ਰਭਾਵਿਤ ਬੱਲੂਆਣਾ ਹਲਕੇ ਦੇ ਪਿੰਡਾਂ ਦਾ ਹਲਕਾ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਤੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਨੇ ਦੌਰਾ ਕੀਤਾ। ਇਸ ਮੌਕੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਤੇ ਡਿਪਟੀ ਕਮਿਸ਼ਨਰ ਡਾ: ਸੇਨੂੰ ਦੁੱਗਲ ਨੇ ਖੇਤਾਂ ਵਿੱਚ ਜਾ ਕੇ ਕਿਸਾਨਾਂ ਦੀਆਂ ਮੀਂਹ ਨਾਲ ਪ੍ਰਭਾਵਿਤ ਹੋਈਆਂ ਫਸਲਾਂ ਵੇਖੀਆਂ ਤੇ ਮੌਕੇ 'ਤੇ ਹੀ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਗਿਰਦਾਵਰੀ ਕਾਰਜ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਦੇ ਹੁਕਮ ਦਿੱਤੇ। ਉਨ੍ਹਾਂ ਨੇ ਪਿੰਡ ਜੋਧਪੁਰ ਤੇ ਮਲੂਕਪੁਰਾ ਦਾ ਦੌਰਾ ਕਰਕੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ।

ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਇਸ ਮੌਕੇ ਆਖਿਆ ਕਿ ਮੁੱਖ ਮੰਤਰੀ ਸ: ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮੁਆਵਜ਼ਾ ਰਾਸ਼ੀ ਵਿੱਚ 25 ਫੀਸਦੀ ਦਾ ਵਾਧਾ ਕੀਤਾ ਹੈ ਤੇ ਕਿਸਾਨਾਂ ਨੂੰ ਪ੍ਰਤੀ ਏਕੜ 15000 ਰੁਪਏ ਤੱਕ ਮੁਆਵਜ਼ਾ ਮਿਲੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਹ ਕਾਰਜ ਜਲਦ ਤੋਂ ਜਲਦ ਪੂਰਾ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਨੇ ਕਿਹਾ ਕਿ ਸਪੈਸ਼ਲ ਗਿਰਦਾਵਰੀ ਕਰਨ ਤੋਂ ਬਾਅਦ ਪ੍ਰਭਾਵਿਤ ਕਿਸਾਨਾਂ ਦੀਆਂ ਸੂਚੀਆਂ ਪਿੰਡਾਂ ਵਿੱਚ ਸਾਂਝੀਆਂ ਥਾਂਵਾਂ 'ਤੇ ਚਸਪਾ ਕੀਤੀਆਂ ਜਾਣਗੀਆਂ ਤਾਂ ਜੋ ਸਾਰੇ ਪਿੰਡ ਦੇ ਲੋਕ ਇਨ੍ਹਾਂ ਨੂੰ ਵੇਖ ਸਕਣ ਤੇ ਜੇਕਰ ਕਿਸੇ ਪ੍ਰਭਾਵਿਤ ਕਿਸਾਨ ਦਾ ਨਾਂਅ ਸੂਚੀ ਵਿੱਚ ਸ਼ਾਮਲ ਹੋਣ ਤੋਂ ਰਹਿ ਗਿਆ ਹੋਵੇ ਤਾਂ ਉਹ ਆਪਣਾ ਨਾਂਅ ਸ਼ਾਮਲ ਕਰਵਾ ਸਕੇ। ਉਨ੍ਹਾਂ ਨੇ ਕਿਹਾ ਕਿ ਸਪੈਸ਼ਲ ਗਿਰਦਾਵਰੀ ਕਿਸਾਨਾਂ ਦੀ ਹਾਜ਼ਰੀ ਵਿੱਚ ਪੂਰੇ ਪਾਰਦਰਸ਼ੀ ਢੰਗ ਨਾਲ ਹੋ ਰਹੀ ਹੈ ਤੇ ਸਾਰੇ ਪਿੰਡਾਂ ਵਿੱਚ ਟੀਮਾਂ ਗਿਰਦਾਵਰੀ ਕਰ ਰਹੀਆਂ ਹਨ। ਇਸ ਮੌਕੇ ਐੱਸ ਡੀ ਐੱਮ ਸ੍ਰੀ ਅਕਾਸ਼ ਬਾਂਸਲ, ਤਹਿਸੀਲਦਾਰ ਸ੍ਰੀ ਮਨਿੰਦਰਜੀਤ ਸਿੰਘ ਸਿੱਧੂ ਤੋਂ ਇਲਾਵਾ ਵੱਖ ਵੱਖ ਅਧਿਕਾਰੀ ਤੇ ਹੋਰ ਪਤਵੰਤੇ ਹਾਜ਼ਰ ਸਨ।

# ਯੂਥ ਵੈਲਫੇਅਰ ਕਲੱਬ ਦੇ ਪਰਮਿੰਦਰ ਸਿੰਘ ਕੰਬੋ ਪ੍ਰਧਾਨ ਬਣੇ



**ਹਠੂਰ/ਜਗਰਾਉਂ (ਨਛੱਤਰ ਸੰਧੂ)**-ਅੱਜ ਵਰਿੰਦਰ ਯਾਦਗਾਰੀ ਲਾਇਬ੍ਰੇਰੀ ਹਠੂਰ 'ਚ ਯੂਥ ਵੈਲਫੇਅਰ ਕਲੱਬ ਦੀ ਮੀਟਿੰਗ ਹੋਈ, ਜਿਸ ਵਿੱਚ ਕਲੱਬ ਦੇ ਸੀਨੀਅਰ ਮੈਂਬਰ ਗੁਰਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕਲੱਬ ਦੇ 25 ਵਰ੍ਹੇ ਪੂਰੇ ਹੋਣ 'ਤੇ ਸਾਰੇ ਮੈਂਬਰਾਂ ਨੂੰ ਵਧਾਈਆਂ ਦਿੱਤੀਆਂ ਅਤੇ ਕਲੱਬ ਦੇ ਸਿਲਵਰ ਜੁਬਲੀ ਸਮਾਰੋਹ ਮਨਾਉਣ ਦਾ ਮਤਾ ਪਾਸ ਕੀਤਾ ਗਿਆ। ਇਸ ਸਮੇਂ ਨਵੀਂ ਚੋਣ 'ਚ ਪਰਮਿੰਦਰ ਸਿੰਘ ਕੰਬੋ ਨੂੰ ਇੱਕ ਵਕਫੇ ਬਾਅਦ ਫਿਰ ਤੋਂ ਸਰਬਸੰਮਤੀ ਨਾਲ ਦੋ ਸਾਲ ਲਈ ਪ੍ਰਧਾਨ ਚੁਣਿਆ ਗਿਆ। ਖਜ਼ਾਨਚੀ ਪ੍ਰਿੰਸੀਪਲ ਗਗਨਦੀਪ ਜਿੰਦਲ, ਜਨਰਲ ਸਕੱਤਰ ਜਸਵਿੰਦਰ ਸਿੰਘ ਜਸਵੀ ਚੁਣੇ ਗਏ। ਸੀਨੀਅਰ ਮੀਤ ਪ੍ਰਧਾਨ ਇੰਦਰਜੀਤ ਸਿੰਘ ਕਾਲਾ ਨੂੰ ਚੁਣਿਆ ਗਿਆ। ਬੰਤ ਸਿੰਘ ਉੱਪਲ ਪਰਵਾਰ ਦੀ ਸਰਪ੍ਰਸਤੀ ਦਰਜ ਕੀਤੀ ਗਈ। ਬਾਕੀ ਸਾਰੇ ਮੈਂਬਰਾਂ ਦੇ ਪਹਿਲਾਂ ਵਾਲੇ ਅਹੁਦੇ ਬਰਕਰਾਰ ਰੱਖੇ ਗਏ। ਕਲੱਬ ਦੀਆਂ ਸਾਲਾਨਾ ਗਤੀਵਿਧੀਆਂ ਦੀ ਰੂਪ ਰੇਖਾ ਵੀ ਉਲੀਕੀ ਗਈ, ਜਿਸ ਰਾਹੀਂ ਵਰਿੰਦਰ ਕੁਮਾਰ ਯਾਦਗਾਰੀ ਲਾਇਬ੍ਰੇਰੀ ਦਾ ਸੰਚਾਲਨ ਕਰਨ ਲਈ ਲਾਇਬ੍ਰੇਰੀਅਨ ਦਾ ਪ੍ਰਬੰਧ ਕਰਨ ਲਈ ਯੋਜਨ ਤੈਅ ਕੀਤੀ ਗਈ। ਪੜ੍ਹਾਈ 'ਚ ਅੱਵਲ ਰਹਿਣ ਵਿਦਿਆਰਥੀਆਂ ਲਈ ਇਨਾਮ ਵੰਡ ਪ੍ਰੋਗਰਾਮ ਕਰਨ ਦੀ ਯੋਜਨਾ ਬਣਾਈ। ਵਾਤਾਵਰਣ ਲਈ ਬੂਟੇ ਲਗਾਉਣ ਦਾ ਪ੍ਰੋਗਰਾਮ ਮਿੱਥਿਆ ਗਿਆ ਅਤੇ ਲਾਇਬ੍ਰੇਰੀ 'ਚ ਦੋ ਮਾਸਕ ਸਾਹਿਤ ਸਭਾ ਕਰਨ ਦਾ ਫੈਸਲਾ ਲਿਆ ਗਿਆ। ਬੱਚਿਆਂ ਦੀ ਗਾਈਡੈਂਸ ਲਈ ਵੀ ਪ੍ਰੋਗਰਾਮ ਉਲੀਕਿਆ। ਇਸ ਮੌਕੇ ਰਣਜੀਤ ਸਿੰਘ ਹਠੂਰ, ਗੁਰਦੀਪ ਸਿੰਘ ਕਨੇਡਾ, ਪ੍ਰਿੰਸੀਪਲ ਗਗਨਦੀਪ ਜਿੰਦਲ, ਮਾ. ਸਤਨਾਮ ਸਿੰਘ, ਜਸਵਿੰਦਰ ਸਿੰਘ ਜਸਵੀ, ਮਾ. ਸਤਨਾਮ ਸਿੰਘ ਖਾਲਸਾ, ਨਵਜਿੰਦਰ ਸਿੰਘ, ਸਵਰਨ ਸਿੰਘ, ਇੰਦਰਜੀਤ ਸਿੰਘ ਕਾਲਾ, ਪ੍ਰਦੀਪ ਸਿੰਘ ਪੱਪਾ, ਸਵਰਨ ਸਿੰਘ, ਹਰਪਾਲ ਸਿੰਘ ਪਾਲਾ ਆਦਿ ਮੈਂਬਰ ਹਾਜ਼ਰ ਸਨ। ਅੰਤ 'ਚ ਸਾਰੇ ਕਲੱਬ ਮੈਂਬਰਾਂ ਨੇ ਨਵੀਂ ਚੋਣ ਹੋਣ 'ਤੇ ਪ੍ਰਧਾਨ ਪਰਮਿੰਦਰ ਸਿੰਘ ਕੰਬੋ ਨੂੰ ਵਧਾਈਆਂ ਦਿੱਤੀਆਂ ਅਤੇ ਪਿੰਡ ਦੀ ਭਲਾਈ ਲਈ ਉਲੀਕੇ ਕੰਮਾਂ ਨੂੰ ਨਵੇਂ ਜੋਸ਼ ਨਾਲ ਕਰਨ ਦੀ ਵਚਨਬੱਧਤਾ ਪ੍ਰਗਟਾਈ।

# ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਚੋਣ ਹਲਕਿਆਂ 'ਚ ਕਰਾਂਗੇ ਝੰਡਾ ਮਾਰਚ : ਪ੍ਰੇਮ ਸਾਗਰ

**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਭਰ ਤੋਂ ਪਹੁੰਚੇ ਪੰਜਾਬ ਯੂ. ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਕਨਵੀਨਰ ਅਤੇ ਕੋ-ਕਨਵੀਨਰਜ਼ ਮੁੱਖ ਮੰਤਰੀ ਪੰਜਾਬ ਵੱਲੋਂ 3 ਅਪ੍ਰੈਲ ਨੂੰ ਉਨ੍ਹਾਂ ਦੇ ਨਿਵਾਸ ਸਥਾਨ ਵਿਖੇ ਸੱਦੀ ਮੀਟਿੰਗ ਤੋਂ ਮੁਨਕਰ ਹੋ ਗਏ, ਜਿਸ ਕਾਰਨ ਦਿਨ ਭਰ ਦੀ ਖੱਜਲ ਖੁਆਰੀ ਉਪਰੰਤ ਭਗਵੰਤ ਮਾਨ ਦੀ ਆਪ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਮਤਾ ਪਾਸ ਕੀਤਾ ਗਿਆ ਕਿ 23 ਅਪ੍ਰੈਲ ਨੂੰ ਆਦਮਪੁਰ ਹਲਕੇ ਵਿੱਚ 30 ਅਪ੍ਰੈਲ ਨੂੰ ਨਕੋਦਰ ਹਲਕੇ 'ਚ ਅਤੇ 7 ਮਈ ਨੂੰ ਜਲੰਧਰ ਹਲਕੇ ਵਿੱਚ ਝੰਡਾ ਮਾਰਚ ਕਰਕੇ ਜਨਤਾ ਨੂੰ ਰੋਸ ਸਬੰਧੀ ਜਾਣੂ ਕਰਵਾਇਆ ਜਾਵੇਗਾ। ਆਗੂਆਂ ਵਿੱਚ ਪ੍ਰੇਮ ਸਾਗਰ ਸ਼ਰਮਾ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਬਾਜ ਸਿੰਘ ਖਹਿਰਾ, ਠਾਕਰ ਸਿੰਘ, ਕਰਮ ਸਿੰਘ ਧਨੋਆ, ਹਰਭਜਨ ਸਿੰਘ ਪਿਲਖਣੀ, ਅਵਿਨਾਸ਼ ਚੰਦਰ ਸ਼ਰਮਾ, ਸੁਖਦੇਵ ਸਿੰਘ ਸੈਣੀ, ਰਾਧੇ ਸ਼ਿਆਮ, ਰਣਜੀਤ ਸਿੰਘ ਰਾਣਵਾਂ, ਡਾ. ਐਨ. ਕੇ. ਕਲਸੀ, ਕੁਲਵਰਨ ਸਿੰਘ ਹੁਸ਼ਿਆਰਪੁਰ, ਜਗਦੀਸ਼ ਰਾਓ ਤੇ ਕਰਤਾਰ ਪਾਲ ਸ਼ਾਮਲ ਹੋਏ। ਇਸ ਉਪਰੰਤ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਕਨਵੀਨਰਾਂ ਪ੍ਰੇਮ ਸਾਗਰ ਸ਼ਰਮਾ, ਕਰਮ ਸਿੰਘ, ਧਨੋਆ, ਠਾਕਰ ਸਿੰਘ, ਐਨ ਕੇ ਕਲਸੀ ਆਦਿ ਨੇ ਅਲੱਗ ਉੱਥੇ ਹੀ ਮੀਟਿੰਗ ਕਰਕੇ ਫੈਸਲਾ ਕੀਤਾ ਕਿ 7 ਮਈ ਉਪਰੰਤ ਮੀਟਿੰਗ ਸੱਦ ਕੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ, ਕਿਉਂਕਿ 2.59 ਦਾ ਗੁਣਾਂਕ ਨਾ ਦੇਣਾ, ਕੈਸ਼ਲੈੱਸ ਸਿਸਟਮ ਆਫ਼ ਟਰੀਟਮੈਂਟ ਨਾ ਦੇਣਾ, ਮੈਡੀਕਲ ਪ੍ਰੀਤ ਪੂਰਤੀ ਬਿੱਲਾਂ ਦੀ ਅਦਾਇਗੀ ਨਾ ਕਰਨ, 80 ਸਾਲਾਂ ਦੀ ਉਮਰ ਉਪਰੰਤ 30 ਪ੍ਰਤੀਸ਼ਤ, 85 ਸਾਲਾਂ ਪਿੱਛੋਂ 50 ਪ੍ਰਤੀਸ਼ਤ ਤੇ 90 ਸਾਲਾਂ ਦੀ ਉਮਰ ਪੂਰੀ ਹੋਣ ਉਪਰੰਤ 100 ਪ੍ਰਤੀਸ਼ਤ ਕੁਆਂਟਮ ਆਫ਼ ਪੈਨਸ਼ਨ ਨਾ ਦੇਣ ਕਾਰਨ ਪੰਜਾਬ ਭਰ ਦੇ ਪੈਨਸ਼ਨਰ ਪੰਜਾਬ ਦੀ ਆਪ ਸਰਕਾਰ ਤੋਂ ਖ਼ਫਾ ਹਨ, ਜੇ ਇਨਸਾਫ਼ ਨਾ ਮਿਲਿਆ ਤਾਂ ਤਿੱਖੇ ਸੰਘਰਸ਼ ਦਾ ਐਲਾਨ ਕਰ ਦਿੱਤਾ ਜਾਵੇਗਾ। ਮੀਟਿੰਗ ਵਿੱਚ ਪ੍ਰੇਮ ਨਾਥ ਸਮਰਾਲਾ ਤੇ ਕੁਲਵੰਤ ਰਾਏ ਹਾਜ਼ਰ ਸਨ।



# ਬਲਬੀਰ ਸਿੰਘ ਮੱਖੂ ਸਰਬਸੰਮਤੀ ਨਾਲ ਪ੍ਰਧਾਨ ਚੁਣੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਚਾਇਤ ਸੰਮਤੀ ਜ਼ਿਲ੍ਹਾ ਪ੍ਰੀਸ਼ਦ ਪੈਨਸ਼ਨਰ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਫਿਰੋਜ਼ਪੁਰ ਵਿੱਚ ਮੀਟਿੰਗ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਹਰਭਗਵਾਨ ਕੰਬੋਜ ਨੇ ਕੀਤੀ। ਮੀਟਿੰਗ ਵਿੱਚ ਪੰਚਾਇਤ ਸੰਮਤੀ ਜ਼ਿਲ੍ਹਾ ਪ੍ਰੀਸ਼ਦ ਵਿੱਚ ਸੇਵਾ ਮੁਕਤ ਹੋਈ ਪੈਨਸ਼ਨਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਮੀਟਿੰਗ ਦੀ ਜਾਣਕਾਰੀ ਦਿੰਦਿਆਂ ਤਿਰਲੋਕ ਸਿੰਘ ਸੀਨੀਅਰ ਪ੍ਰਧਾਨ ਨੇ ਦੱਸਿਆ ਕਿ ਪੰਚਾਇਤ ਸੰਮਤੀ ਜ਼ਿਲ੍ਹਾ ਪ੍ਰੀਸ਼ਦ ਦੇ ਪੈਨਸ਼ਨਰਾਂ ਤੇ ਛੇਵਾਂ ਪੇ ਕਮਿਸ਼ਨ ਲਾਗੂ ਨਹੀਂ ਕੀਤਾ ਜਾ ਰਿਹਾ ਤੇ ਪੈਨਸ਼ਨਰਾਂ ਨੂੰ ਬੁਢਾਪਾ ਭੱਤਾ ਨਹੀਂ ਦਿੱਤਾ ਜਾ ਰਿਹਾ ਤੇ ਨਾ ਹੀ ਪੈਨਸ਼ਨਰਾਂ ਨੂੰ ਹਰ ਮਹੀਨੇ ਸਮੇਂ ਸਿਰ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ, ਸਰਕਾਰੀ ਕਰਮਚਾਰੀਆਂ ਵਾਂਗ ਯਾਤਰੀ ਭਵਨ ਦਿੱਤਾ ਜਾ ਰਿਹਾ, ਪਿਛਲੇ ਪੰਜ ਸਾਲਾਂ ਯੂਨੀਅਨ ਦੀਆਂ ਗਤੀਵਿਧੀਆਂ ਬਾਰੇ ਹਾਊਸ ਵਿੱਚ ਜਾਣਕਾਰੀ ਦਿੱਤੀ ਗਈ। ਪੁਰਾਣੀ ਬਾਡੀ ਨੂੰ ਭੰਗ ਕਰਨ ਉਪਰੰਤ ਨਹੀਂ ਬਾਡੀ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਬਲਬੀਰ ਸਿੰਘ ਮੱਖੂ ਜ਼ਿਲ੍ਹਾ ਪ੍ਰਧਾਨ ਤੇ ਪ੍ਰਲਾਦ ਭਗਤ ਜਨਰਲ ਸਕੱਤਰ ਚੁਣੇ ਗਏ। ਇਸ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਤਿਰਲੋਕ ਸਿੰਘ, ਰਾਜਾ ਸਿੰਘ ਤੇ ਕੁਲਵੰਤ ਕੌਰ, ਮੀਤ ਪ੍ਰਧਾਨ ਗੁਰਮੇਜ ਸਿੰਘ, ਰਮੇਸ਼ ਕੁਮਾਰ ਭੱਟੀ, ਖਜ਼ਾਨਚੀ ਮੁਹਿੰਦਰ ਕੁਮਾਰ ਸ਼ਰਮਾ, ਪ੍ਰੈੱਸ ਸਕੱਤਰ ਗੁਰਤੇਜ ਸਿੰਘ, ਮੁੱਖ ਸਲਾਹਕਾਰ ਚਮਨ ਲਾਲ ਮੋਗਾ, ਸਹਾਇਕ ਸਕੱਤਰ ਮਨਜਿੰਦਰ ਸਿੰਘ ਜ਼ੀਰਾ, ਕਾਰਜਕਾਰੀ ਕਮੇਟੀ ਵਿਚ ਸੁਖਚੈਨ ਸਿੰਘ ਮਮਦੋਟ, ਬੂਟਾ ਸਿੰਘ, ਕਮਲੇਸ਼ ਨਾਰੰਗ, ਰਾਜ ਕੁਮਾਰੀ, ਬਗੀਚਾ ਸਿੰਘ, ਜੋਰਾ ਸਿੰਘ, ਗੁਰਬਚਨ ਸਿੰਘ ਚੁਣੇ ਗਏ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪਸਸਫ ਦੇ ਸਾਬਕਾ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ, ਬਲਵੰਤ ਸਿੰਘ ਚੁੱਘਾ, ਹਰਬੰਸ ਸਿੰਘ, ਮਹਿੰਦਰ ਸਿੰਘ, ਗੁਰਦੀਪ ਸਿੰਘ, ਰਾਮਾ ਨੰਦ, ਚੰਦਰਾਵਤੀ, ਮਨਜੀਤ ਕੌਰ, ਗੁਰਮੀਤ ਕੌਰ, ਚਰਨ ਸਿੰਘ ਆਦਿ ਹਾਜ਼ਰ ਸਨ।

# ਮੀਂਹ ਨਾਲ ਨੁਕਸਾਨੀਆਂ ਫਸਲਾਂ ਦਾ 50 ਹਜ਼ਾਰ ਰੁਪਏ ਪ੍ਰਤੀ ਕਿੱਲਾ ਮੁਆਵਜ਼ਾ ਦਿੱਤਾ ਜਾਵੇ : ਭਸੌੜ/ਸੰਜੂਮਾਂ

**ਸੰਗਰੂਰ, (ਪ੍ਰਵੀਨ ਸਿੰਘ)**-ਪਿਛਲੇ ਦਿਨੀਂ ਪਈ ਬੇਮੌਸਮੀ ਬਾਰਸ਼ ਤੇ ਤੇਜ਼ ਹਵਾਵਾਂ ਕਰਕੇ ਪਿੰਡਾਂ ਵਿੱਚ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਲੀਡਰਸ਼ਿਪ ਵੱਲੋਂ ਪਾਰਟੀ ਦੇ ਪੀਏਸੀ ਮੈਂਬਰ ਬਹਾਦਰ ਸਿੰਘ ਭਸੌੜ ਤੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਜਥੇਦਾਰ ਹਰਜੀਤ ਸਿੰਘ ਸੰਜੂਮਾਂ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਪੀੜਤ ਕਿਸਾਨਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ। ਆਗੂਆਂ ਨੇ ਡਸਕਾ, ਹਰਿਆਊ, ਗਿੱਦੜਿਆਣੀ, ਰੱਤਾ ਖੇੜਾ ਸਮੇਤ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਦੀਆਂ ਮੀਂਹ ਤੇ ਹਨ੍ਹੇਰੀ ਕਾਰਨ ਪ੍ਰਭਾਵਿਤ ਹੋਈਆਂ ਫਸਲਾਂ ਦਾ ਹਾਲ ਆਪਣੀ ਅੱਖੀਂ ਦੇਖਿਆ ਤੇ ਪੀੜਤ ਕਿਸਾਨਾਂ ਲਈ 50 ਹਜ਼ਾਰ ਰੁਪਏ ਪ੍ਰਤੀ ਕਿੱਲਾ ਮੁਆਵਜ਼ੇ ਦੀ ਮੰਗ ਕੀਤੀ।

ਵੱਖ-ਵੱਖ ਪਿੰਡਾਂ ਦੇ ਪੀੜਤ ਕਿਸਾਨਾਂ ਨਾਲ ਮੀਟਿੰਗ ਉਪਰੰਤ ਪ੍ਰੈੱਸ ਦੇ ਨਾਂਅ ਜਾਰੀ ਬਿਆਨ ਕਰਦਿਆਂ ਪਾਰਟੀ ਦੇ ਪੀਏਸੀ ਮੈਂਬਰ ਸ. ਭਸੌੜ ਤੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਸੰਜੂਮਾਂ ਨੇ ਕਿਹਾ ਕਿ ਖੇਤੀ ਦੇ ਲਾਗਤ ਖਰਚੇ ਵਧਣ ਕਰਕੇ ਕਿਸਾਨ ਪਹਿਲਾਂ ਹੀ ਆਰਥਿਕ ਸੰਕਟ ਦੇ ਦੌਰ ਵਿੱਚੋਂ ਲੰਘ ਰਹੇ ਹਨ।



ਅਜਿਹੇ ਵਿੱਚ ਬੇਮੌਸਮੀ ਬਾਰਸ਼ਾਂ ਤੇ ਝੱਖੜਾਂ ਨੇ ਕਣਕ ਦੀ ਫਸਲ ਦਾ ਵੱਡੇ ਪੱਧਰ 'ਤੇ ਨੁਕਸਾਨ ਕਰਕੇ ਕਿਸਾਨਾਂ ਦੀ ਪ੍ਰੇਸ਼ਾਨੀ ਹੋਰ ਵਧਾ ਦਿੱਤੀ ਹੈ। ਹਾਲਾਤ ਇਹ ਹਨ ਕਿ ਦੇਸ਼ ਦਾ ਅੰਨਦਾਤਾ ਅਖਵਾਉਣ ਵਾਲੇ ਕਿਸਾਨ ਆਰਥਿਕ ਸੰਕਟਾਂ ਦੇ ਚੱਲਦਿਆਂ ਮਾਨਸਿਕ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਲੰਘ ਰਹੇ ਹਨ। ਇਸ ਲਈ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਤੋਂ ਤੁਰੰਤ ਪੀੜਤ ਕਿਸਾਨਾਂ ਲਈ 50 ਹਜ਼ਾਰ ਰੁਪਏ ਪ੍ਰਤੀ ਕਿੱਲਾ ਮੁਆਵਜ਼ੇ ਦਾ ਐਲਾਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਇਲਾਕੇ ਵਿੱਚ ਕਰੀਬ 100 ਵਿੱਘੇ ਜ਼ਮੀਨ ਵਿੱਚ ਖੜੀ ਫੁੱਲਾਂ ਦੀ ਫਸਲ ਵੀ ਨੁਕਸਾਨੀ ਗਈ ਹੈ, ਜਿਨ੍ਹਾਂ ਦੇ ਉਤਪਾਦਕ ਕਿਸਾਨਾਂ ਨੂੰ ਵੀ ਯੋਗ ਮੁਆਵਜ਼ਾ ਦਿੱਤਾ ਜਾਵੇ। ਆਗੂਆਂ ਨੇ ਪੀੜਤ ਕਿਸਾਨਾਂ ਨੂੰ ਐੱਮ. ਪੀ. ਸ੍ਰ. ਸਿਮਰਨਜੀਤ ਸਿੰਘ ਮਾਨ ਵੱਲੋਂ ਵੀ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਆਗੂ ਸਾਹਬਾਜ ਸਿੰਘ ਡਸਕਾ, ਮਨਦੀਪ ਸਿੰਘ ਹਰਿਆਊ, ਰੂਪ ਸਿੰਘ ਰੱਤਾਖੇੜਾ, ਚਰਨਾ ਸਿੰਘ ਡਸਕਾ, ਚਰਨਜੀਤ ਸਿੰਘ ਡਸਕਾ, ਗੁਰਦੀਪ ਸਿੰਘ ਹਰਿਆਊ, ਮੇਜਰ ਸਿੰਘ, ਗੁਰਮੇਲ ਸਿੰਘ, ਅਵਤਾਰ ਸਿੰਘ ਸਮੇਤ ਹੋਰ ਪਾਰਟੀ ਆਗੂ ਤੇ ਵਰਕਰ ਮੌਜੂਦ ਸਨ।

# ਪੇਪਰ ਮਾਰਕਿੰਗ ਵਾਲੇ ਅਧਿਆਪਕਾਂ ਨੂੰ ਵਾਧੂ ਲਾਭ ਦਿੱਤਾ ਜਾਵੇ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**- ਅੱਜ ਤੱਕ ਰਾਜ ਅੰਦਰ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੇਪਰਾਂ ਦੀ ਚੈਕਿੰਗ ਕਰਵਾਈ ਜਾ ਰਹੀ ਹੈ। ਸ੍ਰੀ ਮੁਕਤਸਰ ਸਾਹਿਬ ਸ਼ਹਿਰ ਅੰਦਰ ਤਿੰਨ ਸਕੂਲਾਂ ਅੰਦਰ ਮਾਰਕਿੰਗ ਦਾ ਕੰਮ ਚੱਲ ਰਿਹਾ ਹੈ। ਮਹਿਕਮੇ ਵੱਲੋਂ ਨਿਯੁਕਤ ਕੀਤੇ ਗਏ ਅਧਿਆਪਕ ਇਨ੍ਹਾਂ ਸਕੂਲਾਂ 'ਚ ਜਾ ਕੇ ਪੇਪਰ ਚੈਕਿੰਗ ਦਾ ਕੰਮ ਕਰਦੇ ਹਨ। ਇਸ ਵਿਧੀ ਨੂੰ ਟੇਬਲ ਮਾਰਕਿੰਗ ਕਿਹਾ ਜਾਂਦਾ ਹੈ। ਹਰ ਅਧਿਆਪਕ ਨੇ ਐਤਵਾਰ ਅਤੇ ਸਰਕਾਰੀ ਛੁੱਟੀਆਂ ਸਮੇਤ ਲਗਾਤਾਰ ਅੱਠ ਦਿਨ ਇਸ ਚੈਕਿੰਗ ਦਾ ਕਾਰਜ ਕਰਨਾ ਹੁੰਦਾ ਹੈ। ਇਨ੍ਹਾਂ ਅਧਿਆਪਕਾਂ ਨੂੰ ਪੇਪਰ ਮਾਰਕਿੰਗ ਦਾ ਮਿਹਨਤਾਨਾ ਤਾਂ ਮਿਲਦਾ ਹੀ ਹੈ, ਪਰੰਤੂ ਐਤਵਾਰ ਜਾਂ ਹੋਰ ਸਰਕਾਰੀ ਛੁੱਟੀ ਵਾਲੇ ਦਿਨ ਕੰਮ ਕਰਨ ਬਦਲੇ ਹੋਰ ਕੋਈ ਵਾਧੂ ਲਾਭ ਨਹੀਂ ਦਿੱਤਾ ਜਾਂਦਾ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਛੁੱਟੀ ਵਾਲੇ ਦਿਨ ਪੇਪਰ ਮਾਰਕਿੰਗ ਦਾ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਕੋਈ ਵਾਧੂ ਲਾਭ ਨਾ ਦਿੱਤੇ ਜਾਣ ਨੂੰ ਬੇਹੱਦ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (ਡਾਇਟ) ਵਿਖੇ ਛੁੱਟੀਆਂ 'ਚ ਸੈਮੀਨਾਰ ਅਟੈਂਡ ਕਰਨ ਵਾਲੇ ਅਧਿਆਪਕਾਂ ਨੂੰ ਵਿਭਾਗ ਵੱਲੋਂ ਸਪੈਸ਼ਲ ਕਮਾਈ ਛੁੱਟੀ (ਅਰਨਡਲੀਵ) ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਹੀ ਐਤਵਾਰ ਅਤੇ ਸਰਕਾਰੀ ਛੁੱਟੀ ਦੌਰਾਨ ਪੇਪਰ ਮਾਰਕਿੰਗ ਦਾ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਵੀ ਸਪੈਸ਼ਲ ਕਮਾਈ ਛੁੱਟੀ ਦਿੱਤੀ ਜਾਵੇ।

# ਪ੍ਰਭ ਆਸਰਾ ਨਿਆਸਰਿਆਂ ਦੇ ਘਰ ਫੇਰੂਰਾਈਂ ਵਿਖੇ ਅੱਖਾਂ ਦਾ ਮੁਫਤ ਜਾਂਚ ਕੈਂਪ ਲਾਇਆ

**ਜਗਰਾਉਂ, (ਸੰਜੀਵ ਅਰੋੜਾ)**-ਪ੍ਰਭ ਆਸਰਾ ਨਿਆਸਰਿਆਂ ਦੇ ਘਰ ਫੇਰੂਰਾਈਂ ਜਿੱਥੇ ਮੰਦਬੁੱਧੀ ਬੱਚਿਆਂ ਤੇ ਬਜ਼ੁਰਗਾਂ ਦੀ ਸੇਵਾ ਤੇ ਸੰਭਾਲ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਜਾ ਰਹੀ ਹੈ ਤੇ ਕੀਤੀ ਜਾਂਦੀ ਹੈ। ਪ੍ਰਭ ਆਸਰਾ ਸੰਸਥਾ ਦੇ ਮੁਖੀ ਸ਼ਮਸ਼ੇਰ ਸਿੰਘ ਤੇ ਹਰਜੀਤ ਸਿੰਘ ਰਾਏ ਕੈਨੇਡਾ ਦੇ ਯਤਨਾਂ ਸਦਕਾ ਅੱਖਾਂ ਦਾ ਫਰੀ ਮੈਡੀਕਲ ਚੈੱਕਅੱਪ ਕੈਂਪ ਫੇਰੂਰਾਈ ਨਿਆਸਰਿਆਂ ਦੇ ਘਰ ਵਿਖੇ ਲਗਾਇਆ ਗਿਆ। ਹਰਜੀਤ ਸਿੰਘ ਰਾਏ ਕੈਨੇਡਾ ਨਾਲ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਹ ਅੱਖਾਂ ਦੇ ਫਰੀ ਮੈਡੀਕਲ ਕੈਂਪ ਜ਼ਿਲ੍ਹਾ ਬਰਨਾਲਾ ਦੇ ਸਿਵਲ ਹਸਪਤਾਲ ਦੀ ਸਮੁੱਚੀ ਡਾਕਟਰਾਂ ਦੀ ਟੀਮ ਵੱਲੋਂ ਅੱਖਾਂ ਦੀ ਡਾਕਟਰ ਇੰਦੂ ਬਾਂਸਲ ਦੀ ਯੋਗ ਅਗਵਾਈ 'ਚ ਲਗਾਇਆ ਗਿਆ। ਇਸ ਕੈਂਪ ਵਿੱਚ ਫੇਰੂਰਾਈ ਦੇ ਆਸ-ਪਾਸ ਦੇ ਪਿੰਡਾਂ ਦੇ 210 ਦੇ ਕਰੀਬ ਲੋੜਵੰਦ ਬਜ਼ੁਰਗਾਂ ਤੇ ਬੀਬੀਆਂ ਨੇ ਆਪਣਾ ਅੱਖਾਂ ਦਾ ਫਰੀ ਮੈਡੀਕਲ ਚੈੱਕਅੱਪ ਕਰਵਾਇਆ। ਲੋੜਵੰਦ ਮਰੀਜ਼ਾਂ ਦੇ ਟੈਸਟਾਂ ਦਾ ਸਾਰਾ ਖਰਚਾ ਪ੍ਰਭ ਆਸਰਾ ਸੰਸਥਾ ਫੇਰੂਰਾਈਂ ਵੱਲੋਂ ਕੀਤਾ ਜਾਵੇਗਾ, ਜਿਨ੍ਹਾਂ ਮਰੀਜ਼ਾਂ ਨੂੰ ਅੱਖਾਂ ਦੇ ਲੈਨਜ਼ ਦੀ ਜ਼ਰੂਰਤ ਹੋਵੇਗੀ ਪ੍ਰਭ ਆਸਰਾ ਸੰਸਥਾ ਵੱਲੋਂ ਉਨ੍ਹਾਂ ਦੀ ਵੀ ਸਹਾਇਤਾ ਕੀਤੀ ਜਾਵੇਗੀ। ਇਸ ਕੈਂਪ ਦਾ ਉਦਘਾਟਨ ਨਰਿੰਦਰ ਸਿੰਘ ਗੋਰਾ ਕੈਨੇਡਾ ਦੇ ਪਿਤਾ ਕੈਪਟਨ ਕਮਿੱਕਰ ਸਿੰਘ ਫੇਰੂਰਾਈਂ ਵੱਲੋਂ ਕੀਤਾ ਗਿਆ। ਕੈਪਟਨ ਕਮਿੱਕਰ ਸਿੰਘ ਫੇਰੂਰਾਈਂ ਨੇ ਬਰਨਾਲਾ ਤੋਂ ਆਈ ਸਿਵਲ ਹਸਪਤਾਲ ਦੀ ਸਮੁੱਚੀ ਡਾਕਟਰਾਂ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਕੈਂਪ ਵਿੱਚ ਪ੍ਰਭ ਆਸਰਾ ਸੰਸਥਾ ਦੇ ਮੈਂਬਰ ਪ੍ਰਿੰਸੀਪਲ ਸਰਵਜੀਤ ਸਿੰਘ ਬਿੱਟਾ ਝੋਰੜਾਂ ਦੀ ਭੈਣ ਕਰਮਜੀਤ ਕੌਰ ਵੱਲੋਂ ਧਨ ਰਾਸ਼ੀ ਦੀ ਸਹਾਇਤਾ ਵੀ ਦਿੱਤੀ ਗਈ। ਪ੍ਰਭ ਆਸਰਾ ਸੰਸਥਾ ਵੱਲੋਂ ਹੋਰ ਵੀ ਅਨੇਕਾਂ ਸਮਾਜ ਭਲਾਈ ਦੇ ਕੰਮਾਂ ਵਿੱਚ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ। ਇਹ ਸਾਰੇ ਕੰਮ ਸਮਾਜ ਦਰਦੀਆਂ ਦੇ ਸਹਿਯੋਗ ਨਾਲ ਚੱਲ ਰਹੇ ਹਨ। ਇਸ ਸਮੇਂ ਅੱਖਾਂ ਦੇ ਫਰੀ ਮੈਡੀਕਲ ਕੈਂਪ ਵਿੱਚ ਕਮਿੱਕਰ ਸਿੰਘ ਫੇਰੂਰਾਈ, ਡਾਕਟਰ ਇੰਦੂ ਬਾਂਸਲ, ਪ੍ਰਿੰਸੀਪਲ ਸਰਵਜੀਤ ਸਿੰਘ ਬਿੱਟਾ ਝੋਰੜਾਂ, ਹਰਦੀਪ ਸਿੰਘ ਬਿੰਜਲ, ਸੂਬੇਦਾਰ ਜਗਸੀਰ ਸਿੰਘ, ਦਰਸ਼ਨ ਸਿੰਘ ਬਾਬਾ, ਡਾ. ਰੁਘਵੀਰ ਸਿੰਘ ਫੇਰੂਰਾਈ, ਡਾ. ਕੇਵਲ ਸਿੰਘ, ਸਾਬਕਾ ਸਰਪੰਚ ਬਹਾਲ ਸਿੰਘ, ਨੰਬਰਦਾਰ ਗੁਰਸੇਵਕ ਸਿੰਘ ਸੋਨੀ, ਗੁਰਦੀਪ ਸਿੰਘ, ਬਿੰਦਰ ਡਾਇਰੀ ਵਾਲਾ, ਰੂਪ ਸਿੰਘ ਤੇ ਜਗਰੂਪ ਸਿੰਘ ਜੂਪਾ ਤੋਂ ਇਲਾਵਾ ਫੇਰੂਰਾਈਂ ਪਿੰਡ ਦੇ ਮੋਹਤਵਰ ਸੱਜਣ ਤੇ ਡਾਕਟਰਾਂ ਦੀ ਟੀਮ ਮੌਜੂਦ ਸੀ।



6-April-PAGE-11.qxd 4/5/2023 10:52 PM Page 1



# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਕੌਮੀ ਇਨਸਾਫ਼ ਮੋਰਚੇ 'ਚ ਕਰੇਗੀ ਮਿਸਾਲੀ ਸ਼ਿਰਕਤ : ਸਭਰਾਂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**
ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾਂ ਅਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਨੇ ਜਾਣਕਰੀ ਦਿੱਤੀ ਕਿ ਬੰਦੀ ਸਿੰਘਾਂ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਸਮੇਤ ਚਾਰ ਮੰਗਾਂ ਨੂੰ ਲੈ ਕੇ ਚੱਲ ਰਹੇ ਚੰਡੀਗੜ੍ਹ-ਮੋਹਾਲੀ ਬਾਰਡਰ ਤੇ ਚੱਲ ਰਹੇ ਕੌਮੀ ਇਨਸਾਫ ਮੋਰਚੇ ਅੰਦਰ 6 ਅਪ੍ਰੈਲ ਨੂੰ ਜਥੇਬੰਦੀ ਦੀ ਅਗਵਾਈ ਵਿੱਚ ਹਜ਼ਾਰਾਂ ਕਿਸਾਨ, ਮਜ਼ਦੂਰ ਅਤੇ ਬੀਬੀਆਂ ਦੇ ਜਥੇ ਸ਼ਾਮਿਲ ਹੋਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਥੇਬੰਦੀ ਪਹਿਲੇ ਦਿਨ ਤੋਂ ਮੋਰਚੇ ਦੀ ਹਮਾਇਤ ਕਰ ਰਹੀ ਹੈ ਅਤੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਅਪੀਲ ਹੈ ਕਿ ਜਲਦ ਤੋਂ ਜ਼ਲਦ ਮੋਰਚੇ ਦੀਆਂ ਮੰਗਾਂ ਤੇ ਕਾਰਵਾਈ ਕਰਦੇ ਹੋਏ ਬੰਦੀ ਸਿੱਖ ਅਤੇ ਸਰਕਾਰ ਦੇ ਖਿਲਾਫ ਲੋਕਾਂ ਦੀ ਆਵਾਜ਼ ਚੁੱਕਣ ਦੇ ਕਾਰਨ ਫੜੇ ਗਏ ਸਭ ਪੱਤਰਕਾਰ, ਬੁੱਧੀਜੀਵੀ ਅਤੇ ਸਭ ਸਮਾਜ ਸੇਵੀ ਕਾਰਕੁਨ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ, ਤੁਰੰਤ ਰਿਹਾਅ ਕੀਤੇ ਜਾਣ। ਸ਼ਾਂਤਮਈ ਸੰਘਰਸ਼ ਹੀ ਮਸਲਿਆਂ ਦੇ ਅਸਲੀ ਹੱਲ ਲਈ ਕਾਰਗਰ ਹਨ। ਪੰਜਾਬ ਵਿੱਚੋਂ ਪੈਰਾਮਿਲਟਰੀ ਫੋਰਸਾਂ ਤੁਰੰਤ ਵਾਪਿਸ ਜਾਣੀਆਂ ਚਾਹੀਦੀਆਂ ਹਨ ਅਤੇ ਮਾਸੂਮ ਤੇ ਭਾਵਨਾਤਮਕ ਨੌਜਵਾਨਾਂ ਤੇ ਲਗਾਏ ਐਨਐੱਸਏ ਵਰਗੇ ਗ਼ੈਰ ਜਮਹੂਰੀ ਕਨੂੰਨ ਵਾਪਿਸ ਲੈਣੇ ਚਾਹੀਦੇ ਹਨ। ਸਰਕਾਰ ਨੇ ਪਿਛਲੇ ਦਿਨੀ ਹੋਈ ਬੇਮੌਸਮੀ ਬਰਸਾਤ ਅਤੇ ਗੜ੍ਹੇਮਾਰੀ ਕਾਰਨ ਹੋਏ ਫਸਲਾਂ ਦੇ ਨੁਕਸਾਨ ਸਬੰਧੀ ਐਲਾਨ ਕੀਤੀ ਗਈ ਰਕਮ, 75 ਫੀਸਦੀ ਤੋਂ ਵੱਧ ਨੁਕਸਾਨ ਤੇ 15000 ਅਤੇ 33-75 ਫੀਸਦੀ ਤੱਕ 6750 ਰੁਪਏ ਅਤੇ 33



ਫੀਸਦੀ ਤੱਕ ਹੋਏ ਨੁਕਸਾਨ ਦਾ ਮੁਆਵਜ਼ਾ ਨਾ ਦੇਣ ਅਤੇ ਮਜ਼ਦੂਰਾਂ ਲਈ ਸਿਰਫ 10 ਫੀਸਦੀ ਦੀ ਨਿਗੂਣੀ ਰਾਸ਼ੀ ਦਾ ਐਲਾਨ ਕੀਤਾ ਜਦੋਂ ਕੇ ਪਹਿਲਾਂ ਮੁਆਵਜ਼ੇ ਦੀ ਰਾਸ਼ੀ 25 ਫੀਸਦੀ ਹੋਏ ਨੁਕਸਾਨ ਤੋਂ ਸ਼ੁਰੂ ਹੁੰਦੀ ਸੀ। ਨਵੇਂ ਜਾਰੀ ਕੀਤੇ ਫੁਰਮਾਨ ਨੇ ਭਗਵੰਤ ਮਾਨ ਸਰਕਾਰ ਦਾ ਕਿਸਾਨ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਹੈ। ਦੂਜੇ ਪਾਸੇ 10 ਫੀਸਦੀ ਤੋਂ ਵੱਧ ਨੁਕਸਾਨੇ ਅਨਾਜ 'ਤੇ 25 ਫੀਸਦੀ ਕੱਟ ਲਾਉਣ ਦੀ ਤਿਆਰੀ ਹੋ ਚੁੱਕੀ ਹੈ, ਜੋ ਬਰਦਾਸ਼ਤ ਤੋਂ ਬਾਹਰ ਹੈ। 70 ਫੀਸਦੀ ਅਬਾਦੀ ਸਿੱਧੀ ਖੇਤੀਬਾੜੀ ਨਾਲ ਜੁੜੀ ਹੈ, ਅਗਰ ਖੇਤੀਬਾੜੀ ਡਾਵਾਂਡੋਲ ਹੁੰਦੀ ਹੈ ਤਾਂ ਸਾਰਾ ਬਾਜ਼ਾਰ ਵੀ ਡਾਵਾਂਡੋਲ ਹੋਵੇਗਾ। ਕੁਦਰਤੀ ਆਫਤ ਤੇ ਸਰਕਾਰ ਵੱਲੋਂ ਕਿਸਾਨ/ਮਜ਼ਦੂਰ ਵਿਰੋਧੀ ਕੀਤੇ ਐਲਾਨ ਇਨ੍ਹਾਂ ਵਰਗਾਂ ਨੂੰ ਮੌਤ ਦੇ ਮੂੰਹ ਵੱਲ ਲਿਜਾਣਗੇ ਤੇ ਆਤਮਹੱਤਿਆਵਾਂ ਵਿੱਚ ਚਿੰਤਾਜਨਕ ਵਾਧਾ ਕਰਨਗੇ, ਇਸ ਕਰਕੇ ਸਾਡੀ ਸਰਕਾਰ ਤੋਂ ਮੰਗ ਹੈ ਕੇ ਖ਼ਰਾਬੇ ਦੀ ਰਕਮ ਵਿਚ ਵਾਧਾ ਕਰਦੇ ਹੋਏ ਏਕੜ ਨੂੰ ਇਕਾਈ ਮੰਨ ਕੇ ਘੱਟੋ ਘਟ 50 ਹਾਜ਼ਰ ਰੁਪਏ ਕਿਸਾਨ ਲਈ ਅਤੇ 50 ਫੀਸਦੀ ਖੇਤ ਮਜ਼ਦੂਰ ਨੂੰ ਮੁਆਵਜ਼ਾ ਦਿੱਤਾ ਜਾਵੇ, ਪੰਜਾਬ ਭਰ ਵਿੱਚ ਗਿਰਦਾਵਰੀਆਂ ਬਿਨਾਂ ਭੇਦ ਭਾਵ ਤੋਂ ਤਰੁੰਤ ਮੁਕੰਮਲ ਕਰਕੇ ਕਿਸਾਨਾਂ ਨੂੰ ਰਾਹਤ ਦਿੱਤੀ ਜਾਵੇ ਤੇ ਫਸਲਾਂ ਦੀ ਬੀਮਾ ਪਾਲਿਸੀ ਲਿਆ ਕੇ ਸਰਕਾਰ ਖੁਦ ਸਮੁੱਚੇ ਕਿਸਾਨਾਂ ਦੀਆਂ ਫਸਲਾ ਦਾ ਬੀਮਾ ਕਰੇ। ਸਰਕਾਰ ਵੱਲੋਂ ਕੀਤੇ ਜਾ ਰਹੇ ਦਾਅਵੇ ਕਿ ਮੁਆਵਜ਼ੇ ਦੀ ਰਕਮ ਵਿੱਚ ਵਾਧਾ ਕੀਤਾ ਗਿਆ ਹੈ, ਕੋਰਾ ਝੂਠ ਹੈ, ਜਦਕਿ ਪਿਛਲੇ ਸਾਲ ਨਰਮੇ ਦੀ ਫਸਲ ਦੇ ਹੋਏ ਨੁਕਸਾਨ ਤੇ 17.5 ਹਜ਼ਾਰ ਮੁਆਵਜ਼ੇ ਦਾ ਐਲਾਨ ਸੀ ਪਰ ਇਸ ਗੜ੍ਹੇਮਾਰੀ ਤੇ 2.5 ਹਜ਼ਾਰ ਘਟਾ ਕੇ ਐਲਾਨ ਕੀਤਾ ਗਿਆ ਹੈ। ਕੁਦਰਤੀ ਮਾਰ ਕਾਰਨ ਖਰਾਬ ਹੋਈ ਕਣਕ ਸਰਕਾਰ ਨੂੰ ਬਿਨਾਂ ਸ਼ਰਤ ਅਤੇ ਬਿਨਾ ਕਿਸੇ ਕੱਟ ਦੇ ਚੁੱਕਣੀ ਚਾਹੀਦੀ ਹੈ ਅਗਰ ਕੋਈ ਜ਼ਰੂਰਤ ਪਈ ਤਾਂ ਜਥੇਬੰਦੀ ਸੰਘਰਸ਼ ਕਰੇਗੀ।

# ਕ੍ਰਿਸ਼ਨਾ ਕਾਲਜ ਰੱਲੀ ਵਿਖੇ ਕਰੁਣਾ ਵੈਜ ਫਾਊਂਡੇਸ਼ਨ ਦਿੱਲੀ ਵੱਲੋਂ ਸੈਮੀਨਾਰ

**ਬੁਢਲਾਡਾ (ਅਸ਼ੋਕ ਲਾਕੜਾ)**-ਕਰੁਣਾ ਵੈਜ ਫਾਊਂਡੇਸ਼ਨ ਦਿੱਲੀ ਵੱਲੋਂ ਸਥਾਨਕ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਵਿਖੇ ਵੈਜ ਨਾਨ-ਵੈਜ ਵਿਸ਼ੇ 'ਤੇ ਇੱਕ ਦਸਤਾਵੇਜੀ ਫਿਲਮ ਦਿਖਾਈ ਗਈ। ਇਸ ਦਸਤਾਵੇਜ਼ੀ ਸੰਬੰਧੀ ਜਾਣਕਾਰੀ ਦਿੰਦੇ ਹੋਏ ਟੀਮ ਦੀ ਅਗਵਾਈ ਕਰ ਰਹੇ ਪ੍ਰੋਫੈਸਰ ਮਨਜੀਤ ਸਿੰਘ ਨੇ ਦੱਸਿਆ ਕਿ ਭਾਰਤ ਵਿਭਿੰਨਤਾਵਾਂ ਭਰਿਆ ਦੇਸ਼ ਹੈ, ਜਿੱਥੇ ਹਰ ਜਾਤ ਧਰਮ ਦੇ ਲੋਕ ਮਿਲ-ਜੁਲ ਕੇ ਰਹਿੰਦੇ ਹਨ। ਖਾਣ-ਪੀਣ ਸੰਬੰਧੀ ਸਭ ਦੇ ਆਪਣੇ-ਆਪਣੇ ਨਿਯਮ ਵਿਧਾਨ ਹਨ ਪਰ ਸਾਰੇ ਹੀ ਧਰਮ ਇੱਕ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ ਅਤੇ ਇਸ ਲਈ ਸਾਨੂੰ ਸੰਸਾਰ ਵਿੱਚ ਰਹਿੰਦੇ ਹੋਏ ਕਿਸੇ ਵੀ ਜੀਵ-ਜੰਤੂਆਂ ਤੇ ਹਿੰਸਾ ਨਹੀਂ ਕਰਨੀ ਚਾਹੀਦੀ। ਜਨਮਦਿਨ ਮਨਾਉਣ ਸਮੇਂ ਸਾਨੂੰ ਬਾਜ਼ਾਰਵਾਦ ਦੇ ਪ੍ਰਭਾਵ ਤੋਂ ਬਚਣਾ ਚਾਹੀਦਾ ਹੈ ਅਤੇ ਇੱਕ ਰੁੱਖ ਜਰੂਰ ਲਗਾਉਣਾ ਚਾਹੀਦਾ ਹੈ। ਪ੍ਰੋਗਰਾਮ ਦੇ ਅਖੀਰ ਵਿੱਚ ਕਾਲਜ ਦੀ ਮੈਨੇਜਮੈਂਟ ਵੱਲੋਂ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਪਰਸਨ ਸੁਖਵਿੰਦਰ ਸਿੰਘ ਚਹਿਲ ਅਤੇ ਕਾਲਜ ਇੰਚਾਰਜ ਸਰਵਜੀਤ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਮੰਚ ਸੰਚਾਲਨ ਪ੍ਰੋ. ਸਰਬਜੀਤ ਸਿੰਘ ਸਰਾਂ ਵੱਲੋਂ ਕੀਤਾ ਗਿਆ।

# ਅਨਿਲ ਫਤਿਹਗੜ੍ਹ ਜੱਟਾਂ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਪ੍ਰਧਾਨ ਬਣੇ

**ਦੋਰਾਹਾ, (ਹਰਮਿੰਦਰ ਸੇਠ)**
ਪੰਜਾਬ ਅੰਦਰ ਕਈ ਦਹਾਕੇ ਪੁਰਾਣੀ ਅਤੇ ਸ਼ਾਨਮੱਤੇ ਇਤਿਹਾਸ ਵਾਲੀ ਪੰਜਾਬੀ ਲਿਖਾਰੀ ਸਭਾ ਰਾਮਪੁਰ (ਰਜਿ) ਦੀ ਚੋਣ ਵਿਚ ਨੌਜੁਆਨ ਚਿਹਰਿਆਂ ਦੀ ਆਮਦ ਨਾਲ ਇਕ ਵਾਰ ਫਿਰ ਲਿਖਾਰੀ ਸਭਾ ਧਰੂ ਤਾਰੇ ਵਾਂਗ ਜਗਮਗਾ ਸਕਦੀ ਹੈ। ਅਪ੍ਰੈਲ ਮਹੀਨੇ ਦੀ ਮਾਸਕ ਇਕੱਤਰਤਾ ਸਭਾ ਦੀ ਲਾਇਬ੍ਰੇਰੀ ਵਿਚ ਸਭਾ ਦੇ ਪ੍ਰਧਾਨ ਜਸਵੀਰ ਝੱਜ ਦੀ ਪ੍ਰਧਾਨਗੀ ਹੇਠ ਹੋਈ। ਇਸ ਇਕੱਤਰਤਾ ਵਿਚ ਸਭਾ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿਚ ਪ੍ਰਧਾਨ ਦੇ ਅਹੁਦੇ ਲਈ ਅਨਿਲ ਫਤਿਹਗੜ੍ਹ ਜੱਟਾਂ, ਬਲਵੰਤ ਮਾਂਗਟ ਜਨਰਲ ਸਕੱਤਰ, ਅਮਰਿੰਦਰ ਸੋਹਲ ਮੀਤ ਪ੍ਰਧਾਨ ਅਤੇ ਨੀਤੂ ਰਾਮਪੁਰ ਸਕੱਤਰ ਚੁਣੇ ਗਏ। ਲੇਖਕਾਂ ਦੇ ਬਾਬਾ ਬੋਹੜ ਵਜੋਂ ਜਾਣੇ ਜਜ਼ਦੇ ਸੁਰਿੰਦਰ ਰਾਮਪੁਰੀ ਸਭਾ ਦੇ ਸਰਪ੍ਰਸਤ ਬਣਾਏ ਗਏ। ਅਹੁਦੇਦਾਰਾਂ ਵੱਲੋਂ ਗੁਰਦਿਆਲ ਦਲਾਲ, ਅਮਨ ਆਜ਼ਾਦ, ਪ੍ਰਭਜੋਤ ਰਾਮਪੁਰ, ਪ੍ਰੀਤ ਸੰਦਲ, ਬਲਦੇਵ ਸਿੰਘ ਝੱਜ, ਕਮਲਜੀਤ ਨੀਲੋਂ ਅਤੇ ਜੋਰਾਵਰ ਸਿੰਘ ਪੰਛੀ ਨੂੰ ਕਾਰਜਕਾਰਨੀ ਦੇ ਮੈਂਬਰ ਨਾਮਜ਼ਦ ਕੀਤਾ ਗਿਆ। ਇਸ ਸਮੇਂ ਨਵੇਂ ਚੁਣੇ ਗਏ ਅਤੇ ਸਾਬਕਾ ਅਹੁਦੇਦਾਰਾਂ ਸਮੇਤ ਸਾਰੇ ਹਾਜ਼ਰ ਲੇਖਕਾਂ ਵੱਲੋਂ ਗਜ਼ਲਗੋ ਜੋਰਾਵਰ ਸਿੰਘ ਪੰਛੀ ਦਾ ਪਲੇਠਾ ਗਜ਼ਲ ਸੰਗ੍ਰਹਿ 'ਕੱਚ ਦਾ ਵਪਾਰੀ' ਰਿਲੀਜ਼ ਕੀਤਾ ਗਿਆ। ਸਾਹਿਤਕ ਰਚਨਾਵਾਂ ਦੇ ਦੌਰ ਵਿਚ ਸਰਦਾਰ ਪੰਛੀ, ਕਮਲਜੀਤ ਨੀਲੋਂ, ਨੀਤੂ ਰਾਮਪੁਰ, ਸਿਮਰਨਦੀਪ ਕੌਰ, ਅਮਰਿੰਦਰ ਸੋਹਲ, ਦਲਬੀਰ ਕਲੇਰ, ਅਵਤਾਰ ਸਿੰਘ ਬੇਦੀ, ਦਰਸ਼ਨ ਤੂਰ ਬਲਾਲਾ, ਜੋਰਾਵਰ ਸਿੰਘ ਪੰਛੀ, ਪ੍ਰਭਜੋਤ ਰਾਮਪੁਰ, ਅਨਿੱਲ ਫਤਿਹਗੜ੍ਹ ਜੱਟਾਂ, ਪਰਮਿੰਦਰ ਅਲਬੇਲਾ, ਪ੍ਰੀਤ ਸੰਦਲ, ਗੁਰਸੇਵਕ ਸਿੰਘ ਢਿੱਲੋਂ ਅਤੇ ਦੀਪ ਦਿਲਬਰ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਪੜ੍ਹੀਆਂ ਗਈਆਂ ਰਚਨਾਵਾਂ 'ਤੇ ਹੋਈ ਚਰਚਾ ਵਿਚ ਗੁਰਦਿਆਲ ਦਲਾਲ, ਮੁਖਤਿਆਰ ਸਿੰਘ, ਜਗਜੀਤ ਸਿੰਘ (ਜ਼ਿਲ੍ਹਾ ਭਾਸ਼ਾ ਅਫਸਰ ਫਤਿਹਗੜ੍ਹ ਸਾਹਿਬ), ਸੰਤ ਸਿੰਘ ਸੋਹਲ, ਸੁਰਿੰਦਰ ਰਾਮਪੁਰੀ, ਹਰਬੰਸ ਮਾਲਵਾ, ਜਸਵੀਰ ਝੱਜ, ਅਵਤਾਰ ਧਮੋਟ, ਲਖਬੀਰ ਲੱਭਾ, ਗੁਲਜਾਰ ਪੰਧੇਰ, ਮਨੂੰ ਬੁਆਣੀ, ਬੁੱਧ ਸਿੰਘ ਨੀਲੋਂ, ਗੁਰਭਗਤ ਸਿੰਘ, ਦੀਪ ਦਿਲਬਰ ਅਤੇ ਰਣਜੀਤ ਸਿੰਘ ਭੁੱਟਾ ਨੇ ਭਾਗ ਲਿਆ।

# ਮੁਆਵਜ਼ੇ ਸੰਬੰਧੀ ਬੀ ਕੇ ਯੂ ਉਗਰਾਹਾਂ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**
ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਤਰਨ ਤਾਰਨ ਵੱਲੋਂ ਪਿੰਡਾਂ ਵਿੱਚ ਹੋਈ ਭਾਰੀ ਬਾਰਿਸ਼ ਤੇ ਗੜ੍ਹੇਮਾਰੀ ਨਾਲ ਫਸਲਾਂ, ਸਬਜ਼ੀਆਂ, ਬਾਗਾਂ, ਘਰਾਂ ਅਤੇ ਹੋਰ ਨੁਕਸਾਨ ਦੇ ਮੁਆਵਜ਼ੇ ਸੰਬੰਧੀ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਜ਼ਿਲਾ ਤਰਨ ਤਾਰਨ ਦੇ ਮੀਤ ਪ੍ਰਧਾਨ ਦਲੇਰ ਸਿੰਘ ਰਾਜੋਕੇ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਵੀ ਭਾਰੀ ਬਾਰਿਸ਼ ਨਾਲ ਖੇਤਾਂ ਵਿੱਚ ਪਾਣੀ ਭਰ ਗਿਆ ਹੈ ਜਿਸ ਨਾਲ ਵੱਡੇ ਪੱਧਰ 'ਤੇ ਡਿੱਗੀ ਹੋਈ ਕਣਕ ਦੀ ਫ਼ਸਲ ਗਲਣੀ ਸ਼ੁਰੂ ਹੋ ਗਈ ਹੈ ਅਤੇ ਸਿੱਟਿਆਂ ਵਿੱਚ ਦਾਣੇ ਹਰੇ ਹੋਣ ਲੱਗ ਪਏ ਹਨ। ਗੜ੍ਹੇਮਾਰੀ ਕਾਰਨ ਪੱਕਣ 'ਤੇ ਆਈ ਸਰ੍ਹੋਂ ਦੀ ਫਸਲ ਦੀਆਂ ਫਲੀਆਂ ਬਿਲਕੁੱਲ ਟੁੱਟ ਚੁੱਕੀਆਂ ਹਨ ਜੋ ਥੋੜੀਆਂ-ਮੋਟੀਆਂ ਬਚੀਆਂ ਹਨ ਉਹ ਕਾਲੀਆਂ ਹੋ ਚੁੱਕੀਆਂ ਹਨ ਤੇ ਗੜ੍ਹੇਮਾਰੀ ਨਾਲ ਕਣਕ ਦੀਆਂ ਬੱਲੀਆਂ ਵੀ ਭੁਰ ਚੁੱਕੀਆਂ ਹਨ। ਬੱਲੀਆਂ ਵਿੱਚ ਬਚੇ ਹੋਏ ਦਾਣੇ ਬਦਰੰਗ ਹੋ ਜਾਣੇ ਹਨ। ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਹੋਰ ਵੀ ਭਾਰੀ ਆਰਥਿਕ ਨੁਕਸਾਨ ਝੱਲਣਾ ਪੈਣਾ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਮੰਗ ਪੱਤਰ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਫਸਲਾਂ ਅਤੇ ਹੋਰ ਹੋਏ ਨੁਕਸਾਨ ਦੀ ਗਿਰਦਾਵਰੀ ਛੇਤੀ ਮੁਕੰਮਲ ਕੀਤੀ ਜਾਵੇ,



ਫਸਲਾਂ ਦੇ ਹੋਏ ਨੁਕਸਾਨ ਮੁਤਾਬਕ ਪੂਰੀ ਦੀ ਪੂਰੀ ਭਰਪਾਈ ਕੀਤੀ ਜਾਵੇ ਇਸੇ ਤਰ੍ਹਾਂ ਹੋਰ ਹੋਏ ਨੁਕਸਾਨ ਜਿਵੇਂ ਮਕਾਨਾਂ ਵਗੈਰਾ ਦਾ ਪੂਰਾ ਮੁਆਵਜਾ ਦਿੱਤਾ ਜਾਵੇ, ਖੇਤ ਮਜ਼ਦੂਰਾਂ ਨੂੰ ਰੁਜਗਾਰ ਉਜਾੜੇ ਦਾ ਪ੍ਰਤੀ ਪਰਿਵਾਰ ਪੂਰਾ ਮੁਆਵਜਾ ਦਿੱਤਾ ਜਾਵੇ,ਕੁਦਰਤੀ ਆਫਤਾਂ ਕਾਰਨ ਫਸਲਾਂ ਦੇ ਨੁਕਸਾਨ ਦੀ ਪੂਰੀ ਭਰਪਾਈ ਲਈ ਸਰਕਾਰੀ ਬੀਮਾ ਯੋਜਨਾ ਨੀਤੀ ਬਣਾਈ ਜਾਵੇ, ਸਮੁੱਚੇ ਕਰਜ਼ਿਆਂ ਦੀਆਂ ਕਿਸ਼ਤਾਂ ਵਿਆਜ ਮੁਆਫ ਕਰਕੇ ਅੱਗੇ ਪਾਈਆਂ ਜਾਣ। ਇਸ ਮੌਕੇ ਇੰਦਰਜੀਤ ਸਿੰਘ ਮਾੜੀਮੇਘਾ, ਤਰਸੇਮ ਸਿੰਘ ਕੁਹਾੜਕਾ, ਸਤਨਾਮ ਸਿੰਘ ਹਰੀਕੇ, ਬਖਸ਼ੀਸ਼ ਸਿੰਘ ਬਹਾਦਰ ਨਗਰ, ਬਲਵਿੰਦਰ ਸਿੰਘ ਕਲਸ ਆਦਿ ਕਿਸਾਨ ਆਗੂ ਹਾਜ਼ਰ ਸਨ।

# ਲਖਵਿੰਦਰ ਸਿੰਘ ਫੌਜੀ ਨੂੰ ਸਦਮਾ, ਪਿਤਾ ਦਾ ਦਿਹਾਂਤ

**ਝਬਾਲ (ਹਰਜਿੰਦਰ ਸਿੰਘ ਸੋਨੀ/ ਰੌਬਿਨ ਸਿੰਘ ਸੋਨੀ)**-ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਕੈਸ਼ੀਅਰ ਲਖਵਿੰਦਰ ਸਿੰਘ ਫੌਜੀ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਵੀਰ ਸਿੰਘ ਦਾ ਦਿਹਾਂਤ ਹੋ ਗਿਆ। ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਮੱਥਰੇਵਾਲ ਕਰ ਦਿੱਤਾ ਗਿਆ। ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਵਾਲਿਆਂ 'ਚ ਐੱਮਐੱਲਏ ਡਾ. ਕਸ਼ਮੀਰ ਸਿੰਘ ਸੋਹਲ, ਹਲਕਾ ਖਡੂਰ ਸਾਹਿਬ ਐੱਮਐੱਲਏ ਰਣਜੀਤ ਸਿੰਘ ਲਾਲਪੁਰਾ, ਹਲਕਾ ਜੰਡਿਆਲਾ ਦੇ ਬਿਜਲੀ ਮੰਤਰੀ



ਹਰਭਜਨ ਸਿੰਘ ਈਟੀਓ, ਹਲਕਾ ਪੱਟੀ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਚੇਅਰਮੈਨ ਰਜਿੰਦਰ ਸਿੰਘ ਉਸਮਾਂ, ਸੋਸ਼ਲ ਮੀਡੀਆ ਇੰਚਾਰਜ ਹਰਪ੍ਰੀਤ ਸਿੰਘ ਧੁੰਨ, ਬਲਵਿੰਦਰ ਸਿੰਘ ਜੌਹਲ, ਠੇਕੇਦਾਰ ਅਵਤਾਰ ਸਿੰਘ, ਵਰਿੰਦਰ ਸਿੰਘ ਧਾਮੀ, ਠੇਕੇਦਾਰ ਗੁਰਦੇਵ ਸਿੰਘ, ਬਲਵਿੰਦਰ ਸਿੰਘ, ਚੇਅਰਮੈਨ ਗੁਰਵਿੰਦਰ ਸਿੰਘ ਬੈਲਵਾੜ, ਸਰੂਪ ਸਿੰਘ, ਗੁਰਦਾਸ ਸਿੰਘ ਢੋਲਣ, ਚੇਅਰਮੈਨ ਰਣਜੀਤ ਸਿੰਘ ਚੀਮਾ, ਮੁਖਤਿਆਰ ਸਿੰਘ, ਬਲਦੇਵ ਸਿੰਘ, ਜਸਵੰਤ ਸਿੰਘ ਜੱਸਾ ਪੰਜਵੜ, ਗੁਰਜੀਤ ਸਿੰਘ ਸੋਨੀ ਬਾਬਾ ਝਬਾਲ, ਚਰਨਜੀਤ ਸਿੰਘ ਸੋਢੀ ਝਬਾਲ, ਮਾਣਕ ਸਿੰਘ ਝਬਾਲ, ਕੈਪਟਨ ਗੁਰਮੀਤ ਸਿੰਘ ਕਸੇਲ, ਭੁਪਿੰਦਰ ਸਿੰਘ ਢੰਡ, ਬਾਬਾ ਸਤਨਾਮ ਸਿੰਘ ਮੰਨਣ, ਡਾ. ਕਸ਼ਮੀਰ ਸਿੰਘ ਕਸੇਲ ਅਤੇ ਰਣਜੀਤ ਸਿੰਘ ਰਾਣਾ ਝਬਾਲ ਆਦਿ ਸ਼ਾਮਲ ਸਨ।

# ਸ਼ਿਵ ਆਡੀਟੋਰੀਅਮ ਬਟਾਲਾ ਵਿਖੇ 'ਰੰਗਲਾ ਪੰਜਾਬ' ਪ੍ਰੋਗਰਾਮ 13 ਨੂੰ : ਡਿਪਟੀ ਕਮਿਸ਼ਨਰ

**ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**-ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 13 ਅਪ੍ਰੈਲ ਨੂੰ ਸ਼ਾਮ 6:00 ਤੋਂ 8:00 ਵਜੇ ਤੱਕ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਵਿਸਾਖੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ 'ਰੰਗਲਾ ਪੰਜਾਬ' ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਵਿੱਚ ਰੰਗਲੇ ਪੰਜਾਬ ਦੀ ਝਲਕ ਪੇਸ਼ ਕਰਨ ਦੇ ਨਾਲ ਵਿਦਿਆਰਥੀਆਂ ਦੇ ਨਾਟਕ ਮੁਕਾਬਲੇ ਵੀ ਕਰਵਾਏ ਜਾਣਗੇ। ਇਸ ਪ੍ਰੋਗਰਾਮ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਅਤੇ ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਸੁਸਾਇਟੀ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡੀਸੀ ਨੇ ਕਿਹਾ ਕਿ 'ਰੰਗਲਾ ਪੰਜਾਬ' ਥੀਮ 'ਤੇ ਅਧਾਰਤ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਆਪਣੀ ਕਲਾ ਦਿਖਾਉਣ ਦਾ ਮੌਕਾ ਦਿੱਤਾ ਜਾਵੇਗਾ। ਇਸੇ ਦੌਰਾਨ ਪੰਜਾਬੀ ਮਾਂ ਬੋਲੀ ਦੇ ਲਾਡਲੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਬਰਸੀ ਸਬੰਧੀ 6 ਮਈ ਨੂੰ ਬਟਾਲਾ ਵਿਖੇ ਹੀ ਕਰਵਾਏ ਜਾਣ ਵਾਲੇ ਵਿਸ਼ੇਸ਼ ਸਮਾਗਮ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸ਼ਿਵ ਬਟਾਲਵੀ ਦੇ ਬਰਸੀ ਸਮਾਗਮ ਮੌਕੇ ਸ਼ਿਵ ਆਡੀਟੋਰੀਅਮ ਵਿਖੇ ਕਵੀ ਦਰਬਾਰ, ਸ਼ਿਵ ਬਟਾਲਵੀ ਦੀ ਗਾਇਕੀ ਅਤੇ ਨਾਟ ਸ਼ਰੋਮਣੀ ਸ੍ਰੀ ਕੇਵਲ ਧਾਲੀਵਾਲ ਵੱਲੋਂ ਕਾਵਿ-ਨਾਟ ਲੂਣਾ ਦਾ ਮੰਚਨ ਕੀਤਾ ਜਾਵੇਗਾ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਗੁਰਦਾਸਪੁਰ ਸ਼ਹਿਰ ਵਿੱਚ ਬਣੇ ਕਲਾ ਕੇਂਦਰ ਨੂੰ ਸੁਰਜੀਤ ਕਰਨ ਦੀਆਂ ਹਦਾਇਤਾਂ ਜਾਰੀ ਕਰਦਿਆਂ ਕਲਾ ਕੇਂਦਰ ਦੀ ਮੁਰੰਮਤ ਦੇ ਕਾਰਜ ਨੂੰ ਵੀ ਪ੍ਰਵਾਨਗੀ ਦਿੱਤੀ। ਉਨ੍ਹਾਂ ਕਿਹਾ ਕਿ ਕਲਾ ਕੇਂਦਰ ਗੁਰਦਾਸਪੁਰ ਨੂੰ ਦੁਬਾਰਾ ਤੋਂ ਕਲਾ ਦੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਡੇਰਾ ਬਾਬਾ ਨਾਨਕ ਵਿਖੇ ਬਣ ਰਹੀ ਹੈਰੀਟੇਜ ਸਟਰੀਟ ਦੇ ਕੰਮ ਨੂੰ ਵੀ ਜਲਦ ਮੁਕੰਮਲ ਕਰਨ ਦੀਆਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।

ਮੀਟਿੰਗ ਦੌਰਾਨ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਸਥਿਤ ਸ਼ੋਭਾ ਸਿੰਘ ਆਰਟ ਗੈਲਰੀ ਨੂੰ ਵੀ ਮੁੜ ਸੁਰਜੀਤ ਕਰਨ 'ਤੇ ਵਿਚਾਰ ਕੀਤੀ ਗਈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅਧਿਕਾਰੀਆਂ ਕੋਲੋਂ ਇਸ ਸਬੰਧੀ ਵਿਸਥਾਰਤ ਰਿਪੋਰਟ ਦੀ ਮੰਗੀ। ਇਸਦੇ ਨਾਲ ਹੀ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਧਾਰਮਿਕ ਅਤੇ ਇਤਿਹਾਸਕ ਵਿਰਾਸਤਾਂ ਦੇ ਦਰਸ਼ਨ ਲਈ ਚਲਾਏ ਜਾ ਰਹੇ 'ਵਿਰਸਾ ਦਰਸ਼ਨ' ਪ੍ਰੋਗਰਾਮ ਦੀ ਵੀ ਸਮੀਖਿਆ ਕੀਤੀ ਗਈ। ਉਨ੍ਹਾਂ ਕਿਹਾ ਕਿ ਹਰ ਪੰਦਰਾਂ ਦਿਨਾਂ ਬਾਅਦ ਬਟਾਲਾ ਅਤੇ ਗੁਰਦਾਸਪੁਰ ਤੋਂ ਵਿਰਸਾ ਦਰਸ਼ਨ ਲਈ ਚਲਾਈਆਂ ਜਾ ਰਹੀਆਂ ਬੱਸਾਂ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਈ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਆਪਣੇ ਅਮੀਰ ਵਿਰਸੇ ਨੂੰ ਜਾਣ ਸਕੇ। ਇਸ ਮੌਕੇ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵਿੱਚ ਨਵੇਂ ਮੈਂਬਰ ਸ਼ਾਮਲ ਕਰਨ ਸਬੰਧੀ ਵੀ ਮਤਾ ਪਾਸ ਕੀਤਾ ਗਿਆ। ਮੀਟਿੰਗ ਦੌਰਾਨ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਜਨਰਲ ਸਕੱਤਰ ਤਜਿੰਦਰਪਾਲ ਸਿੰਘ ਸੰਧੂ, ਐੱਸ. ਡੀ. ਐੱਮ. ਗੁਰਦਾਸਪੁਰ ਅਮਨਦੀਪ ਕੌਰ, ਐੱਸ. ਡੀ. ਐੱਮ. ਬਟਾਲਾ ਸ਼ਾਇਰੀ ਭੰਡਾਰੀ, ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਸੁਸਾਇਟੀ ਦੇ ਪ੍ਰਧਾਨ ਡਾ. ਰਵਿੰਦਰ ਸਿੰਘ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਸਕੱਤਰ ਪ੍ਰੋ. ਰਾਜ ਕੁਮਾਰ ਸ਼ਰਮਾ, ਐੱਸ. ਡੀ. ਓ. ਲੋਕ ਨਿਰਮਾਣ ਵਿਭਾਗ ਲਵਪ੍ਰੀਤ ਸਿੰਘ, ਅਸ਼ਵਨੀ ਥਾਪਾ ਜੇ. ਈ. ਸੈਰ ਸਪਾਟਾ ਵਿਭਾਗ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਗਿਰਦਾਵਰੀਆਂ ਲਈ ਸਰਕਾਰੀ ਅਮਲਾ ਹਥਾੜ ਏਰੀਏ ਦੇ ਪਿੰਡਾਂ 'ਚ ਪੁੱਜਾ



**ਪੱਟੀ (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**
ਬੀਤੇ ਦਿਨਾਂ ਤੋਂ ਸੂਬੇ ਅੰਦਰ ਰੁਕ ਰੁਕ ਕੇ ਹੋ ਰਹੀ ਬੇਮੌਸਮੀ ਬਰਸਾਤ, ਹਨੇਰੀ ਝੱਖੜ ਨਾਲ ਕਣਕ, ਸਰ੍ਹੋਂ ਤੇ ਮੱਕੀ ਆਦਿ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਕਿਸਾਨ ਹਿਤੈਸ਼ੀ ਹੋਣ ਦੇ ਦਾਅਵੇ ਕਰਨ ਵਾਲੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਾਲ ਵਿਭਾਗ ਨੂੰ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦੀ ਗਿਰਦਾਵਰੀ ਜਲਦੀ ਤੋਂ ਜਲਦੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਤਾਂ ਜੋ ਖਰਾਬ ਹੋਈਆਂ ਫਸਲਾਂ ਦਾ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹੁਕਮ ਜਾਰੀ ਕੀਤੇ ਗਏ ਹਨ। ਹੁਕਮਾਂ ਤੋਂ ਬਾਅਦ ਅੱਜ ਪੱਟੀ ਹਲਕੇ ਦੇ ਹਥਾੜ ਏਰੀਏ ਦੇ ਵੱਖ-ਵੱਖ ਪਿੰਡਾਂ ਵਿੱਚ ਪਟਵਾਰੀ ਕਿਸਾਨਾਂ ਦੀਆਂ ਫਸਲਾਂ ਦੀ ਗਿਰਦਾਵਰੀ ਕਰਨ ਲਈ ਪਹੁੰਚੇ।

ਇਸ ਮੌਕੇ ਹਥਾੜ ਏਰੀਏ (ਆਮ ਆਦਮੀ) ਦੇ ਪ੍ਰਧਾਨ ਅਸ਼ਵਨੀ ਕੁਮਾਰ ਨੇ ਵਿਸ਼ਵਾਸ ਦਿਵਾਇਆ ਕਿ ਨੁਕਸਾਨੀਆਂ ਗਈਆਂ ਫਸਲਾਂ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ। ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇਗਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਭਾਰਤ ਜੋੜੋ ਯਾਤਰਾ ਨੂੰ ਮਿਲੇ ਭਰਪੂਰ ਸਮਰਥਨ ਨੂੰ ਵੇਖ ਕੇ ਰਾਹੁਲ ਦੀ ਲੋਕ ਸਭਾ ਮੈਂਬਰੀ ਖਾਰਜ ਕੀਤੀ : ਕੱਕੜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**
ਰਾਹਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੂੰ ਮਿਲੇ ਭਰਭੂਰ ਸਮਰਥਨ ਨੂੰ ਵੇਖ ਕੇ ਮੋਦੀ ਸਰਕਾਰ ਪੂਰੀ ਤਰਾਂ ਘਬਰਾ ਗਈ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਆਪਣੀ ਹਾਰ ਪਰਤੱਖ ਦਿਸਣ ਲੱਗ ਪਈ ਹੈ ਜਿਸ ਕਾਰਨ ਬੁਖ਼ਲਾਹਟ ਵਿੱਚ ਆ ਕੇ ਮੋਦੀ ਸਰਕਾਰ ਨੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਖਾਰਜ ਕਰ ਦਿੱਤੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸੁਖਬਿੰਦਰ ਸਿੰਘ ਸਰਕਾਰੀਆ ਸਾਬਕਾ ਮੰਤਰੀ ਅਤੇ ਵਿਧਾਇਕ ਰਾਜਾਸਾਂਸੀ ਮੀਤ ਪ੍ਰਧਾਨ ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਨੇ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਵਿਚਲੀ ਭਾਜਪਾ ਸਰਕਾਰ ਧੱਕੇਸ਼ਾਹੀ ਅਤੇ ਜਬਰ-ਜ਼ੁਲਮ ਨਾਲ ਲੋਕਤੰਤਰ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ। ਭਾਰਤ ਸਰਕਾਰ ਸੰਵਿਧਾਨਕ ਸੰਸਥਾਵਾਂ ਦਾ ਗਲਤ ਇਸਤੇਮਾਲ ਕਰਕੇ ਵਿਰੋਧੀਆਂ ਨੂੰ ਡਰਾ ਧਮਕਾ ਰਹੀ ਹੈ। ਕੱਕੜ ਨੇ ਕਿਹਾ ਕਿ ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਨੂੰ ਮਾਣਹਾਨੀ ਦੇ ਕੇਸ ਵਿੱਚ 2 ਸਾਲ ਦੀ ਸਜ਼ਾ ਮਿਲੀ ਹੋਵੇ ਅਤੇ 24 ਘੰਟਿਆਂ ਦੇ ਅੰਦਰ ਹੀ ਰਾਹੁਲ ਗਾਂਧੀ ਨੂੰ ਮੈਂਬਰਸ਼ਿਪ ਰੱਦ ਕਰਨ ਦਾ ਫ਼ੁਰਮਾਨ ਸੁਣਾ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਅਤੇ ਵਰਕਰ ਚੁੱਪ ਕਰਕੇ ਨਹੀਂ ਬੈਠਣਗੇ। ਭਾਜਪਾ ਦੇ ਤਾਨਾਸ਼ਾਹੀ ਫ਼ੁਰਮਾਨ ਦਾ ਡਟ ਕੇ ਮੁਕਾਬਲਾ ਕਰਨਗੇ। ਇਸ ਮੌਕੇ ਉਨਾਂ ਨਾਲ ਦਿਲਰਾਜ ਸਿੰਘ ਸਰਕਾਰੀਆ ਚੇਅਰਮੈਨ ਜ਼ਿਲਾ ਪ੍ਰੀਸ਼ਦ, ਰਵੀ ਕੁਮਾਰ ਪੀ. ਏ. ਸਰਕਾਰੀਆ, ਬੂਆ ਸਿੰਘ ਸੰਧੂ ਓਐਸਡੀ ਸਰਕਾਰੀਆ, ਐਡਵੋਕੇਟ ਮਨਦੀਪ ਸਿੰਘ ਮੁਹਾਰ, ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਸਰਪੰਚ ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾ, ਗੁਰਦੇਵ ਸਿੰਘ



ਸ਼ੂਹਰਾ ਮੈਂਬਰ ਜ਼ਿਲਾ ਪ੍ਰੀਸ਼ਦ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਸਰਪੰਚ ਮਨੋਜ ਭੱਟੀ ਚੇਅਰਮੈਨ ਜ਼ਿਲਾ ਦਿਹਾਤੀ, ਭੁਪਿੰਦਰ ਸਿੰਘ ਬਿੱਟੂ ਵਾਈਸ ਚੇਅਰਮੈਨ ਵੇਰਕਾ, ਦਿਲਬਾਗ ਸਿੰਘ ਖਿਆਲਾ ਮੈਂਬਰ ਬਲਾਕ ਸੰਮਤੀ, ਬਲਦੇਵ ਸਿੰਘ ਮੰਝ ਮੈਂਬਰ ਬਲਾਕ ਸੰਮਤੀ, ਰਾਕੇਸ਼ ਕੁਮਾਰ ਮੈਂਬਰ ਬਲਾਕ ਸੰਮਤੀ, ਸਰਪੰਚ ਮੇਜਰ ਸਿੰਘ ਕੱਕੜ, ਸਰਪੰਚ ਨਿਰਵੈਲ ਸਿੰਘ ਚੋਗਾਵਾਂ, ਸਰਪੰਚ ਨਿਸ਼ਾਨ ਸਿੰਘ ਮੰਝ, ਸਰਪੰਚ ਮਿੰਟੂ ਪੰਡੋਰੀ, ਸਰਪੰਚ ਸ਼ਮਸ਼ੇਰ ਸਿੰਘ ਸਾਰੰਗੜਾ, ਸਰਪੰਚ ਸੁਰਜੀਤ ਸਿੰਘ ਰਾਣੀਆਂ, ਸਰਪੰਚ ਬੱਬੂ ਕਾਵੇਂ, ਸਰਪੰਚ ਰੇਸ਼ਮ ਸਿੰਘ ਬੱਚੀਵਿੰਡ, ਸਰਪੰਚ ਗੁਰਮੀਤ ਸਿੰਘ ਡਾਲਾ, ਸਰਪੰਚ ਲਖਬੀਰ ਸਿੰਘ ਕੋਹਾਲੀ, ਸਰਪੰਚ ਅਮਰਜੀਤ ਸਿੰਘ ਚੇਲੇਕੇ, ਸਰਪੰਚ ਜੁਰਤਪਾਲ ਸਿੰਘ ਓਡਰ, ਸਰਪੰਚ ਲਖਬੀਰ ਸਿੰਘ ਬਹਿੜਵਾਲ, ਸਰਪੰਚ ਅਮਨ ਕੋਹਾਲਾ, ਸੁਰਜੀਤ ਸਿੰਘ, ਸਰਪੰਚ ਸੁਖਦੇਵ ਸਿੰਘ, ਜਸਕਰਨ ਸਿੰਘ ਕੋਹਰੀ, ਅਜੈਬੀਰ ਸਿੰਘ ਲੋਪੋਕੇ, ਅਮਰਦੀਪ ਸਿੰਘ ਲੋਪੋਕੇ, ਰਿੰਕੂ ਚੋਗਾਵਾਂ, ਪ੍ਰਗਟ ਸਿੰਘ ਭੁੱਲਰ, ਸੁਖਦੇਵ ਸਿੰਘ ਨੱਥੂਪੁਰ, ਸੁਖਮਨਦੀਪ ਸਿੰਘ ਚੱਕ ਮਿਸ਼ਰੀ ਖਾਂ, ਸੁਖਮਨਦੀਪ ਸਿੰਘ ਔਲਖ, ਗੁਰਜੰਟ ਸਿੰਘ ਮੁੱਧ, ਗੁਰਪੀਬ ਸਿੰਘ ਪੰਜੂਰਾਏ, ਸੂਬਾ ਸਿੰਘ ਹੇਤਮਪੁਰਾ, ਕੁਲਦੀਪ ਸਿੰਘ ਔਲਖ ਚੋਗਾਵਾਂ, ਬਲਵਿੰਦਰ ਸਿੰਘ ਕਹਾਲੀ, ਸਰਪੰਚ ਰਾਜੂ ਲਾਵੇਂ, ਸ਼ਮਸ਼ੇਰ ਸਿੰਘ ਚੋਗਾਵਾਂ, ਰੇਸ਼ਮ ਸਿੰਘ ਬਹਿੜਵਾਲ, ਸੁਖਦੇਵ ਸਿੰਘ ਵਣੀਏਕੇ, ਮੇਜਰ ਸਿੰਘ ਮੈਂਬਰ ਪੰਚਾਇਤ, ਕੁਲਦੀਪ ਸਿੰਘ ਕੱਕੜ ਮੈਂਬਰ ਪੰਚਾਇਤ ਆਦਿ ਹਾਜ਼ਰ ਸਨ।

# ਐੱਸ ਐੱਚ ਸੀ ਚੰਨਣਕੇ ਵਿਖੇ ਟੀਕਾਕਰਨ ਦਿਵਸ ਮਨਾਇਆ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਸਿਵਲ ਸਰਜਨ ਅੰਮ੍ਰਿਤਸਰ ਅਤੇ ਐੱਸਐੱਮਓ ਤਰਸਿੱਕਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐੱਸਐੱਚਸੀ ਚੰਨਣਕੇ ਵਿਖੇ ਮਮਤਾ ਦਿਵਸ 'ਤੇ ਟੀਕਾਕਰਨ ਦਿਵਸ ਮਨਾਇਆ ਗਿਆ ਜਿਸ ਵਿਚ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਅਤੇ ਉਨਾਂ ਨੂੰ ਗਰਭ ਦੌਰਾਨ ਭੋਜਨ ਸਬੰਧੀ ਜਾਣਕਾਰੀ ਤੇ ਗਰਭ ਦੌਰਾਨ ਮੁਸ਼ਕਿਲਾਂ ਦੇ ਬਾਰੇ ਜਾਣੂ ਕਰਵਾਇਆ ਗਿਆ। ਇਸ ਦੌਰਾਨ ਜਨਮ ਤੋਂ ਲੈ ਕੇ 16 ਸਾਲ ਤਕ ਦੇ ਬੱਚਿਆਂ ਦਾ ਟੀਕਾਕਰਨ ਵੀ ਕੀਤਾ ਗਿਆ। ਇਸ ਮੌਕੇ ਡਾ. ਗੁਰਜੀਤ ਸਿੰਘ ਢਿੱਲੋਂ, ਕੋਮਲਜੀਤ ਕੌਰ ਏ.ਐਨ.ਐਮ., ਨਿਰਮਲ ਸਿੰਘ, ਡਾ. ਭਾਵਨਾਂ, ਰਾਵਦੀਪ ਸਿੰਘ ਬੁੱਟਰ, ਬਾਬਾ ਸੁਖਵੰਤ ਸਿੰਘ, ਜਸਵੰਤ ਸਿੰਘ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਜੋਤੀ-ਜੋਤਿ ਦਿਵਸ ਤੇ ਗੁਰਤਾਗੱਦੀ ਦਿਵਸ ਮੌਕੇ ਧਾਰਮਿਕ ਸਮਾਗਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜੋਤੀ-ਜੋਤਿ ਦਿਵਸ ਅਤੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰਤਾਗੱਦੀ ਦਿਵਸ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸਜਾਏ ਗਏ ਧਾਰਮਿਕ ਦੀਵਾਨ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਜੀ. ਟੀ. ਰੋਡ ਦੇ ਕੀਰਤਨੀ ਜਥੇ ਵੱਲੋਂ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ ਅਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ. ਹਰੀ ਸਿੰਘ ਨੇ ਗੁਰੂ ਸਾਹਿਬਾਨ ਦੇ ਸੱਚੇ-ਸੁੱਚੇ ਜੀਵਨ 'ਤੇ ਚਾਨਣਾ ਪਾਉਂਦਿਆਂ ਨਵੀਂ ਪਨੀਰੀ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜੁੜਨ ਅਤੇ ਗੁਰਮਤਿ ਜੀਵਨ ਜਾਚ ਅਨੁਸਾਰ ਜੀਵਨ ਢਾਲਣ ਲਈ ਪ੍ਰੇਰਿਤ ਕੀਤਾ। ਉਪਰੰਤ ਸਕੂਲ ਪ੍ਰਿੰਸੀਪਲ ਮਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਵੱਲੋਂ ਵਿਖਾਏ ਮਾਰਗ ਅਤੇ ਗੁਰੂਆਂ ਦੇ ਆਦਰਸ਼ਾਂ ਅਤੇ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਧਾਰਮਿਕ ਅਧਿਆਪਕਾ ਮੈਡਮ ਸੁਖਜੀਤ ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ. ਹਰੀ ਸਿੰਘ, ਡਾ. ਆਤਮਜੀਤ ਸਿੰਘ ਬਸਰਾ, ਕੁਲਦੀਪ ਸਿੰਘ (ਤਰਨਤਾਰਨ) ਅਵਤਾਰ ਸਿੰਘ ਘੁੱਲਾ, ਧਾਰਮਿਕ ਅਧਿਆਪਕ, ਸਕੂਲ ਵਿਦਿਆਰਥੀ ਅਤੇ ਸਟਾਫ ਹਾਜ਼ਰ ਸੀ।

# ਕੇ ਐੱਫ ਸੀ ਦਾ ਚਿਕਨ ਫੈਸਟ ਵੀਕ 31 ਤੋਂ 9 ਅਪ੍ਰੈਲ ਤੱਕ

**ਜਲੰਧਰ** : ਕੇ ਐੱਫ ਸੀ ਨੇ ਚਿਕਨ ਫੀਸਟ ਵੀਕ ਦੀ ਸ਼ੁਰੂਆਤ ਕੀਤੀ, ਜਿਸ 'ਚ ਸਵਾਦਿਸ਼ਟ ਕੁਰਕੁਰੇ ਸਵਾਦ ਨੂੰ ਚਖਣ ਦਾ ਸੀਮਿਤ ਸਮਾਂ ਆਫਰ ਸਿਰਫ 31 ਮਾਰਚ ਤੋਂ 9 ਅਪ੍ਰੈਲ ਤੱਕ ਹੈ। ਇਸ ਆਫਰ 'ਚ ਚਿਕਨ ਪ੍ਰੇਮੀਆਂ ਨੂੰ ਉਨ੍ਹਾ ਦੇ ਕੇਐਫਸੀ ਫੇਵਰੀਟਸ 'ਤੇ 40% ਤੱਕ ਦੀ ਛੋਟ ਮਿਲੇਗੀ। ਸਿਰਫ 149/-'ਚ ਕੇਐੱਫਸੀ ਕਾਂਬੋ 'ਚੋਂ ਆਪਣੀ ਪਸੰਦੀਦਾ ਵਰਾਇਟੀ ਨੂੰ ਚੁਣੋ। ਸਾਰੇ ਫੈਨਸ ਮੈਨਿਊ ਆਈਟਮ 'ਤੇ ਦਿੱਤੀ ਗਈ ਇਸ ਬਿਹਤਰੀਨ ਡੀਲ ਦਾ ਆਨੰਦ ਮਾਣ ਸਕਦੇ ਹੋ ਅਤੇ ਸਵਾਦਿਸ਼ਟ ਵਿਕਲਪ ਜਿਵੇਂ ਕਿ ਕ੍ਰਿਸਪੀ ਹਾਟ ਵਿੰਗਸ, ਪਾਪਕੋਰਨ ਚਿਕਨ ਬਰਿਆਨੀ, ਜਾਂ ਜਿੰਜਰ ਬਰਗਰ, ਫ੍ਰਾਈਜ, ਡਿਪਸ ਅਤੇ ਪੈਪਸੀ ਦੇ ਨਾਲ ਆਪਣੀ ਭੁੱਖ ਮਿਟਾ ਸਕਦੇ ਹੋ। ਕੇਐੱਫਸੀ ਦੀ ਹਰ ਚੀਜ਼ ਦੀ ਤਰ੍ਹਾਂ ਹੀ ਇਸ ਆਫਰ 'ਤੇ ਵੀ ਕੇਐੱਫਸੀ ਦਾ 5 ਸੁਰੱਖਿਆ ਪ੍ਰਾਮਿਜ-ਸੈਨੀਟਾਈਜ਼ੇਸ਼ਨ, ਸਕ੍ਰੀਨਿੰਗ, ਸੋਸ਼ਲ ਡਿਸਟੈਂਸਿੰਗ ਅਤੇ ਵੈਕਸੀਨੇਟਡ ਟੀਮਾਂ ਵੱਲੋਂ ਕਾਨਟੈਕਟਲੈੱਸ ਸਰਵਿਸ ਉਪਲਬਧ ਹੋਵੇਗਾ। ਆਫਰ ਖਤਮ ਹੋਣ ਤੋਂ ਪਹਿਲਾਂ ਜਲਦੀ ਤੋਂ ਆਪਣੇ ਨੇੜਲੇ ਕੇਐੱਫਸੀ ਰੈਸਟੋਰੈਂਟ 'ਚ ਜਾਓ ਜਾਂ ਆਰਡਰ ਕਰੋ, ਬਿਲਕੁਲ ਨਵੀਂ ਐਪ ਜਾਂ ਵੈੱਬਸਾਈਟ 'ਤੇ ਆਰਡਰ ਕਰ ਸਕਦੇ ਹਨ।

# 8 ਨੂੰ ਸਰਵ ਸਿੱਖਿਆ ਅਭਿਆਨ/ਮਿੱਡ ਡੇ ਮੀਲ ਦਫਤਰੀ ਮੁਲਾਜ਼ਮ ਜਲੰਧਰ ਵਿਖੇ ਰੋਸ ਮੁਜ਼ਾਹਰਾ ਕਰਨਗੇ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**
ਪੁਰਾਣੇ ਰਾਜਨੀਤਿਕ ਸਿਸਟਮ ਤੋਂ ਅੱਕਣ ਤੇ ਆਮ ਆਦਮੀ ਪਾਰਟੀ ਨੇ ਬਦਲਾਅ ਦਾ ਨਾਅਰਾ ਦਿੱਤਾ ਸੀ ਅਤੇ ਬਦਲਾਅ ਦੇ ਨਾਅਰੇ ਤੇ ਆਮ ਜਨਤਾ ਅਤੇ ਮੁਲਾਜ਼ਮ ਵਰਗ ਖਾਸ ਕਰਕੇ ਕੱਚੇ ਮੁਲਾਜ਼ਮਾਂ ਨੇ ਫੁੱਲ ਚੜ੍ਹਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਅਤੇ ਮੁਲਾਜ਼ਮਾਂ ਨੂੰ ਵਿਸ਼ਵਾਸ ਸੀ ਕਿ ਸੱਤਾ ਵਿਚ ਆਉਣ ਤੋਂ ਬਾਅਦ ਮੁਲਾਜ਼ਮਾਂ ਦੇ ਹੱਕੀ ਮਸਲੇ ਹੱਲ ਹੋ ਜਾਣਗੇ ਪ੍ਰੰਤੂ ਵਿਧਾਇਕਾਂ ਤੋਂ ਲੈ ਕੇ ਮੁੱਖ ਮੰਤਰੀ ਤੱਕ ਹਰ ਦਰਵਾਜ਼ੇ ਤੇ ਗੁਹਾਰ ਲਗਾਉਣ ਤੋਂ ਬਾਅਦ ਵੀ ਕੱਚੇ ਮੁਲਾਜ਼ਮ ਦੇ ਪੱਲੇ ਕੁਝ ਵੀ ਨਹੀ ਪੈ ਰਿਹਾ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲਾ ਗੁਰਦਾਸਪੁਰ ਦੇ ਪ੍ਰਧਾਨ ਮੈਡਮ ਅੰਨੂ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਟਵੀਟ ਕਰਕੇ ਕਿਹਾ ਜਾ ਰਿਹਾ ਹੈ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਸਿੱਖਿਆ ਵਿਭਾਗ ਦੇ ਦਫਤਰੀ ਮੁਲਾਜ਼ਮਾਂ ਦੀ ਲੰਬੇ ਸਮੇਂ ਤੋਂ ਤਨਖਾਹ ਅਨਾਮਲੀ ਚੱਲ ਰਹੀ ਹੈ ਇਕ ਹੀ ਦਫਤਰ ਵਿਚ ਇਕ ਹੀ ਕਾਡਰ ਦੇ ਮੁਲਾਜ਼ਮ ਨੂੰ ਵੱਖਰੀ ਵੱਖਰੀ ਤਨਖਾਹ ਮਿਲ ਰਹੀ ਹੈ, ਜਿਸ ਸਬੰਧੀ ਸਮੇਂ ਸਮੇਂ ਤੇ ਸਰਕਾਰ ਨਾਲ ਮੀਟਿੰਗਾਂ ਹੋਈਆਂ ਹਨ। ਉਨ੍ਹਾ ਦੱਸਿਆ ਕਿ 15 ਜੂਨ 2022 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਵਿਭਾਗੀ ਅਧਿਕਾਰੀਆਂ ਦੀ ਮੌਜੂਦਗੀ ਵਿਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੀਟਿੰਗ ਹੋਈ ਜਿਸ ਵਿਚ ਉਨ੍ਹਾਂ ਵੱਲੋਂ ਤਨਖਾਹ ਅਨਾਮਲੀ ਨੂੰ ਦੂਰ ਕਰਕੇ ਤੁਰੰਤ ਤਨਖਾਹਾਂ ਦਾ ਫੰਡ ਜਾਰੀ ਕਰਨ ਦੇ ਆਦੇਸ਼ ਦਿੱਤੇ ਪਰ ਸਿੱਖਿਆ ਮੰਤਰੀ ਦੇ ਆਦੇਸ਼ ਹਵਾ ਹਵਾਈ ਹੋ ਗਏ। ਇਸ ਉਪਰੰਤ ਨਵੇਂ ਬਣੇ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਸਮੇਂ ਸਮੇਂ ਤੇ ਵੱਖ-ਵੱਖ ਮੀਟਿੰਗ ਹੋਈਆਂ ਜਿਸ ਵਿਚ ਉਨ੍ਹਾਂ ਵੱਲੋਂ ਦਫਤਰੀ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਸਬੰਧੀ ਸਹਿਮਤੀ ਦਿੱਤੀ ਪਰ ਨਵੀਂ ਸਰਕਾਰ ਦੇ 12 ਮਹੀਨਿਆਂ ਦੌਰਾਨ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਹੀ ਦੂਰ ਨਹੀਂ ਹੋ ਰਹੀ ਜਿਸ ਕਰਕੇ ਮੁਲਾਜ਼ਮ ਵਰਗ 'ਚ ਬਹੁਤ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਕੱਚੇ ਮੁਲਾਜ਼ਮ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਆਗੂਆਂ ਨੇ ਦੱਸਿਆ ਕਿ ਇਕ ਹੀ ਦਫਤਰ ਵਿਚ ਇਕ ਕਾਡਰ ਦੇ ਕੰਮ ਕਰ ਰਹੇ 2 ਮੁਲਾਜ਼ਮਾਂ ਦੀ ਤਨਖਾਹ ਦਾ ਪਾੜਾ 5000 ਰੁਪਏ ਪ੍ਰਤੀ ਮਹੀਨਾ ਹੈ। ਮੌਜੂਦਾ ਸਰਕਾਰ ਵੱਲੋਂ ਫਲੈਕਸ ਬੋਰਡ ਲਗਾ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ 8736 ਕੱਚੇ ਅਧਿਆਪਕਾਂ/ ਮੁਲਾਜ਼ਮਾਂ ਨੂੰ ਰੈਗੂਲਰ ਕਰ ਦਿੱਤਾ ਗਿਆ ਹੈ ਪਰ ਸੱਚਾਈ ਇਹ ਹੈ ਕਿ 6 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਕੱਚੇ ਮੁਲਾਜ਼ਮਾਂ ਦੇ ਹੱਥ ਖਾਲੀ ਦੇ ਖਾਲੀ ਹਨ। ਆਗੂਆਂ ਨੇ ਐਲਾਨ ਕੀਤਾ ਕਿ 08 ਅਪ੍ਰੈਲ ਨੂੰ ਸਿੱਖਿਆ ਵਿਭਾਗ ਦੇ ਸਰਵ ਸਿੱਖਿਆ ਅਭਿਆਨ/ਮਿੱਡ ਡੇ ਮੀਲ ਦਫਤਰੀ ਮੁਲਾਜ਼ਮ ਜਲੰਧਰ ਵਿਖੇ ਭਰਵੀਂ ਰੈਲੀ ਕਰਕੇ ਰੋਸ ਮੁਜ਼ਾਹਰਾ ਕਰਨਗੇ।

# ਪਿਆਰਾ ਸਿੰਘ ਸਾਬਕਾ ਸਰਪੰਚ ਨਮਿਤ ਭੋਗ ਅਤੇ ਅੰਤਿਮ ਅਰਦਾਸ ਅੱਜ

**ਤਰਨ ਤਾਰਨ (ਨ ਜ਼ ਸ)**- ਪਿੰਡ ਗੰਡੀਵਿੰਡ ਧੱਤਲ ਦੇ ਸਾਬਕਾ ਸਰਪੰਚ ਪਿਆਰਾ ਸਿੰਘ ਜਿਨ੍ਹਾਂ ਦਾ 28 ਮਾਰਚ ਨੂੰ ਦੇਹਾਂਤ ਹੋ ਗਿਆ ਸੀ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰਖਾਏ ਸਹਿਜ ਪਾਠ ਦੇ ਭੋਗ ਅੱਜ ਉਹਨਾ ਦੇ ਗ੍ਰਹਿ ਵਿਖੇ ਪੈਣ ਉਪਰੰਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਬਾਬਾ ਸੰਤਾ ਸਿੰਘ ਵਿੱਚ 12 ਤੋਂ 1 ਹੋਵੇਗਾ। ਇਸ ਸੰਬੰਧੀ



ਜਾਣਕਾਰੀ ਦਿੰਦਿਆਂ ਉਹਨਾਂ ਦੇ ਪੁੱਤਰ ਮੁਲਾਜ਼ਮ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਦੱਸਿਆ ਕਿ ਇਸ ਮੌਕੇ ਗਦਰੀ ਬਾਬਾ ਸੰਤਾ ਸਿੰਘ ਯੂਥ ਸਪੋਰਟਸ ਕਲੱਬ ਪਿੰਡ ਗੰਡੀਵਿੰਡ ਧੱਤਲ ਦੇ ਸਹਿਯੋਗ ਨਾਲ ਬਾਪੂ ਪਿਆਰਾ ਸਿੰਘ ਦੀ ਯਾਦ ਨੂੰ ਸਮਰਪਿਤ ਸਿਵਲ ਹਸਪਤਾਲ ਤਰਨ ਤਾਰਨ ਦੀ ਬਲੱਡ ਬੈਂਕ ਲਈ ਖੂਨਦਾਨ ਕੈਂਪ ਲਗਾਇਆ ਜਾ ਰਿਹਾ, ਜਿਸ ਵਿੱਚ ਵੱਡੀ ਗਿਣਤੀ ਨੌਜਵਾਨ ਮਨੁੱਖਤਾ ਦੇ ਭਲੇ ਲਈ ਖੂਨਦਾਨ ਕਰਨਗੇ।

# ਪਰਮਜੀਤ ਕੌਰ ਮੱਖਣਵਿੰਡੀ ਨੂੰ ਸ਼ਰਧਾ ਦੇ ਫੁੱਲ ਭੇਟ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**
ਪਿੰਡ ਮੱਖਣਵਿੰਡੀ ਦੇ ਕਿਸਾਨ ਆਗੂ ਤੇ ਬਲਾਕ ਸੰਮਤੀ ਮੈਂਬਰ ਮਲਕੀਤ ਸਿੰਘ ਦੀ ਪਤਨੀ ਪਰਮਜੀਤ ਕੌਰ ਜੋ ਕੁਝ ਦਿਨ ਪਹਿਲਾਂ



ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਪਰਮਜੀਤ ਕੌਰ ਦੀ ਆਤਮਿਕ ਸ਼ਾਂਤੀ ਲਈ ਪਿੰਡ ਮੱਖਣਵਿੰਡੀ ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਸ਼ਰਧਾਂਜਲੀ ਸਮਾਗਮ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਮਲਕੀਤ ਸਿੰਘ ਝਾੜ ਸਾਹਿਬ ਵਾਲੇ ਦੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਸੰਤ ਬਾਬਾ ਅਜੈਬ ਸਿੰਘ ਕਾਰਸੇਵਾ ਵਾਲੇ, ਕਿਸਾਨਾਂ ਦੇ ਕੌਮੀ ਆਗੂ ਕਾਮਰੇਡ ਲਖਬੀਰ ਸਿੰਘ ਨਿਜਾਮਪੁਰ, ਜਥੇਦਾਰ ਭੁਪਿੰਦਰ ਸਿੰਘ ਭੋਲਾ ਤੀਰਥਪੁਰਾ, ਸਾਬਕਾ ਸਰਪੰਚ ਤਰਸੇਮ ਸਿੰਘ ਨੰਗਲ, ਦਿਆਲ ਸਿੰਘ, ਕਿਸਾਨ ਆਗੂ ਗੁਰਮੇਜ ਸਿੰਘ ਮੱਖਣਵਿੰਡੀ, ਅਵਤਾਰ ਸਿੰਘ ਵਡਾਲਾ ਜੌਹਲ, ਬਚਿੱਤਰ ਸਿੰਘ ਦੋਧੀ, ਗੁਰਦੀਪ ਸਿੰਘ ਮੱਖਣਵਿੰਡੀ, ਸਟੇਜ ਸਕੱਤਰ ਚਰਨਜੀਤ ਸਿੰਘ, ਕਰਨੈਲ ਸਿੰਘ ਨਵਾਂ ਪਿੰਡ, ਧਰਮਿੰਦਰ ਸਿੰਘ ਕਿਲ੍ਹਾ, ਸਾਬਕਾ ਐਸਡੀਓ ਬਲਵੰਤ ਸਿੰਘ ਤੀਰਥਪੁਰਾ, ਸੁਰਜੀਤ ਸਿੰਘ ਯੂਐਸਏ, ਡਾ. ਦਲੇਰ ਸਿੰਘ ਵਡਾਲਾ ਜੌਹਲ, ਪ੍ਰਤਾਪ ਸਿੰਘ ਛੀਨਾਂ, ਪ੍ਰਧਾਨ ਮਨਜਿੰਦਰ ਸਿੰਘ, ਮਾਸਟਰ ਰਾਜ ਖੁਸ਼ਵੰਤ ਸਿੰਘ, ਪ੍ਰਧਾਨ ਮਹਿੰਦਰ ਸਿੰਘ, ਸਰਪੰਚ ਅੰਗਰੇਜ ਸਿੰਘ, ਰਣਜੀਤ ਸਿੰਘ ਰਾਣਾ ਯੋਧਪੁਰੀ, ਬਾਬਾ ਸੁੱਖਾ ਸਿੰਘ ਤੇ ਇਲਾਕੇ ਦੀਆਂ ਕਈ ਹੋਰ ਨਾਮਵਰ ਸਖਸੀਅਤਾਂ ਨੇ ਪਰਮਜੀਤ ਕੌਰ ਮੱਖਣਵਿੰਡੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। .

# ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਕਰਕੇ ਸੱਚ ਨੂੰ ਦਬਾਉਣਾ ਚਾਹੁੰਦੀ ਹੈ ਭਾਜਪਾ : ਭੁੱਲਰ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਵਾਇਨਾਡ ਤੋਂ ਕਾਂਗਰਸ ਪਾਰਟੀ ਦੇ ਲੋਕ ਸਭਾ ਮੈਂਬਰ ਰਾਹੁਲ ਗਾਂਧੀ ਦੀ ਸੰਸਦੀ ਮੈਂਬਰਸ਼ਿਪ ਰੱਦ ਕਰਕੇ ਭਾਜਪਾ ਸੱਚ ਦਾ ਗਲਾ ਘੁੱਟਣਾ ਚਾਹੁੰਦੀ ਹੈ, ਪਰ ਕਾਂਗਰਸ ਪਾਰਟੀ ਭਾਜਪਾਈਆਂ ਦੀਆਂ ਕੋਝੀਆਂ ਚਾਲਾਂ ਨੂੰ ਕਿਸੇ ਵੀ ਕੀਮਤ 'ਤੇ ਸਫਲ ਨਹੀਂ ਹੋਣ ਦੇਵੇਗੀ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਖੇਮਕਰਨ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਬਲਾਕ ਕਾਂਗਰਸ ਕਮੇਟੀ ਭਿੱਖੀਵਿੰਡ ਦੇ ਪ੍ਰਧਾਨ ਗੁਰਮੁੱਖ ਸਿੰਘ ਸਾਂਡਪੁਰਾ ਵੱਲੋਂ ਕਾਂਗਰਸੀ ਆਗੂਆਂ ਦੀ ਕੀਤੀ ਇਕੱਤਰਤਾ 'ਚ ਸ਼ਾਮਲ ਹੋ ਕੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ, ਜੋ ਅਕਸਰ ਆਪਣੇ ਭਾਸ਼ਣਾਂ 'ਚ ਦੇਸ਼ ਦੇ ਮੁੱਖ ਮੁੱਦਿਆਂ 'ਤੇ ਕੇਂਦਰ ਸਰਕਾਰ ਨੂੰ ਕਟਿਹਰੇ ਵਿੱਚ ਖੜ੍ਹੇ ਕਰਦੇ ਹਨ, ਦੀ ਆਵਾਜ਼ ਨੂੰ ਦਬਾਉਣ ਲਈ ਭਾਜਪਾਈਆਂ ਵੱਲੋਂ ਨਿਆਂਪਾਲਿਕਾ ਦਾ ਗਲਤ ਇਸਤੇਮਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵੱਲੋਂ



ਅਮਰੀਕਾ ਦੀ ਵਿੱਤੀ ਕੰਪਨੀ ਹਿੰਡਨਬਰਗ ਵੱਲੋਂ ਗੌਤਮ ਅੰਡਾਨੀ 'ਤੇ ਲਾਏ ਭਿਰਸ਼ਟਾਚਾਰ ਦੇ ਦੋਸ਼ਾਂ ਸਬੰਧੀ ਪਾਰਲੀਮੈਂਟ 'ਚ ਨਰਿੰਦਰ ਮੋਦੀ ਅਤੇ ਗੌਤਮ ਅਡਾਨੀ ਦੀ ਗੂੜ੍ਹੀ ਮਿੱਤਰਤਾ ਬਾਰੇ ਖੁੱਲ੍ਹ ਕੇ ਬੋਲਣਾ ਭਾਜਪਾਈਆਂ ਨੂੰ ਡਰਾਉਂਦਾ ਹੈ, ਜਿਸ ਤੋਂ ਬਚਣ ਲਈ ਉਹ ਹਰ ਤਰ੍ਹਾਂ ਦੇ ਹੱਥ ਕੰਡੇ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣਾ ਅਸਰ-ਰਸੂਖ ਵਰਤ ਕੇ ਕਾਰੋਬਾਰੀ ਗੌਤਮ ਅਡਾਨੀ ਨੂੰ ਵੱਖ ਵੱਖ ਦੇਸਾਂ ਵਿੱਚ ਕਾਰੋਬਾਰ ਵਧਾਉਣ 'ਚ ਮਦਦ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਵਿਰੋਧੀ ਧਿਰ ਦਾ ਕੰਮ ਸਰਕਾਰ ਨੂੰ ਲੋਕਾਂ ਦੇ ਮੁੱਖ ਮੁੱਦਿਆਂ ਤੋਂ ਜਾਣੂ ਕਰਵਾਉਣਾ ਹੈ, ਪਰ ਭਾਜਪਾ ਭਾਰਤ 'ਚੋਂ ਵਿਰੋਧੀ ਧਿਰਾਂ ਨੂੰ ਖਤਮ ਕਰਨ ਲਈ ਕੋਝੀਆਂ ਚਾਲਾਂ ਚੱਲ ਰਹੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੋਕਤੰਤਰ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਇਸ ਮੌਕੇ ਕਾਂਗਰਸ ਕਮੇਟੀ ਦੇ ਬਲਾਕ ਭਿੱਖੀਵਿੰਡ ਤੋਂ ਪ੍ਰਧਾਨ ਗੁਰਮੁੱਖ ਸਿੰਘ ਸਾਂਡਪੁਰਾ, ਕੌਂਸਲਰ ਯਾਦਵਿੰਦਰ ਸਿੰਘ, ਕੌਂਸਲਰ ਨੀਰਜ ਧਵਨ, ਮਾੜੀਮੇਘਾ ਤੋਂ ਸਰਪੰਚ ਮੁਖਵਿੰਦਰ ਸਿੰਘ, ਰਿੰਕੂ ਕਲਸੀ, ਰਜਿੰਦਰ ਕੁਮਾਰ ਸ਼ਰਮਾ, ਮਨਦੀਪ ਸਿੰਘ ਸਰਪੰਚ ਭਿੱਖੀਵਿੰਡ, ਹਲਕਾ ਖੇਮਕਰਨ ਤੋਂ ਕਾਂਗਰਸ ਦੇ ਯੂਥ ਪ੍ਰਧਾਨ ਬੌਬੀ ਉਧੋਕੇ ਅਤੇ ਕੰਵਲ ਬੇਦੀ ਆਦਿ ਆਗੂ ਹਾਜ਼ਰ ਸਨ।

# ਗੁਰੂ ਨਾਨਕ ਕਾਲਜ ਬਟਾਲਾ ਵਿਖੇ ਮਹਿਲਾ ਦਿਵਸ ਮਨਾਇਆ

**ਬਟਾਲਾ (ਤਰਲੋਕ ਬੱਗਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਗੁਰੂ ਨਾਨਕ ਕਾਲਜ ਬਟਾਲਾ ਵਿਖੇ ਪ੍ਰਿੰਸੀਪਲ ਧਿਆਨ ਸਿੰਘ ਸੰਧੂ ਦੀ ਯੋਗ ਅਗਵਾਈ ਹੇਠ ਮਹਿਲਾ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਮਨਦੀਪ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮਹਿਮਾਨ ਡਾ. ਬਲਵਿੰਦਰ ਸਿੰਘ ਰਿਟਾਇਰ ਸੈਕਟਰੀ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦਾ ਸੁਆਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਡਾ. ਮਨਦੀਪ ਕੌਰ ਨੇ ਔਰਤਾਂ ਦੇ ਅਧਿਕਾਰਾਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਅਤੇ ਔਰਤਾਂ ਨੂੰ ਹਰ ਖੇਤਰ ਵਿੱਚ ਮਰਦਾਂ ਵੱਲੋਂ ਸਹਿਯੋਗ ਕਰਨ ਬਾਰੇ ਕਿਹਾ, ਆਏ ਹੋਏ ਮੁੱਖ ਮਹਿਮਾਨ ਡਾ. ਬਲਵਿੰਦਰ ਸਿੰਘ ਨੇ ਔਰਤਾਂ ਦੇ ਬਾਰੇ ਆਪਣੇ ਬਹੁਮੁੱਲੇ ਵਿਚਾਰ ਪੇਸ਼ ਕੀਤੇ। ਪ੍ਰਿੰਸੀਪਲ ਧਿਆਨ ਸਿੰਘ ਨੇ ਵੀ ਆਪਣੇ ਵਿਚਾਰਾਂ ਦੁਆਰਾ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਕਿ ਔਰਤਾਂ ਹਰ ਖੇਤਰ ਵਿੱਚ ਅੱਗੇ ਵਧ ਰਹੀਆਂ ਹਨ। ਇਸਦੇ ਨਾਲ ਹੀ ਉਨ੍ਹਾਂ ਕਾਲਜ ਨੂੰ ਬੁਲੰਦੀਆਂ ਤੱਕ ਲੈ ਕੇ ਜਾਣ ਦਾ ਭਰੋਸਾ ਵੀ ਦੁਆਇਆ। ਇਸ ਮੌਕੇ ਗੁਰੂ ਨਾਨਕ ਦੇਵ ਅਕੈਡਮੀ ਦੇ ਟੀਚਰ ਸਾਹਿਬਾਨ ਅਤੇ



ਡਾ. ਪਰਮਜੀਤ ਕੌਰ, ਪ੍ਰੋਫੈਸਰ ਨਵਤੇਜ ਕੌਰ, ਡਾ. ਚਰਨਜੀਤ ਸਿੰਘ, ਡਾ. ਗੁਰਬੀਰ ਸਿੰਘ ਸਮੁੱਚਾ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਪ੍ਰੋਫੈਸਰ ਮਨਪ੍ਰੀਤ ਕੌਰ ਨੇ ਔਰਤਾਂ ਬਾਰੇ ਕਵਿਤਾ ਪੇਸ਼ ਕੀਤੀ ਅਤੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਪੇਸ਼ਕਾਰੀ ਕੀਤੀ। ਅਖੀਰ ਵਿੱਚ ਡਾ. ਗੁਰਦੀਪ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਕਮਿਊਨਿਸਟਾਂ ਵੱਲੋਂ ਥਾਣੇ ਮੂਹਰੇ ਰੋਸ ਧਰਨਾ



**ਮਾਹਿਲਪੁਰ (ਸਫਰੀ)** ਗੜ੍ਹਸ਼ੰਕਰ ਪੁਲਸ ਪ੍ਰਸ਼ਾਸਨ ਤੇ ਸੱਤਾਧਾਰੀ ਆਗੂਆਂ ਦੇ ਕਥਿਤ ਸਿਆਸੀ ਦਬਾਅ ਹੇਠਾਂ ਕੰਮ ਕਰਨ ਦੇ ਰੋਸ ਵੱਜੋਂ ਸੀਪੀਐਮ ਦੀ ਸਥਾਨਕ ਇਕਾਈ ਦੇ ਆਗੂਆਂ ਕਾਮਰੇਡ ਗੁਰਨੇਕ ਸਿੰਘ ਭੱਜਲ, ਕਾਮਰੇਡ ਮਹਿੰਦਰ ਕੁਮਾਰ, ਨੀਲਮ ਬੱਡੋਆਣ,ਬਲਦੇਵ ਸਿੰਘ ਸਤਨੌਰ,ਰਵਿੰਦਰ ਕੁਮਾਰ ਅਤੇ ਬਖਸ਼ੀਸ਼ ਕੌਰ ਦੀ ਅਗਵਾਈ ਹੇਠਾਂ ਪੁਲਸ ਥਾਣੇ ਮੂਹਰੇ ਰੋਸ ਧਰਨਾ ਦਿੱਤਾ ਗਿਆ ਅਤੇ ਪੁਲਸ ਵਿਭਾਗ ਤੇ ਸੂਬਾ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਆਪਣੀਆਂ ਰੋਹ ਭਰਪੂਰ ਤਕਰੀਰਾਂ ਵਿਚ ਹਾਜ਼ਰ ਬੁਲਾਰਿਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਇੰਚਾਰਜ ਲੱਗੇ ਹੋਏ ਹਨ ਜਿਸ ਕਰਕੇ ਆਮ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਉਨਾਂ ਕਿਹਾ ਕਿ ਇਲਾਕੇ ਦੇ ਵੱਖ ਵੱਖ ਪਿੰਡਾਂ ਦੇ ਮਸਲਿਆਂ ਸਬੰਧੀ ਪੁਲਸ ਕੋਲ ਆਪਣੀਆਂ ਸ਼ਿਕਾਇਤਾਂ ਲੈ ਕੇ ਪੁੱਜਦੇ ਉਨਾਂ ਲੋਕਾਂ ਦੇ ਕੰਮ ਹੀ ਹੁੰਦੇ ਹਨ ਜਿਨਾਂ ਸਬੰਧੀ ਹਲਕਾ ਵਿਧਾਇਕ ਦੇ ਦਫਤਰ ਤੋਂ ਭੇਜੇ ਜਾਂਦੇ ਨਿਰਦੇਸ਼ ਪੁਲਸ ਨੂੰ ਮਿਲਦੇ ਹਨ। ਉਨਾਂ ਕਿਹਾ ਕਿ ਪਿੰਡ ਭਵਾਨੀਪੁਰ, ਸਤਨੌਰ,ਬੀਣੇਵਾਲ ਆਦਿ ਪਿੰਡਾਂ ਵਿੱਚ ਲੋਕਾਂ ਦੇ ਘਰਾਂ ਵੱਲ ਪਿੰਡ ਦੇ ਗੰਦੇ ਪਾਣੀ ਦਾ ਨਿਕਾਸ ਕੀਤਾ ਗਿਆ ਹੈ ਅਤੇ ਪੁਲਸ ਦੀ ਹਾਜ਼ਰੀ ਵਿੱਚ ਇਨਸਾਫ ਪਸੰਦ ਲੋਕਾਂ ਨਾਲ ਧੱਕੇਸ਼ਾਹੀ ਕੀਤੀ ਗਈ ਹੈ। ਉਨਾਂ ਕਿਹਾ ਕਿ ਪਿੰਡ ਸਤਨੌਰ ਦੇ ਮਸਲੇ ਸਬੰਧੀ ਜੇਕਰ ਪੁਲਸ ਨੇ ਆਪਣੀ ਵਧੀਕੀ ਜਾਰੀ ਰੱਖੀ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਉਨਾਂ ਦੋਸ਼ ਲਾਇਆ ਕਿ ਕਈ ਪਿੰਡਾਂ ਵਿੱਚ ਲੜਾਈ ਝਗੜੇ ਦੇ ਮਾਮੂਲੀ ਮਾਮਲਿਆਂ ਵਿੱਚ ਆਪ ਵਰਕਰਾਂ ਵੱਲੋਂ ਸ਼ਰੇਆਮ ਧੱਕਾ ਕਰਕੇ ਝੂਠੇ ਕੇਸ ਦਰਜ ਕੀਤੇ ਗਏ ਹਨ। ਇਸ ਮੌਕੇ ਹਾਜ਼ਰ ਬੁਲਾਰਿਆਂ ਨੇ ਕਈ ਮਿਸਾਲਾਂ ਦੇ ਕੇ ਪੀੜਤ ਵਿਅਕਤੀ ਰੋਸ ਧਰਨੇ ਵਿੱਚ ਲੋਕਾਂ ਅੱਗੇ ਪੇਸ਼ ਕੀਤੇ ਜਿਹੜੇ ਪੁਲਸ ਦੀ ਕਥਿਤ ਧੱਕੇਸ਼ਾਹੀ ਦੇ ਸ਼ਿਕਾਰ ਹੋਏ ਹਨ।

ਇਸ ਮੌਕੇ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸੱਤਾਧਾਰੀ ਪਾਰਟੀ ਦੇ ਕਥਿਤ ਹਲਕਾ ਇੰਚਾਰਜ ਪੁਲਸ 'ਤੇ ਦਬਾਅ ਪਾ ਕੇ ਲੋਕਾਂ ਨਾਲ ਸਿਆਸੀ ਰੰਜਿਸ਼ ਕੱਢਣ ਤੋਂ ਬਾਜ ਨਾ ਆਏ ਤਾਂ ਚੰਡੀਗੜ੍ਹ-ਹੁਸ਼ਿਆਰਪੁਰ ਮੁੱਖ ਮਾਰਗ 'ਤੇ ਚੱਕਾ ਜਾਮ ਕੀਤਾ ਜਾਵੇਗਾ। ਇਸ ਸਬੰਧੀ ਐਸਐਚਓ ਕਰਨੈਲ ਸਿੰਘ ਨੇ ਧਰਨਾਕਾਰੀਆਂ ਨੂੰ ਭਰੋਸਾ ਦਿੱਤਾ ਕਿ ਉਹ ਖੁਦ ਉਕਤ ਮਾਮਲਿਆਂ ਨੂੰ ਦੇਖਣਗੇ ਤੇ ਕਿਸੇ ਨਾਲ ਕੋਈ ਧੱਕਾ ਨਹੀਂ ਕੀਤਾ ਜਾਵੇਗਾ। ਇਸ ਪਿਛੋਂ ਧਰਨਾਕਾਰੀਆਂ ਨੇ ਆਪਣਾ ਧਰਨਾ ਸਮਾਪਤ ਕੀਤਾ ਅਤੇ ਕਿਹਾ ਕਿ ਨਿਰਦੋਸ਼ ਲੋਕਾਂ ਨਾਲ ਹੁੰਦੇ ਧੱਕੇ ਵਿਰੁੱਧ ਸੰਘਰਸ਼ ਜਾਰੀ ਰਹੇਗਾ।

# 12 ਮਹੀਨਿਆਂ 'ਚ ਮੁਲਾਜ਼ਮਾਂ ਦੀ ਤਨਖਾਹ ਨਹੀਂ ਹੋਈ ਪੂਰੀ



**ਜਲੰਧਰ( ਰਾਜੇਸ਼ ਥਾਪਾ )** ਪੁਰਾਣੇ ਰਾਜਨੀਤਿਕ ਸਿਸਟਮ ਤੋਂ ਅੱਕਣ ਤੇ ਆਮ ਆਦਮੀ ਪਾਰਟੀ ਨੇ ਬਦਲਾਅ ਦਾ ਨਾਅਰਾ ਦਿੱਤਾ ਸੀ ਅਤੇ ਬਦਲਾਅ ਦੇ ਨਾਅਰੇ 'ਤੇ ਆਮ ਜਨਤਾ ਅਤੇ ਮੁਲਾਜ਼ਮ ਵਰਗ ਖਾਸ ਕਰਕੇ ਕੱਚੇ ਮੁਲਾਜ਼ਮਾਂ ਨੇ ਫੁੱਲ ਚੜ੍ਹਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਅਤੇ ਮੁਲਾਜ਼ਮਾਂ ਨੂੰ ਵਿਸ਼ਵਾਸ ਸੀ ਕਿ ਸੱਤਾ ਵਿਚ ਆਉਣ ਤੋਂ ਬਾਅਦ ਮੁਲਾਜ਼ਮਾਂ ਦੇ ਹੱਕੀ ਮਸਲੇ ਹੱਲ ਹੋ ਜਾਣਗੇ ਪ੍ਰੰਤੂ ਵਿਧਾਇਕਾਂ ਤੋਂ ਲੈ ਕੈ ਮੁੱਖ ਮੰਤਰੀ ਤੱਕ ਹਰ ਦਰਵਾਜੇ 'ਤੇ ਗੁਹਾਰ ਲਗਾਉਣ ਤੋਂ ਬਾਅਦ ਵੀ ਕੱਚੇ ਮੁਲਾਜ਼ਮ ਦੇ ਪੱਲੇ ਕੁਝ ਵੀ ਨਹੀਂ ਪੈ ਰਿਹਾ।

ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸ਼ੋਭਿਤ ਭਗਤ, ਮੋਹਿਤ ਸ਼ਰਮਾ, ਰਾਜੀਵ, ਸੁਖਰਾਜ, ਗਗਨ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਟਵੀਟ ਕਰਕੇ ਕਿਹਾ ਜਾ ਰਿਹਾ ਹੈ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਸਿੱਖਿਆ ਵਿਭਾਗ ਦੇ ਦਫਤਰੀ ਮੁਲਾਜ਼ਮਾਂ ਦੀ ਲੰਬੇ ਸਮੇਂ ਤੋਂ ਤਨਖਾਹ ਅਨਾਮਲੀ ਚੱਲ ਰਹੀ ਹੈ ਇਕ ਹੀ ਦਫਤਰ ਵਿਚ ਇਕ ਹੀ ਕਾਡਰ ਦੇ ਮੁਲਾਜ਼ਮ ਨੂੰ ਵੱਖਰੀ ਵੱਖਰੀ ਤਨਖਾਹ ਮਿਲ ਰਹੀ ਹੈ, ਜਿਸ ਸਬੰਧੀ ਸਮੇਂ ਸਮੇਂ ਤੇ ਸਰਕਾਰ ਨਾਲ ਮੀਟਿੰਗਾਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ 15 ਜੂਨ 2022 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਵਿਭਾਗੀ ਅਧਿਕਾਰੀਆਂ ਦੀ ਮੌਜੂਦਗੀ ਵਿਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੀਟਿੰਗ ਹੋਈ ਜਿਸ ਵਿਚ ਉਨ੍ਹਾਂ ਵੱਲੋਂ ਤਨਖਾਹ ਅਨਾਮਲੀ ਨੂੰ ਦੂਰ ਕਰਕੇ ਤੁਰੰਤ ਤਨਖਾਹਾਂ ਦਾ ਫੰਡ ਜ਼ਾਰੀ ਕਰਨ ਦੇ ਆਦੇਸ਼ ਦਿੱਤੇ ਪਰ ਸਿੱਖਿਆ ਮੰਤਰੀ ਦੇ ਆਦੇਸ਼ ਹਵਾ ਹਵਾਈ ਹੋ ਗਏ। ਇਸ ਉਪਰੰਤ ਨਵੇਂ ਬਣੇ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਸਮੇਂ ਸਮੇਂ ਤੇ ਵੱਖ ਵੱਖ ਮੀਟਿੰਗ ਹੋਈਆਂ ਜਿਸ ਵਿਚ ਉਨ੍ਹਾਂ ਵੱਲੋਂ ਦਫਤਰੀ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਸਬੰਧੀ ਸਹਿਮਤੀ ਦਿੱਤੀ ਪਰ ਨਵੀਂ ਸਰਕਾਰ ਦੇ 12 ਮਹੀਨਿਆਂ ਦੌਰਾਨ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਹੀ ਦੂਰ ਨਹੀਂ ਹੋ ਰਹੀ ਜਿਸ ਕਰਕੇ ਮੁਲਾਜ਼ਮ ਵਰਗ 'ਚ ਬਹੁਤ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਕੱਚੇ ਮੁਲਾਜ਼ਮ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਆਗੂਆਂ ਨੇ ਦੱਸਿਆ ਕਿ ਇਕ ਹੀ ਦਫਤਰ ਵਿਚ ਇਕ ਕਾਡਰ ਦੇ ਕੰਮ ਕਰ ਰਹੇ 2 ਮੁਲਾਜ਼ਮਾਂ ਦੀ ਤਨਖਾਹ ਦਾ ਪਾੜਾ 5000 ਰੁਪਏ ਪ੍ਰਤੀ ਮਹੀਨਾ ਹੈ। ਮੌਜੂਦਾ ਸਰਕਾਰ ਵੱਲੋਂ ਫਲੈਕਸ ਬੋਰਡ ਲਗਾ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ 8736 ਕੱਚੇ ਅਧਿਆਪਕਾਂ/ਮੁਲਾਜ਼ਮਾਂ ਨੂੰ ਰੈਗੂਲਰ ਕਰ ਦਿੱਤਾ ਗਿਆ ਹੈ ਪਰ ਸੱਚਾਈ ਇਹ ਹੈ ਕਿ 6 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਕੱਚੇ ਮੁਲਾਜ਼ਮਾਂ ਦੇ ਹੱਥ ਖਾਲੀ ਦੇ ਖਾਲੀ ਹਨ। ਆਗੂਆਂ ਨੇ ਐਲਾਨ ਕੀਤਾ ਕਿ 08 ਅਪ੍ਰੈਲ ਨੂੰ ਸਿੱਖਿਆ ਵਿਭਾਗ ਦੇ ਸਰਵ ਸਿੱਖਿਆ ਅਭਿਆਨ/ਮਿੱਡ ਡੇ ਮੀਲ ਦਫਤਰੀ ਮੁਲਾਜ਼ਮ ਜਲੰਧਰ ਵਿਖੇ ਭਰਵੀਂ ਰੈਲੀ ਕਰਕੇ ਰੋਸ ਮੁਜਾਹਰਾ ਕਰਨਗੇ। ਇਸ ਮੌਕੇ ਸ਼ਾਲੂ, ਤਰਨਪ੍ਰੀਤ, ਅਮਰਜੀਤ ਕੌਰ, ਵਿਜੈ ਲਕਸ਼ਮੀ ਆਦਿ ਮੌਜੂਦ ਸਨ!

## ਵਿਸਾਖੀ ਮੌਕੇ ਵੀਜ਼ਾ ਅਪਲਾਈ ਕਰਨ ਵਾਲਿਆਂ ਨੂੰ 1 ਲੱਖ ਰੁਪਏ ਦੀ ਛੋਟ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)** ਵਾਹਿਗੁਰੂ ਅਕੈਡਮੀ ਸੁਲਤਾਨਪੁਰ ਲੋਧੀ ਵੱਲੋਂ ਕੈਨੇਡਾ, ਇੰਗਲੈਂਡ ਅਤੇ ਆਸਟਰੇਲੀਆ ਦੇ ਟੂਰਿਸਟ ਵੀਜ਼ਿਆਂ ਸੰਬੰਧੀ ਮੈਗਾ ਸੈਮੀਨਾਰ ਕਰਵਾਇਆ ਗਿਆ। ਵੀਜ਼ਾ ਮਾਹਿਰਾਂ ਨੇ ਕਿਹਾ ਕਿ ਕੈਨੇਡਾ, ਇੰਗਲੈਂਡ ਅਤੇ ਆਸਟਰੇਲੀਆ ਵਿੱਚ ਟੂਰਿਸਟ ਵੱਜੋਂ ਜਾਣ ਵਾਲੇ ਉਮੀਦਵਾਰਾਂ ਲਈ ਹੁਣ ਸੁਨਹਿਰੀ ਮੌਕਾ ਹੈ। ਇਨ੍ਹਾਂ ਦੇਸ਼ਾਂ ਦੀਆਂ ਅੰਬੈਸੀਆਂ ਵੱਲੋਂ ਵੀਜ਼ਾ ਨਿਯਮਾਂ ਵਿੱਚ ਕੀਤੇ ਬਦਲਾਅ ਸਦਕਾ ਹੁਣ ਕੋਈ ਵੀ ਵਿਅਕਤੀ ਪਰਵਾਰ ਸਮੇਤ ਟੂਰਿਸਟ ਵੀਜ਼ਾ ਆਸਾਨੀ ਨਾਲ ਪ੍ਰਾਪਤ ਕਰ ਸਕਦਾ ਹੈ। ਵਾਹਿਗੁਰੂ ਅਕੈਡਮੀ ਦੀ ਮੈਨੇਜਰ ਪਿੰਕੀ ਨੇ ਦੱਸਿਆ ਕਿ ਟੂਰਿਸਟ ਦੇ ਤੌਰ 'ਤੇ ਜਾਣ ਵਾਲੇ ਉੱਥੇ ਕੰਮ ਵੀ ਕਰ ਸਕਦੇ ਹਨ। ਇਨਾਂ ਦੇਸ਼ਾਂ ਲਈ ਕੋਈ ਫੰਡ ਦਿਖਾਉਣ ਦੀ ਲੋੜ ਨਹੀਂ ਹੁੰਦੀ। ਮੈਨੇਜਰ ਪਿੰਕੀ ਨੇ ਦੱਸਿਆ ਕਿ ਵਾਹਿਗੁਰੂ ਅਕੈਡਮੀ ਦਾ ਵੀਜ਼ਾ ਸਕਸੈੱਸ ਰੇਟ 100 ਫੀਸਦੀ ਹੈ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਵਿਸਾਖੀ ਦੇ ਸ਼ੁੱਭ ਦਿਹਾੜੇ ਮੌਕੇ ਟੂਰਿਸਟ ਵੀਜੇ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ 1 ਲੱਖ ਰੁਪਏ ਤੱਕ ਦੀ ਛੋਟ ਦਿੱਤੀ ਜਾਵੇਗੀ।



## ਨਜਾਇਜ਼ ਗਰਭਪਾਤ ਦੇ ਦੋਸ਼ 'ਚ ਪ੍ਰਾਈਵੇਟ ਮੈਡੀਕਲ ਹਾਲ ਦੀ ਮਾਲਕਣ ਗ੍ਰਿਫਤਾਰ



**ਫਿਲੌਰ (ਨਿਰਮਲ)**- ਮੁਖਵਿੰਦਰ ਸਿੰਘ ਭੁੱਲਰ ਪੀ.ਪੀ.ਐਸ, ਸੀਨੀਅਰ ਪੁਲਸ ਕਪਤਾਨ, ਜਲੰਧਰ (ਦਿਹਾਤੀ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਦੇ ਮਾੜੇ ਅਨਸਰਾਂ/ਨਸ਼ਾ ਤਸਕਰਾਂ/ਨਜਾਇਜ਼ ਗਰਭਪਾਤ ਕਰਨ ਵਾਲਿਆਂ ਖਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮਨਪ੍ਰੀਤ ਸਿੰਘ ਢਿੱਲੋਂ ਪੀ.ਪੀ.ਐਸ, ਪੁਲਸ ਕਪਤਾਨ, ਇੰਨਵੈਸਟੀਗੇਸ਼ਨ, ਜਲੰਧਰ (ਦਿਹਾਤੀ) ਅਤੇ ਜਗਦੀਸ ਰਾਜ ਪੀ.ਪੀ.ਐਸ ਉਪ ਪੁਲਸ ਕਪਤਾਨ, ਸਬ ਡਵੀਜਨ ਫਿਲੌਰ ਦੀ ਅਗਵਾਈ ਹੇਠ ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫ਼ਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਇਕ ਪ੍ਰਾਈਵੇਟ ਮੈਡੀਕਲ ਹਾਲ ਦੀ ਮਾਲਕਣ ਨੂੰ ਗ੍ਰਿਫ਼ਤਾਰ ਕੀਤਾ ਹੈ। ਉਪ ਪੁਲਿਸ ਕਪਤਾਨ ਨੇ ਦੱਸਿਆ ਕਿ ਮਿਤੀ 4.04.2023 ਨੂੰ ਸਬ ਇੰਸਪੈਕਟਰ ਪਰਮਜੀਤ ਸਿੰਘ ਨੂੰ ਪੁਖਤਾ ਇਤਲਾਹ ਮਿਲੀ ਸੀ ਕਿ ਇਕ ਔਰਤ ਜੋ ਪ੍ਰਾਈਵੇਟ ਮੈਡੀਕਲ ਦੇ ਨਾਂਅ ਪਰ ਆਪਣਾ ਮੈਡੀਕਲ ਚਲਾਉਂਦੀ ਹੈ ਅਤੇ ਨਜਾਇਜ਼ ਅਬਾਰਸ਼ਨ ਕਰਨ ਦਾ ਧੰਦਾ ਕਰਦੀ ਹੈ। ਜੋ ਇਸ ਪੁਖਤਾ ਜਾਣਕਾਰੀ ਦੇ ਆਧਾਰ 'ਤੇ ਮੁਕੱਦਮਾ ਨੰਬਰ 72 ਮਿਤੀ 4.04.2023 ਜੁਰਮ 312/511/120ਬੀ ਭ:ਦ: 15(2),12 ਮੈਡੀਕਲ ਕੌਂਸਲ 1956 ਥਾਣਾ ਫਿਲੌਰ ਦਰਜ ਕਰਕੇ ਇਕ ਔਰਤ, ਨੂਰਮਹਿਲ ਰੋਡ ਫਿਲੌਰ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਔਰਤ ਪ੍ਰਾਈਵੇਟ ਮੈਡੀਕਲ ਦੇ ਨਾਂਅ ਪਰ ਦੁਕਾਨ ਕਰਦੀ ਹੈ ਅਤੇ ਇਹ ਗਰਭਵਤੀ ਔਰਤਾਂ ਦਾ ਬਿਨਾਂ ਲਾਇਸੰਸ ਮੋਟੀ ਰਕਮ ਵਸੂਲ ਕਰਕੇ ਅਬਾਰਸ਼ਨ ਕਰਦੀ ਹੈ। ਇਸਦੇ ਖਿਲਾਫ਼ ਸਾਲ 2021 ਵਿੱਚ ਵੀ ਗਰਭਵਤੀ ਔਰਤਾਂ ਦਾ ਬਿਨਾਂ ਲਾਇਸੰਸ ਮੋਟੀ ਰਕਮ ਵਸੂਲ ਕਰਕੇ ਅਬਾਰਸ਼ਸ਼ ਕਰਨ ਦਾ ਮੁਕੱਦਮਾ ਦਰਜ ਰਜਿਸਟਰ ਹੋਇਆ ਹੈ। ਜਿਸ ਵਿੱਚੋਂ ਇਹ ਜਮਾਨਤ ਪਰ ਆ ਕੇ ਦੁਬਾਰਾ ਫਿਰ ਇਹ ਧੰਦਾ ਕਰਨ ਲੱਗ ਪਈ ਹੈ।

## ਆਟੋ ਵਰਕਰ ਅੱਜ ਫੂਕਣਗੇ ਟ੍ਰੈਫਿਕ ਪੁਲਸ ਦੇ ਇੰਚਾਰਜ ਦਾ ਪੁਤਲਾ

**ਨਵਾਂਸ਼ਹਿਰ (ਮਨੋਜ ਲਾਡੀ)** ਨਿਊ ਆਟੋ ਵਰਕਰਜ਼ ਯੂਨੀਅਨ ਨਵਾਂਸ਼ਹਿਰ ਨੇ 6 ਅਪ੍ਰੈਲ ਨੂੰ ਸਵੇਰੇ 11 ਵਜੇ ਦੇ ਕਰੀਬ ਟ੍ਰੈਫਿਕ ਪੁਲਸ ਨਵਾਂਸ਼ਹਿਰ ਦੇ ਇੰਚਾਰਜ ਦਾ ਪੁਤਲਾ ਫੂਕਣ ਦਾ ਐਲਾਨ ਕੀਤਾ ਹੈ। ਇਹ ਫੈਸਲਾ ਆਟੋ ਯੂਨੀਅਨ ਦੀ ਹੋਈ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਨਿਊ ਆਟੋ ਵਰਕਰਜ਼ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਪੁਨੀਤ ਕੁਮਾਰ ਕਲੇਰ ਨੇ ਦੱਸਿਆ ਕਿ ਨਵਾਂਸ਼ਹਿਰ ਦਾ ਟ੍ਰੈਫਿਕ ਇੰਚਾਰਜ ਆਟੋ ਵਰਕਰਾਂ ਨੂੰ ਨਜਾਇਜ਼ ਤੰਗ ਪ੍ਰੇਸ਼ਾਨ ਕਰ ਰਿਹਾ ਹੈ। ਆਟੋ ਯੂਨੀਅਨ ਉਸਦੀਆਂ ਮੰਗਾਂ ਪੂਰੀਆਂ ਨਹੀਂ ਕਰ ਸਕਦੀ ਇਸ ਲਈ ਯੂਨੀਅਨ ਨੇ ਉਸ ਵਿਰੁੱਧ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ। ਉਹਨਾਂ ਦੱਸਿਆ ਕਿ ਆਟੋ ਸਟੈਂਡ ਤੋਂ ਮੁਜਾਹਰਾ ਕਰਕੇ ਚੰਡੀਗੜ੍ਹ ਚੌਂਕ ਨਵਾਂਸ਼ਹਿਰ ਵਿਖੇ ਟ੍ਰੈਫਿਕ ਇੰਚਾਰਜ ਦਾ ਪੁਤਲਾ ਫੂਕਿਆ ਜਾਵੇਗਾ।



## ਐੱਸ ਪੀ ਗੁਰਪ੍ਰੀਤ ਸਿੰਘ ਗਿੱਲ ਵੱਲੋਂ ਟੋਲ ਪਲਾਜ਼ਾ ਗਿੱਦੜ ਪਿੰਡੀ ਵਿਖੇ ਵਿਸ਼ੇਸ਼ ਨਾਕਾ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**: ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਨਵ ਨਿਯੁਕਤ ਐਸ.ਪੀ. ਗੁਰਪ੍ਰੀਤ ਸਿੰਘ ਗਿੱਲ ਅਤੇ ਨਵ ਨਿਯੁਕਤ ਲੋਹੀਆਂ ਖਾਸ ਦੇ ਥਾਣਾ ਮੁਖੀ ਇੰਸਪੈਕਟਰ ਜੈਪਾਲ ਵਲੋਂ ਟੋਲ ਪਲਾਜਾ ਗਿੱਦੜ ਪਿੰਡੀ ਵਿਖੇ ਵਿਸ਼ੇਸ਼ ਨਾਕਾ ਲਗਾ ਕੇ ਜਾਂਚ ਕੀਤੀ ਗਈ। ਐਸ.ਪੀ. ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਜਲੰਧਰ ਲੋਕ ਸਭਾ ਦੀ ਜਿਮਨੀ ਚੋਣ ਹੋਣ ਕਰਕੇ ਮਾੜੇ ਅਨਸਰਾਂ ਦੀਆਂ ਕਾਰਵਾਈਆਂ 'ਤੇ ਧਿਆਨ ਰੱਖਣ ਲਈ ਲਗਾਤਾਰ ਟੋਲ ਪਲਾਜਾ ਗਿੱਦੜ ਪਿੰਡੀ ਵਿਖੇ ਵਿਸ਼ੇਸ਼ ਨਾਕਾ ਚੱਲਦਾ ਰਹੇਗਾ। ਉਨ੍ਹਾਂ ਕਿਹਾ ਕਿ ਚੋਣ ਦੌਰਾਨ ਗਲਤ ਅਨਸਰਾਂ ਨੂੰ ਕੁਸਕਣ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਲੋਹੀਆਂ ਖਾਸ ਦੇ ਥਾਣਾ ਮੁਖੀ ਇੰਸਪੈਕਟਰ ਜੈਪਾਲ, ਸਬ ਇੰਸਪੈਕਟਰ ਇਕਬਾਲ ਸਿੰਘ, ਏ.ਐਸ.ਆਈ. ਅਵਤਾਰ ਸਿੰਘ ਖੇੜਾ, ਹੌਲਦਾਰ ਰਮਨਦੀਪ ਸਿੰਘ, ਹੌਲਦਾਰ ਦਿਲਦਾਰ ਸਿੰਘ ਅਤੇ ਬੀ.ਐੱਸ.ਐੱਫ. ਦੇ ਜਵਾਨ ਵੀ ਹਾਜਰ ਸਨ।

## ਵਾਈ ਐਫ ਸੀ ਰੁੜਕਾ ਕਲਾਂ ਰਿਹਾਇਸ਼ੀ ਫੁੱਟਬਾਲ ਅਕੈਡਮੀ ਵੱਲੋਂ ਚੋਣ ਟਰਾਇਲ 9 ਨੂੰ



**ਗੁਰਾਇਆ (ਬਿੰਦਰ ਸੁਮਨ )**–ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਵੱਲੋਂ ਮਾਨਤਾ ਪ੍ਰਾਪਤ ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਪਿਛਲੇ 20 ਸਾਲਾਂ ਤੋਂ ਲਗਾਤਾਰ ਬੱਚਿਆਂ ਅਤੇ ਨੌਜਵਾਨਾਂ ਦੀ ਬਿਹਤਰੀ ਲਈ ਲਗਾਤਾਰ ਕੰਮ ਕਰ ਰਹੀ ਹੈ। ਕਲੱਬ ਵੱਲੋਂ ਵਿੱਚ ਫੁੱਟਬਾਲ ਤੋਂ ਇਲਾਵਾ ਕਬੱਡੀ,ਕ੍ਰਿਕਟ ਅਤੇ ਰੈਸਲਿੰਗ ਦੀ ਵੀ ਟਰੇਨਿੰਗ ਦਿੱਤੀ ਜਾਂਦੀ ਹੈ। ਨਵੇਂ ਸੈਸ਼ਨ 2023-2024 ਲਈ ਵਾਈ ਐਫ ਸੀ ਰੁੜਕਾ ਕਲਾਂ ਵੱਲੋਂ ਰਿਹਾਇਸ਼ੀ ਫੁੱਟਬਾਲ ਟੀਮ ਲਈ ਚੋਣ ਟਰਾਇਲ ਦਿਨ ਐਤਵਾਰ ਮਿਤੀ 9 ਅਪ੍ਰੈਲ, 2023 ਨੂੰ ਕਰਵਾਏ ਜਾ ਰਹੇ ਹਨ। ਜਿਸ ਵਿੱਚ ਉਮਰ ਵਰਗ-13 (2011 ਅਤੇ 2012) ਅਤੇ ਉਮਰ ਵਰਗ-15 (2009,2010) ਦੇ ਖਿਡਾਰੀਆਂ ਦੇ ਟਰਾਇਲ ਕਰਵਾਏ ਜਾਣਗੇ। ਇਨ੍ਹਾਂ ਟਰਾਇਲਾਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਬੱਚਿਆਂ ਦੇ ਆਉਣ ਦੀ ਉਮੀਦ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਕਲੱਬ ਲਈ ਸੀਲੈਕਟ ਬੱਚਿਆਂ ਨੂੰ ਅੰਤਰਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆ। ਸਿਲੈਕਟ ਬੱਚਿਆਂ ਲਈ ਹੋਸਟਲ ਵਿੱਚ ਰਹਿਣ ਦਾ ਪੂਰਾ ਪ੍ਰਬੰਧ ਹੈ,ਨਾਲ ਹੀ ਬੱਚਿਆਂ ਨੂੰ ਮੁਫ਼ਤ ਸਕੂਲ ਦੀ ਪੜ੍ਹਾਈ,ਖਾਣਾ,ਖੇਡ-ਕਿੱਟਾਂ,ਮੁਫ਼ਤ ਸਿਹਤ ਸੁਵਿਧਾਵਾਂ ਆਦਿ ਦਿੱਤੀਆਂ ਜਾਂਦੀਆਂ ਹਨ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਕੋਚਾਂ ਦੁਆਰਾ ਵੀ ਇਨ੍ਹਾਂ ਬੱਚਿਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ।

ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵੀ ਸਪੈਸ਼ਲ ਟਰੇਨਿੰਗਾਂ ਲਈਆਂ ਜਾਂਦੀਆਂ ਹਨ। ਹਰ ਸਾਲ ਖੇਡਾਂ ਵਿੱਚ ਚੰਗੇ ਉੱਤਰੇ ਖਿਡਾਰੀਆਂ ਨੂੰ ਨੈਸ਼ਨਲ, ਇੰਡੀਆ ਕੈਂਪ ਲਗਾਉਣ ਦਾ ਮੌਕਾ ਮਿਲਦਾ ਹੈ।

## ਮਜ਼ਦੂਰਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇ-ਸਿਕੰਦਰ



**ਸ਼ਾਹਕੋਟ. (ਗਿਆਨ ਸੈਦਪੁਰੀ)**-ਪੰਜਾਬ ਖੇਤ ਮਜ਼ਦੂਰ ਸਭਾ ਤਹਿਸੀਲ ਨਕੋਦਰ ਦੀ ਐਡਹਾਕ ਕਮੇਟੀ ਦੀ ਮੀਟਿੰਗ ਕਾਮਰੇਡ ਭਜਨ ਸਿੰਘ ਖੁਰਲਾਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਕਾਮਰੇਡ ਸਿਕੰਦਰ ਸੰਧੂ ਨੇ ਸੰਬੋਧਨ ਕੀਤਾ। ਉਨ੍ਹਾ ਕਿਹਾ ਕਿ ਬੇਮੌਸਮੀ ਬਾਰਿਸ਼ ਨਾਲ ਨੁਕਸਾਨੀ ਗਈ ਕਣਕ ਦਾ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਸਰਕਾਰ ਦੇ ਫ਼ੈਸਲੇ ਦੀ ਸਭਾ ਸ਼ਲਾਘਾ ਕਰਦੀ ਹੈ। ਉਨ੍ਹਾ ਕਿਹਾ ਕਿ ਕਣਕ ਦੇ ਨੁਕਸਾਨ ਨਾਲ ਮਜ਼ਦੂਰ ਵਰਗ ਵੀ ਪ੍ਰਭਾਵਤ ਹੋਇਆ ਹੈ, ਇਸ ਲਈ ਖੇਤ ਮਜ਼ਦੂਰਾਂ ਨੂੰ ਵੀ ਪੰਦਰਾਂ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।

ਮੀਟਿੰਗ ਵਿੱਚ ਹੋਏ ਹੋਰ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਤਹਿਸੀਲ ਸਕੱਤਰ ਸਾਥੀ ਸੰਦੀਪ ਕੁਮਾਰ ਨੇ ਦੱਸਿਆ ਕਿ 14 ਅਪ੍ਰੈਲ ਨੂੰ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਪਿੰਡ ਸਮਾਇਲਪੁਰ (ਮਹਿਤਪੁਰ) ਵਿੱਚ ਮਨਾਇਆ ਜਾਵੇਗਾ। ਇਸ ਦੀ ਤਿਆਰੀ ਸੰਬੰਧੀ 7 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਨਰੇਗਾ ਮਜ਼ਦੂਰਾਂ ਨਾਲ ਹੋ ਰਹੇ ਧੱਕੇ ਵਿਰੁੱਧ ਅਤੇ ਮਜ਼ਦੂਰਾਂ ਦੇ ਹੋਰ ਮਸਲਿਆਂ ਸੰਬੰਧੀ ਸਿਕੰਦਰ ਸੰਧੂ, ਭਜਨ ਸਿੰਘ ਖੁਰਲਾਪੁਰ ਅਤੇ ਸੰਦੀਪ ਕੁਮਾਰ ਦੀ ਅਗਵਾਈ ਵਿੱਚ ਇੱਕ ਵਫ਼ਦ ਬੀ ਡੀ ਪੀ ਓ ਨੂੰ ਮਿਲੇਗਾ। ਮੀਟਿੰਗ ਵਿੱਚ ਕਾਮਰੇਡ ਸੁਨੀਲ ਕੁਮਾਰ, ਰਮੇਸ਼ ਸਿੰਘ, ਪੀਟਰ ਆਦਰਾਮਾਨ, ਜਤਿੰਦਰ ਕੁਮਾਰ ਅਤੇ ਸੁਖਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

## ਮੇਹਰ ਚੰਦ ਪੋਲੀਟੈਕਨਿਕ ਵਿਖੇ ਅਲੂਮਨੀ ਮੀਟ




**ਜਲੰਧਰ - (ਸ਼ੈਲੀ ਐਲਬਰਟ)**-: ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਪੁਰਾਣੇ ਵਿਦਿਆਰਥੀਆਂ ਦੀ ਅਲੂਮਨੀ ਮੀਟ ਕਰਵਾਈ ਗਈ, ਜਿਸ ਦੀ ਪ੍ਰਧਾਨਗੀ ਮੁੱਖ ਸਰਪ੍ਰਸਤ ਸੀ. ਐਲ. ਕੋਛੜ ਅਤੇ ਪ੍ਰਧਾਨ ਅਜੇ ਗੋਸਵਾਮੀ ਨੇ ਕੀਤੀ। ਆਰੰਭ ਵਿੱਚ ਪ੍ਰਿੰਸੀਪਲ ਡਾ.ਜਗਰੂਪ ਸਿੰਘ ਨੇ ਸਾਰਿਆ ਨੂੰ ਜੀ ਆਇਆਂ ਕਿਹਾ ਤੇ ਏਜੰਡੇ 'ਤੇ ਚਾਨਣਾ ਪਾਇਆ।ਉਹਨਾਂ ਕਿਹਾ ਕਿ ਅੱਜ ਦੀ ਮੀਟਿੰਗ ਦਾ ਮੁਖ ਮਕਸਦ ਅਗਲੇ ਸਾਲ ਆਉਣ ਵਾਲੀ ਕਾਲਜ ਦੀ ਪਲੈਟੀਨਮ ਜੁਬਲੀ ਨੂੰ ਧੂਮਧਾਮ ਨਾਲ ਮਨਾਉਣਾ ਹੈ, ਜਦੋਂ ਕਾਲਜ ਨੂੰ 1954 ਵਿੱਚ ਸਥਾਪਿਤ ਹੋਏ ਨੂੰ ਪੂਰੇ ਸੱਤਰ ਸਾਲ ਹੋ ਜਾਣਗੇ। ਸਾਰੇ ਮੈਂਬਰਾਂ ਨੇ ਇਸ ਲਈ ਤਨ, ਮਨ ਤੇ ਧੰਨ ਨਾਲ ਸਹਿਯੋਗ ਦੇਣ ਦਾ ਵਾਧਾ ਕੀਤਾ । ਪ੍ਰਧਾਨ ਅਜੇ ਗੋਸਵਾਮੀ ਨੇ ਕਾਲਜ ਦੀਆਂ ਪ੍ਰਾਪਤੀਆਂ ਦਾ ਜਿਕਰ ਕੀਤਾ । ਅਲੁਮਨੀ ਮੀਟਿੰਗ ਨੂੰ ਅਜੀਤ ਗੋਸਵਾਮੀ, ਪ੍ਰਿੰਸੀਪਲ. ਐਨ.ਐਲ ਅਰੋੜਾ, ਵਾਸੂ ਦੇਵ ਸ਼ਰਮਾ, ਰਾਜ ਕੁਮਾਰ ਚੌਧਰੀ, ਵਿਨੋਦ ਕਪੂਰ, ਸੁਰਿੰਦਰ ਸਿੰਘ, ਏ.ਕੇ ਸ਼ਰਮਾ, ਅਮਰਿੰਦਰ ਧੀਮਾਨ , ਸੋਮਨਾਥ, ਜਗਦੀਪ ਸਿੰਘ ਮਾਰਾਂਟ, ਪਰਸ਼ੋਤਮ ਲਾਲ ਸ਼ਰਮਾ ਨੇ ਵੀ ਸਬੋਧਨ ਕੀਤਾ ਅਤੇ ਕਾਲਜ ਨੂੰ ਪੂਰਨ ਸਹਿਯੋਗ ਕਰਨ ਦਾ ਵਾਧਾ ਕੀਤਾ । ਸੋਮਨਾਥ ਨੇ ਇੱਕ ਲੱਖ ਰੁਪਏ ਕਾਲਜ ਨੂੰ ਭੇਂਟ ਕੀਤੇ ਤੇ ਬਾਕੀ ਮੈਂਬਰਾਂ ਨੇ ਵੀ ਮਾਲੀ ਯੋਗਦਾਨ ਦੇ ਕੇ 51000 ਰੁਪਏ ਅਲੂਮਨੀ ਫੰਡ ਲਈ ਦਾਨ ਕੀਤੇ ਤਾਂ ਜੋ ਮੇਹਰਚੰਦ ਪਲੀਟੈਕਨਿਕ ਦਿਨ-ਦੂਣੀ ਤੇ ਰਾਤ-ਚੌਗਣੀ ਤੱਰਕੀ ਕਰੇ। । ਸੁਰਿੰਦਰ ਸਿੰਘ ਨੇ ਇਸ ਮੌਕੇ ਕਿਹਾ ਕਿ ਉਹ ਕਾਲਜ ਦੀ ਬਿਲਡਿੰਗ ਦੀ ਨਵੀਂ ਦਿਖ ਲਈ ਜਿਨੀ ਵੀ ਪੇਂਟ ਸਮੱਗਰੀ ਲਗੇਗੀ , ਉਸ ਵਲੋਂ ਦਿੱਤੀ ਜਾਵੇਗੀ।ਐਨ.ਐਲ ਅਰੋੜਾ ਨੇ 11000 ਰੁਪਏ ਦਾ ਚੈਕ ਵਿਦਿਆਰਥੀਆਂ ਦੀ ਸਕਾਲਰਸ਼ਿਪ ਲਈ ਭੇਂਟ ਕੀਤਾ। ਅੰਤ ਵਿੱਚ ਸਰਪੱਰਸਤ ਸੀ.ਐਲ. ਕੋਛੜ ਨੇ ਭਾਵੁਕ ਹੁੰਦਿਆ ਕਿਹਾ ਕਿ ਉਹਨਾਂ ਨੂੰ ਬਹੁਤ ਖੁਸ਼ੀ ਹੈ ਕਿ ਇਹ ਅਦਾਰਾ ਜਿੱਥੇ ਉਹਨਾਂ ਨੂੰ ਸਭ ਕੁੱਝ ਪ੍ਰਾਪਤ ਹੋਇਆ ਹੈ, ਅੱਜ ਚੜ੍ਹਦੀਆਂ ਕਲਾਂ ਵਿੱਚ ਹੈ ਤੇ ਸੁੱਰਖਿਅਤ ਅਤੇ ਮਜਬੂਤ ਹੱਥਾਂ ਵਿੱਚ ਹੈ ।

## ਜਨਮ ਦਿਨ ਮੁਬਾਰਕ



ਪਰਵਾਜ਼ (ਫਰੀਦਕੋਟ)

## ਵਰ੍ਹੇਗੰਢ ਮੁਬਾਰਕ



ਕਾਮਰੇਡ ਸ਼ਮਸ਼ੇਰ ਸਿੰਘ ਅਤੇ ਹਰਪ੍ਰੀਤ ਕੌਰ ਵਾਸੀ ਨਵਾਂ ਪਿੰਡ ਮਿਲਖੀਵਾਲ ਬਟਾਲਾ ਨੇ ਆਪਣੇ ਵਿਆਹ ਦੀ 9ਵੀਂ ਵਰ੍ਹੇਗੰਢ ਮਨਾਈ।



ਰਾਜਬੀਰ ਸਿੰਘ ਪੱਖੋਕੇ ਤੇ ਦਲਜਿੰਦਰ ਕੌਰ ਪੱਖੋਕੇ ਨੇ ਆਪਣੇ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ।



ਹਰਜਾਪ ਸਿੰਘ ਮੰਡੇਰ ਅਤੇ ਦਰਸ਼ਨ ਕੌਰ ਵਾਸੀ ਚੱਕਰਾਮੂ ਨੇ ਆਪਣੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ।

(ਫੋਟੋ ਤੇ ਵੇਰਵਾ- ਅਵਤਾਰ ਕਲੇਰੀ, ਬਹਿਰਾਮ)

## ਚੌਧਰੀ ਸਵਰਨਾ ਰਾਮ ਨਮਿੱਤ ਅੰਤਮ ਅਰਦਾਸ 9 ਨੂੰ



**ਬਹਿਰਾਮ (ਅਵਤਾਰ ਕਲੇਰ)** ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ ਦੇ ਪਿਤਾ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਚੌਧਰੀ ਸਵਰਨਾ ਰਾਮ, ਸਾਬਕਾ ਕੈਬਨਿਟ ਮੰਤਰੀ ਪੰਜਾਬ ਜੋ ਬੀਤੇ ਦਿਨੀਂ ਆਪਣੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਗੁਰੂ ਚਰਨਾਂ 'ਚ ਜਾ ਬਰਾਜੇ ਹਨ। ਉਹਨਾਂ ਦੀ ਮੌਤ 'ਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਚੌਧਰੀ ਮੋਹਣ ਲਾਲ ਨੇ ਦੱਸਿਆ ਕਿ ਚੌਧਰੀ ਸਵਰਨਾ ਰਾਮ ਦੀ ਆਤਮਿਕ ਸ਼ਾਂਤੀ ਲਈ 9 ਅਪ੍ਰੈਲ ਦਿਨ ਐਤਵਾਰ ਨੂੰ ਗੁਰਦੁਆਰਾ ਸੁਖਚੈਨ ਸਾਹਿਬ ਫਗਵਾੜਾ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਕੀਤੀ ਜਾਵੇਗੀ। ਭਾਜਪਾ ਦੇ ਕੇਂਦਰੀ ਅਤੇ ਸੂਬਾਈ ਆਗੂ ਸ਼ਰਧਾਂਜਲੀਆਂ ਭੇਟ ਕਰਨਗੇ ।

## ਸਰਕਾਰੀ ਹਸਪਤਾਲ ਮੋਰਿੰਡਾ 'ਚ ਪ੍ਰਬੰਧਾਂ ਦੀ ਘਾਟ ਜਿਉਂ ਦੀ ਤਿਉਂ- ਲੋਕ ਪ੍ਰੇਸ਼ਾਨ

**ਮੋਰਿੰਡਾ ( ਜੈਜੀ ਸਰਦਾਰ )**=ਪ੍ਰਬੰਧਾਂ ਦੀ ਘਾਟ ਕਾਰਨ ਰੈਫਰਲ ਹਸਪਤਾਲ ਦੇ ਨਾਂਅ 'ਤੇ ਪ੍ਰਸਿੱਧ ਸਰਕਾਰੀ ਹਸਪਤਾਲ ਮੋਰਿੰਡਾ ਦੀ ਸਥਿਤੀ ਜਿਉਂ ਦੀ ਤਿਉਂ ਹੀ ਬਣੀ ਹੋਈ ਹੈ। ਭਾਵੇਂ ਮੌਜੂਦਾ ਆਪ ਸਰਕਾਰ ਦੇ ਸਾਬਕਾ ਸਿਹਤ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਅਤੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਮਗਰਲੇ ਸਮੇਂ ਦੌਰਾਨ ਇੱਥੇ ਕਈ ਵਾਰ ਅਚਨਚੇਤ ਜਾਂਚ ਕੀਤੀ ਗਈ ਪ੍ਰੰਤੂ ਹਸਪਤਾਲ ਦੇ ਪ੍ਰਬੰਧਾਂ ਵਿੱਚ ਕੋਈ ਸੁਧਾਰ ਹੋਇਆ ਅਤੇ ਨਾ ਹੀ ਆਮ ਜਨਤਾ ਨੂੰ ਇਸਦਾ ਕੋਈ ਲਾਭ ਹੋਇਆ। ਜਦੋਂ ਵੀ ਕੋਈ ਮਰੀਜ ਹਸਪਤਾਲ ਵਿੱਚ ਨਿੱਕੇ ਮੋਟੇ ਇਲਾਜ ਲਈ ਜਾਂਦਾ ਹੈ ਮਰੀਜ ਨਾਲ ਸਟਾਫ ਦੀ ਬੋਲਚਾਲ ਅਤੇ ਵਤੀਰਾ ਬਹੁਤ ਨਿੰਦਣਯੋਗ ਹੁੰਦਾ ਹੈ, ਇੱਥੋਂ ਤੱਕ ਡਾਕਟਰਾਂ ਵੱਲੋਂ ਦੱਸੇ ਕੁੱਝ ਆਮ ਜਿਹੇ ਟੈੱਸਟ ਕਰਵਾਉਣ ਲਈ ਮਰੀਜਾਂ ਨੂੰ ਹਸਪਤਾਲ ਦੀ ਲੈਬੋਰਟਰੀ ਦੇ ਕਈ ਕਈ ਦਿਨ ਚੱਕਰ ਲਗਾਉਣੇ ਪੈਂਦੇ ਹਨ। ਲੈਬੋਰਟਰੀ ' ਚਮੌਜੂਦ ਸਟਾਫ ਵੱਲੋਂ ਜਾਂ ਤਾਂ ਬਿਜਲੀ ਨਾ ਹੋਣ ਕਾਰਨ ਟੈੱਸਟ ਨਾ ਹੋ ਸਕਣ ਦਾ ਬਹਾਨਾ ਬਣਾਇਆ ਜਾਂਦਾ ਹੈ ਜਾਂ ਕਿਸੇ ਹੋਰ ਬਹਾਨੇ ਨਾਲ ਬਣਾ ਕੇ ਟਾਲ-ਮਟੋਲ ਕੀਤੀ ਜਾਂਦੀ ਹੈ, ਜਿਸ ਨਾਲ ਦਿਹਾੜੀ ਜੋਤਾ ਛੱਡ ਕੇ ਦੂਰ ਦੁਰਾਡੇ ਦੇ ਪਿੰਡਾਂ ਤੋਂ ਆਉਣ ਵਾਲੇ ਮਰੀਜ ਵੀ ਕਾਫੀ ਪ੍ਰੇਸ਼ਾਨ ਹੁੰਦੇ ਹਨ। ਜਾਣਕਾਰੀ ਮੁਤਾਬਿਕ ਪਿੱਛਲੇ ਦਿਨੀ ਕਲਾਸ ਇੰਡੀਆ ਕੰਪਨੀ ਵੱਲੋਂ ਸਰਕਾਰੀ ਹਸਪਤਾਲ ਮੋਰਿੰਡਾ ਵਿੱਚ ਲੋੜੀਂਦੇ ਬਿਜਲੀ ਪ੍ਰਬੰਧਾਂ ਦੀ ਪੂਰਤੀ ਲਈ ਇੱਕ ਵੱਡਾ ਜੈਨਰੇਟਰ ਸੈੱਟ ਭੇਂਟ ਕੀਤਾ ਗਿਆ ਸੀ, ਜਿਸ ਦਾ ਉਦਘਾਟਨ ਮੌਜੂਦਾ ਵਿਧਾਇਕ ਵੱਲੋਂ ਕੀਤਾ ਗਿਆ ਸੀ, ਪ੍ਰੰਤੂ ਹੁਣ ਤੇਲ ਤੋਂ ਵਾਂਝਾ ਇਹ ਜੈਨਰੇਟਰ ਸੈੱਟ ਹਸਪਤਾਲ ਵਿੱਚ ਸਿਰਫ ਚਿੱਟਾ ਹਾਥੀ ਬਣ ਕੇ ਰਹਿ ਗਿਆ ਹੈ।

ਅੱਜ ਵੀ ਇਲਾਕਾ ਨਿਵਾਸੀ ਸਰਕਾਰੀ ਹਸਪਤਾਲ ਮੋਰਿੰਡਾ ਵਿੱਚ ਮੁੱਢਲੀਆਂ ਸਿਹਤ ਸਹੂਲਤਾਂ ਲਈ ਪਹਿਲਾਂ ਵਾਂਗ ਹੀ ਧੱਕੇ ਖਾ ਰਹੇ ਹਨ। ਸ਼ਹਿਰ ਤੇ ਇਲਾਕਾ ਨਿਵਾਸੀਆਂ ਨੇ ਸਿਹਤ ਮੰਤਰੀ ਪੰਜਾਬ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਅਪੀਲ ਕੀਤੀ ਹੈ ਕਿ ਸਰਕਾਰੀ ਹਸਪਤਾਲ ਮੋਰਿੰਡਾ ਵਿੱਚ ਢੁੱਕਵੇਂ ਡਾਕਟਰੀ ਪ੍ਰਬੰਧ ਕੀਤੇ ਜਾਣ, ਲੋੜੀਂਦੇ ਮਾਹਿਰ ਡਾਕਟਰਾਂ ਅਤੇ ਸਟਾਫ ਦੀ ਤੈਨਾਤੀ ਕੀਤੀ ਜਾਵੇ, ਤਾਂ ਜੋ ਅਸਲ ਵਿੱਚ ਲੋਕ ਰੋਜ਼ਾਨਾ ਹੋ ਰਹੀ ਖੱਜਲ ਖੁਆਰੀ ਤੋਂ ਨਿਜਾਤ ਪਾ ਕੇ ਮੁੱਢਲੀਆਂ ਸਿਹਤ ਸਹੂਲਤਾਂ ਦਾ ਲਾਭ ਲੈ ਸਕਣ।

## ਸਕੂਲੀ ਵਿਦਿਆਰਥੀਆਂ ਨੂੰ ਵੰਡੀ ਸਟੇਸ਼ਨਰੀ ਤੇ ਦੱਸਿਆ ਵਿਦਿਆ ਦਾ ਮਹੱਤਵ



**ਫਗਵਾੜਾ ( ਡਾ. ਰਮਨ, ਢੱਡਾ, ਇੰਦਰਜੀਤ ਸਿੰਘ ਮਠਾੜੂ, ਰਘਵੀਰ ਸਿੰਘ )** ਇੰਟਰਨੈਸ਼ਨਲ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਰਜਿ. ਫਗਵਾੜਾ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਰਾਮਗੜ੍ਹ (ਢੱਕ ਜਗਪਾਲਪੁਰ) ਵਿਖੇ ਨਵੇਂ ਵਿਦਿਅਕ ਸੈਸ਼ਨ ਦੀ ਅਰੰਭਤਾ ਮੌਕੇ ਹਰ ਸਾਲ ਦੀ ਤਰ੍ਹਾਂ ਵਿਦਿਆਰਥੀਆਂ ਨੂੰ ਸਟੇਸ਼ਨਰੀ ਦੀ ਵੰਡ ਕੀਤੀ ਗਈ। ਸੁਸਾਇਟੀ ਦੇ ਪ੍ਰਧਾਨ ਰੀਤ ਪ੍ਰੀਤ ਪਾਲ ਸਿੰਘ ਨੇ ਦੱਸਿਆ ਕਿ ਇਹ ਉਪਰਾਲਾ ਐਨ.ਆਰ.ਆਈ. ਜਰਨੈਲ ਸਿੰਘ ਵਲੋਂ ਆਪਣੇ ਦਾਦਾ ਸਵ. ਜਸਬੀਰ ਸਿੰਘ ਅਤੇ ਦਾਦੀ ਸਵ. ਜੋਗਿੰਦਰ ਕੌਰ ਦੀ ਯਾਦ ਵਿਚ ਕੀਤਾ ਹੈ। ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਮੌਜੂਦ ਰਹੇ ਐਨ.ਆਰ.ਆਈ. ਜਰਨੈਲ ਸਿੰਘ ਨੇ ਵਿਦਿਆਰਥੀਆਂ ਨੂੰ ਖਾਣ-ਪੀਣ ਦੀਆਂ ਵਸਤਾਂ ਭੇਂਟ ਕੀਤੀਆਂ ਅਤੇ ਪੜ੍ਹਾਈ ਦਾ ਮਹੱਤਵ ਦੱਸਦਿਆਂ ਕਿਹਾ ਕਿ ਵਿਦਿਆ ਇਕ ਅਜਿਹਾ ਧੰਨ ਹੈ ਜਿਸ ਨੂੰ ਕੋਈ ਖੋਹ ਨਹੀਂ ਸਕਦਾ ਅਤੇ ਇਸ ਨੂੰ ਜਿੰਨਾ ਵੰਡਿਆ ਜਾਵੇ ਉਨਾਂ ਹੀ ਵੱਧਦਾ ਹੈ। ਜੀਵਨ ਵਿਚ ਸਫਲ ਅਤੇ ਜਿੰਮੇਵਾਰ ਨਾਗਰਿਕ ਬਣਨ ਲਈ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਦੌਰਾਨ ਸਕੂਲ ਇੰਚਾਰਜ ਰਾਕੇਸ਼ ਕੁਮਾਰੀ ਨੂੰ ਵੀ ਸੁਸਾਇਟੀ ਵਲੋਂ ਲੋਈ ਪਹਿਨਾ ਕੇ ਸਨਮਾਨਤ ਕੀਤਾ ਗਿਆ। ਮੈਡਮ ਰਾਕੇਸ਼ ਕੁਮਾਰੀ ਨੇ ਸੁਸਾਇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸਮੂਹ ਪਤਵੰਤਿਆਂ ਦਾ ਸਕੂਲ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਅਮੋਲਕ ਸਿੰਘ, ਦਲਵਿੰਦਰ ਸਿੰਘ, ਗੁਰਸ਼ਿੰਦਰ ਕੌਰ, ਆਂਗਨਬਾੜੀ ਵਰਕਰ ਸਰਬਜੀਤ ਕੌਰ, ਸੁਖਵਿੰਦਰ ਕੌਰ ਕੁੱਕ, ਮਨਜੀਤ ਕੌਰ ਸਹਾਇਕ ਆਦਿ ਹਾਜਰ ਸਨ।

## ਹੈਰਾਨੀਜਨਕ ਹੋਵੇਗਾ ਜ਼ਿਮਨੀ ਚੋਣ ਦਾ ਨਤੀਜਾ



**ਸੀਚੇਵਾਲ (ਸੰਤੋਖ ਸਿੰਘ ਪੰਨੂ)** ਦੁਨੀਆ ਭਰ ਵਿੱਚ ਮਸ਼ਹੂਰ ਵਾਤਾਵਰਣ ਪ੍ਰੇਮੀ ਪਦਮ ਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਆਮ ਆਦਮੀ ਪਾਰਟੀ ਨੇ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ ਹੈ। ਬਾਬਾ ਜੀ ਦੇ ਲੋਕ ਸਭਾ ਮੈਂਬਰ ਬਣਨ ਤੋਂ ਬਾਅਦ ਇਹ ਪਹਿਲੀ ਚੋਣ ਹੈ। ਸੰਤ ਬਲਬੀਰ ਸਿੰਘ ਨੇ ਇਸ ਇਲਾਕੇ ਵਿੱਚ ਬਹੁਤ ਸਾਰੀਆਂ ਸੜਕਾਂ ਬਣਵਾਈਆਂ ਤੇ ਪਿੰਡਾਂ ਵਿੱਚ ਸੀਵਰੇਜ਼ ਪੁਵਾਏ ਹਨ। ਐਨ.ਆਰ.ਆਈ. ਬੈਲਟ ਜਲੰਧਰ ਦੀ ਲੋਕ ਸਭਾ ਸੀਟ ਤੇ ਬਾਬਾ ਜੀ ਦਾ ਐਨ.ਆਰ.ਆਈ. ਵੀਰਾਂ ਵਿੱਚ ਵੀ ਚੰਗਾ ਅਸਰ ਰਸੂਖ ਹੈ। ਹੁਣ ਤੱਕ ਤਾਂ ਸਾਰੀਆਂ ਰਾਜਨੀਤਿਕ ਧਿਰਾਂ ਚੋਣਾਂ ਵੇਲੇ ਬਾਬਾ ਤੋਂ ਅਸ਼ੀਰਵਾਦ ਲੈਣ ਲਈ ਨਿਰਮਲ ਕੁਟੀਆ ਸੀਚੇਵਾਲ ਪਹੁੰਚਦੀਆਂ ਰਹੀਆਂ ਹਨ, ਇਸ ਵਾਰ ਦੂਸਰੀਆਂ ਰਾਜਨੀਤਿਕ ਪਾਰਟੀਆਂ ਕੀ ਨੀਤੀ ਅਪਨਾਉਂਦੀਆਂ ਹਨ,ਥੋੜੇ ਦਿਨਾਂ ਤੱਕ ਸ਼ਪਸ਼ਟ ਹੋ ਜਾਵੇਗਾ। ਬਾਬਾ ਜੀ ਵੋਟਰਾਂ ਨੂੰ ਕਿਸ ਢੰਗ ਨਾਲ ਆਪ ਆਦਮੀ ਪਾਰਟੀ ਦੇ ਉਮੀਦਵਾਰ ਦੇ ਹੱਕ ਭੁਗਤਣ ਲਈ ਪ੍ਰੇਰਦੇ ਹਨ ਇਹ ਵੀ ਬਹੁਤ ਮਹੱਤਵਪੂਰਨ ਹੋਵੇਗਾ। ਆਪ ਲੋਕਾਂ ਦਾ ਇਹ ਮੰਨਣਾ ਹੈ ਕਿ ਇਸ ਵਾਰ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੇ ਨਤੀਜੇ ਹੈਰਾਨੀਜਨਕ ਹੋ ਸਕਦੇ ਹਨ।

## ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਨਵੇਂ ਸੈਸ਼ਨ ਦਾ ਆਗਾਜ਼



**ਕਪੂਰਥਲਾ, ( ਹਨੀ )** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤਾ ਗਿਆ । ਇਸ ਦੌਰਾਨ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਤੋਂ ਇਲਾਵਾ ਬੱਚਿਆਂ ਦੇ ਮਾਪੇ ਵੀ ਹਾਜਰ ਸਨ । ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਅਤੇ ਸਕੱਤਰ ਪਰਮਿੰਦਰ ਕੌਰ ਉਚੇਚੇ ਤੌਰ 'ਤੇ ਸਮਾਗਮ ਵਿਚ ਸ਼ਾਮਲ ਹੋਏ । ਇਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਸ਼ਬਦ ਗਾਇਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ । ਇਸ ਦੌਰਾਨ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਅਤੇ ਅਦਾਰੇ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ ਗਈ । ਪ੍ਰਿੰਸੀਪਲ ਕੰਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਨਵੇਂ ਵਿਦਿਅਕ ਸੈਸ਼ਨ ਦੀ ਵਧਾਈ ਦਿੰਦਿਆਂ ਪਹੁੰਚੇ ਮਾਪਿਆਂ ਦਾ ਧੰਨਵਾਦ ਕੀਤਾ । ਇਸ ਦੌਰਾਨ ਅਤੁੱਟ ਲੰਗਰ ਵੀ ਵਰਤਾਇਆ ਗਿਆ ।

## ਸੋਸ਼ਲ ਮੀਡੀਆ 'ਤੇ ਭੱਦੀ ਸ਼ਬਦਾਵਲੀ ਬੋਲਣ ਵਿਰੁੱਧ ਪਰਚਾ ਦਰਜ

**ਨਵਾਂਸ਼ਹਿਰ ( ਮਨੋਜ ਲਾਡੀ )** — ਇਕ ਔਰਤ ਵੱਲੋਂ ਪੁਲਸ ਨੂੰ ਦਿੱਤੀ ਦਰਖਾਸਤ ਦੇ ਆਧਾਰ 'ਤੇ ਇਕ ਵਿਅਕਤੀ ਦੇ ਖਿਲਾਫ ਥਾਣਾ ਔੜ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਨੇਹਾ ਪਤਨੀ ਅਮਰਜੀਤ ਵਾਸੀ ਪਿੰਡ ਗੜ੍ਹੀ ਅਜੀਤ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਕਿ ਦਵਿੰਦਰ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਢੱਕ ਪੰਡੋਰੀ ਥਾਣਾ ਸਦਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਸੋਸ਼ਲ ਮੀਡੀਆ 'ਤੇ ਗਲਤ ਆਈ. ਡੀ.ਬਣਾ ਕੇ ਉਸ ਨੂੰ ਭੱਦੀ ਸ਼ਬਦਾਵਲੀ ਅਤੇ ਗਲਤ ਤਸਵੀਰਾਂ ਭੇਜਦਾ ਹੈ ! ਜਿਸ ਨਾਲ ਸਮਾਜ ਵਿਚ ਉਸਦੀ ਬਦਨਾਮੀ ਹੋਈ ਹੈ! ਸ਼ਿਕਾਇਤ ਦੀ ਪੜਤਾਲ ਪੁਲਸ ਦੇ ਉੱਚ ਅਧਿਕਾਰੀਆਂ ਵਲੋਂ ਕੀਤੀ ਗਈ ! ਪੜਤਾਲ ਰਿਪੋਰਟ ਮੁਤਾਬਿਕ ਦੋਸ਼ੀ ਪਏ ਗਏ ਮੁਲਜਮ ਦਵਿੰਦਰ ਕੁਮਾਰ ਦੇ ਖਿਲਾਫ ਪੁਲਸ ਵਲੋਂ ਮਾਮਲਾ ਦਰਜ ਕਰਕੇ ਮੁੱਢਲੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ । ਤਫਤੀਸ਼ੀ ਅਫਸਰ ਇੰਸਪੈਕਟਰ ਸਤੀਸ਼ ਕੁਮਾਰ ਨੇ ਦੱਸਿਆ ਕਿ ਮੁਲਜਮ ਦੀ ਗ੍ਰਿਫਤਰੀ ਹਾਲੇ ਬਾਕੀ ਹੈ।

# 'ਇੱਕ ਸੁਨਹਿਰੀ ਸ਼ਾਮ, ਸ਼ਿਵ ਕੁਮਾਰ ਬਟਾਲਵੀ ਦੇ ਨਾਮ' -ਯਾਦਗਾਰੀ ਹੋ ਨਿਬੜਿਆ ਸਮਾਗਮ



**ਫਿਲੌਰ (ਨਿਰਮਲ)**-ਸਾਊਥਾਲ ਦੇ ਮੇਲ ਗੇਲ ਹਾਲ, ਖਾਲਸਾ ਸਕੂਲ ਵਿੱਚ ਸਿਵ ਕੁਮਾਰ ਬਟਾਲਵੀ ਔਰਗਨਾਈਜੇਸ਼ਨ, ਯੂ.ਕੇ. ਵੱਲੋਂ 'ਇੱਕ ਸੁਨਹਿਰੀ ਸ਼ਾਮ, ਸ਼ਿਵ ਕੁਮਾਰ ਬਟਾਲਵੀ ਦੇ ਨਾਮ' ਹੇਠ ਸ਼ਿਵ ਕੁਮਾਰ ਬਟਾਲਵੀ ਦੀ ਪੰਜਵੀਂ ਬਰਸੀ ਮਨਾਈ ਗਈ। ਯਾਦ ਰਹੇ ਕਿ ਇਹ 28ਵੀਂ ਬਰਸੀ ਸੀ। ਤਲਵਿੰਦਰ ਸਿੰਘ ਢਿੱਲੋਂ, ਚੇਅਰਮੈਨ, ਸ਼ਿਵ ਕੁਮਾਰ ਬਟਾਲਵੀ ਔਰਗਨਾਈਜੇਸ਼ਨ, ਯੂ.ਕੇ. ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇਹ ਸਮਾਗਮ ਹਰੇਕ ਸਾਲ ਕਰਵਾਇਆ ਜਾਂਦਾ ਹੈ ਅਤੇ ਖਾਸ ਖੇਤਰਾਂ ਵਿੱਚ ਵਧੀਆ ਕੰਮ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਸਮਾਗਮ ਵਿੱਚ ਈਲਿੰਗ ਕੌਂਸਲ ਦੇ ਮੇਅਰ ਮਹਿੰਦਰ ਕੌਰ ਮਿੱਢਾ ਅਤੇ ਉਨ੍ਹਾਂ ਦੇ ਜੀਵਨ ਸਾਥੀ ਮਿ. ਮਿੱਢਾ, ਲੰਡਨ ਪਾਰਲੀਮੈਂਟ ਤੋਂ ਵਰਿੰਦਰ ਸ਼ਰਮਾ ਅਤੇ ਬਰਕਲੇ ਬੈਂਕ ਤੋਂ ਗੁਰਪ੍ਰੀਤ ਕੌਰ ਮੁੱਖ ਮਹਿਮਾਨ ਵਜੋਂ ਪਹੁੰਚੇ। ਮਿਸਿਜ ਮਿੱਢਾ ਨੇ ਇਸ ਸਮਾਗਮ ਦੀ ਸ਼ਲਾਘਾ ਕੀਤੀ ਅਤੇ ਹਰ ਇੱਕ ਨੂੰ ਜ਼ਿੰਦਗੀ ਵਿੱਚ ਕੁਝ ਨਾ ਕੁਝ ਵਧੀਆ ਕਾਰਜ ਕਰਨ ਲਈ ਹੱਲਾਸ਼ੇਰੀ ਦਿੱਤੀ। ਵੀਰਾਂ ਨੂੰ ਆਪਣੀਆਂ ਤਰੱਕੀ ਕਰ ਰਹੀਆਂ ਬੇਟੀਆਂ, ਮਾਵਾਂ, ਭੈਣਾਂ ਅਤੇ ਪਤਨੀਆਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਨ ਲਈ ਪ੍ਰੇਰਿਆ। ਇਸ ਮੌਕੇ ਪ੍ਰੋ. ਡਾ. ਜਸਮੀਰਪਾਲ ਕੌਰ ਪੰਜਾਬ ਤੋਂ ਖਾਸ ਸੱਦੇ 'ਤੇ ਪਹੁੰਚੇ। ਜਿਨ੍ਹਾਂ ਨੂੰ ਸੰਸਥਾ ਵੱਲੋਂ ਇਨ੍ਹਾਂ ਦੀਆਂ ਕਈ ਭਾਸ਼ਾਵਾਂ ਵਿੱਚ ਪ੍ਰਾਪਤੀਆਂ ਕਰਕੇ 'ਸ਼ਿਵ ਕੁਮਾਰ ਬਟਾਲਵੀ ਅਵਾਰਡ' ਨਾਲ ਨਿਵਾਜਿਆ ਗਿਆ। ਪੰਜਾਬੀ ਕਵਿੱਤਰੀਆਂ ਦਲਵੀਰ ਕੌਰ ਅਤੇ ਗੁਰਮੇਲ ਕੌਰ ਸੰਘਾ ਨੇ ਵੀ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਦਲਵੀਰ ਕੌਰ ਦਾ ਕਾਵਿ ਸੰਗ੍ਰਿਹ 'ਚਿਤਵਣੀ' ਰਿਲੀਜ਼ ਕੀਤਾ ਗਿਆ। ਗੁਰਮੇਲ ਕੌਰ ਸੰਘਾ ਨੇ ਆਪਣਾ ਲਿਖਿਆ ਅਤੇ ਗਾ ਕੇ ਰਿਕਾਰਡ ਕਰਵਾਇਆ ਗੀਤ 'ਮਾਵਾਂ ਯਾਦ ਆਉਂਦੀਆਂ' ਗਾ ਕੇ ਆਪਣੀ ਹਾਜਰੀ ਲਵਾਈ। ਗਾਇਕਾਂ ਅਤੇ ਗਾਇਕਾਵਾਂ ਵਿੱਚ ਕੁਲਵਿੰਦਰ ਕਿੰਦਾ ਨੇ ਆਪਣੀ ਸੁਰੀਲੀ ਗਾਇਕੀ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਦੇ ਨਾਲ ਹੀ ਰਵੀ ਮਹਿਰਾ,ਮਨੀ ਕਮਲ, ਜਸ ਨੂਰ, ਮਹਿਕ ਜਮਾਲ, ਪ੍ਰੇਮ ਚਮਕੀਲਾ, ਦੀਪ ਹਰਦੀਪ ਅਤੇ ਸੈਮੀ ਪ੍ਰੀਆ ਨੇ ਆਪਣੇ ਆਪਣੇ ਗੀਤ ਗਾ ਕੇ ਹਾਜਰੀ ਭਰੀ ਅਤੇ ਸਨਮਾਨ ਪ੍ਰਪਤ ਕੀਤਾ। ਇਸ ਸਮਾਗਮ ਵਿੱਚ ਕੁਲਵਿੰਦਰ ਪੌਲ-ਕੂਲ ਕੇਕ ਵੀ ਪਹੁੰਚੇ ਜਿਨ੍ਹਾਂ ਨੇ ਵਧੀਆ ਅਤੇ ਸਵਾਦਿਸ਼ਟ ਕੇਕ ਮਹਿਮਾਨਾਂ ਵਾਸਤੇ ਲਿਆਂਦਾ। ਸਭ ਨੇ ਕੇਕ ਖਾਧਾ ਅਤੇ ਸਲਾਹਿਆ। ਇੰਦਰਜੀਤ ਸਿੰਘ ਲੰਡਨ ਅਤੇ ਹੀਰਾ ਸਿੰਘ ਵੀ ਖਾਸ ਤੌਰ 'ਤੇ ਪਹੁੰਚੇ। ਇਨ੍ਹਾਂ ਤੋਂ ਇਲਾਵਾ ਸ਼ਰਨਜੀਤ ਸਿੰਘ ਮਰੋਕ, ਲੱਕੀ, ਜੋਗਾ ਸੁੰਘ, ਪਨੇਸਰ, ਅਵਤਾਰ ਭੋਗਲ, ਕੇਸਰ ਸਿੰਘ ਧਾਲੀਵਾਲ, ਧੰਨ ਜੇ ਕੰਨਸਟ੍ਰੱਕਸਨ, ਬਿੰਦੂ ਭਾਜੀ, ਚੰਨਪ੍ਰੀਤ ਸਿੰਘ , ਰਵੀ ਬੋਲੀਨਾ ਫੋਟੋਗਰਾਫਰ, ਮਲਕੀਤ ਸਿੰਘ ,ਦਲੀਪ ਭਾਜੀ-ਮੋਤੀ ਮਹਿਲ, ਸੁਰਿੰਦਰ ਸਿੰਘ ਸੋਹਲ, ਪੀ. ਐਸ. ਸੰਘਾ, ਰਾਜਾ ਢੋਲੀ ਅਤੇ ਪ੍ਰਭਪ੍ਰੀਤ ਸਿੰਘ ਆਦਿ ਨਾਂਅ ਵਰਨਣਯੋਗ ਹਨ। ਸਟੇਜ ਦੀ ਸੇਵਾ ਤਲਵਿੰਦਰ ਸਿੰਘ ਢਿੱਲੋਂ ਵੱਲੋਂ ਬਾਖੂਬੀ ਨਿਭਾਈ ਗਈ ਅਤੇ ਆਪਣੀ ਸ਼ਾਇਰੀ ਅਤੇ ਸ਼ੁਗਲ ਵਾਲੀਆਂ ਗੱਲਾਂਬਾਤਾਂ ਨਾਲ ਦਰਸ਼ਕਾਂ ਦਾ ਦਿਲ ਲਾਈ ਰੱਖਿਆ। ਲੰਗਰ ਵੀ ਅਤੁੱਟ ਵਰਤਿਆ।



**ਗੁਰੂ ਗੋਬਿੰਦ ਸਿੰਘ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਰਾਹਲੀ ਕਲਾਂ ਵਿੱਚ ਪੜ੍ਹਦੀ ਖੇਤ ਮਜ਼ਦੂਰ ਪਰਵਾਰ ਦੀ ਬੱਚੀ ਮਨਸੀਰਤ ਪੁੱਤਰੀ ਗੌਰਵਜੀਤ ਸਿੰਘ ਤੇ ਨਾਨਕੀ 99.7 ਫੀਸਦੀ ਅੰਕ ਲੈ ਕੇ ਪਾਸ ਹੋਈ ਹੈ। 400 ਅੰਕ ਵਿੱਚੋਂ 399 ਅੰਕ ਪ੍ਰਾਪਤ ਕਰਨ ਵਾਲੀ ਮਨਸੀਰਤ ਬੜੀ ਹੀ ਤੇਜ਼ ਬੁੱਧੀ ਵਾਲੀ ਹੈ। (ਫੋਟੋ ਤੇ ਵੇਰਵਾ-ਗਿਆਨ ਸੈਦਪੁਰੀ, ਸ਼ਾਹਕੋਟ)**